
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ
# ਦੇਸ਼ ਦੁਆਬਾ
VOL - 8 ISSUE - 7
May 29, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਚੋਣ ਨਤੀਜਿਆਂ ਨੇ ਪੂਰੀ ਤਰ੍ਹਾਂ ਬਦਲ ਦਿੱਤੀ ਹੈ ਭਾਰਤ ਦੀ ਰਾਜਨੀਤੀ

## ਭਾਜਪਾ ਦੀ ਜਿੱਤ ਦੇ ਅਸਲੀ ਕਾਰਨਾਂ ਦੀ ਪੜਚੋਲ ਕਰਨ ਦੀ ਬਜਾਏ ਵਿਰੋਧੀ ਪਾਰਟੀਆਂ ਅਸਤੀਫਿਆਂ ਦੇ ਰਾਹ ਪਈਆਂ

**ਭਾਰਤ ਵਿਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐਨ. ਡੀ. ਏ. ਨੂੰ ਦੋ-ਤਿਹਾਈ ਦੇ ਕਰੀਬ ਬਹੁਮਤ ਮਿਲਣ ਤੋਂ ਬਾਅਦ ਭਾਰਤੀ ਰਾਜਨੀਤੀ ਪੂਰੀ ਤਰ੍ਹਾਂ ਬਦਲ ਗਈ ਹੈ। ਇਕ ਪਾਸੇ ਭਾਜਪਾ ਅਤੇ ਇਸ ਦੇ ਸਹਿਯੋਗੀ ਦਲ ਇਸ ਜਿੱਤ ਤੋਂ ਉਤਸ਼ਾਹਿਤ ਹਨ ਪਰ ਦੂਜੇ ਪਾਸੇ ਵਿਰੋਧੀ ਪਾਰਟੀਆਂ ਆਤਮ-ਮੰਥਨ ਕਰਨ ਦੀ ਬਜਾਏ ਅਸਤੀਫੇ ਦੇ ਕੇ ਨਿਰਾਸ਼ਾ ਦਾ ਪ੍ਰਗਟਾਵਾ ਕਰ ਰਹੇ ਹਨ**

## ਰਾਹੁਲ ਦੇ ਅਸਤੀਫ਼ੇ ਨੇ ਕਾਂਗਰਸ ਵਿਚ ਬੇਚੈਨੀ ਵਧਾਈ

**ਨਵੀਂ ਦਿੱਲੀ (ਬਿਊਰੋ)-** ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰੀ ਕਾਂਗਰਸ ਪਾਰਟੀ ਵਿੱਚ ਬੇਚੈਨੀ ਹੈ। ਇੱਕ ਪਾਸੇ ਰਾਹੁਲ ਗਾਂਧੀ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ



'ਤੇ ਅੜੇ ਹੋਏ ਹਨ ਅਤੇ ਦੂਜੇ ਪਾਸੇ ਪਾਰਟੀ ਦੀਆਂ ਰਾਜਸਥਾਨ ਅਤੇ ਕਰਨਾਟਕ ਵਿੱਚ ਸੂਬਾ ਸਰਕਾਰਾਂ ਬਾਰੇ ਅਨਿਸ਼ਸਚਤਤਾ ਬਣੀ ਹੋਈ ਹੈ। ਹਾਰ ਮਗਰੋਂ ਪਾਰਟੀ ਵਿਚ ਫੈਲੀ ਬੇਚੈਨੀ ਦੌਰਾਨ ਪਾਰਟੀ ਦੇ ਕਈ ਸੂਬਾ ਪ੍ਰਧਾਨਾਂ, ਜਿਨ੍ਹਾਂ ਵਿੱਚ ਪੰਜਾਬ ਪ੍ਰਧਾਨ ਸੁਨੀਲ ਜਾਖੜ, ਝਾਰਖੰਡ ਤੋਂ ਅਜੈ ਕੁਮਾਰ ਅਤੇ ਅਸਾਮ ਤੋਂ ਰਿਪੁਨ ਬੋਰਾ ਸ਼ਾਮਲ ਹਨ, ਨੇ ਅਸਤੀਫ਼ੇ ਦੇਣ ਦੀ ਪੇਸ਼ਕਸ਼ ਕੀਤੀ ਹੈ। ਕਾਂਗਰਸ ਦੇ ਸੂਤਰਾਂ ਅਨੁਸਾਰ ਰਾਹੁਲ ਗਾਂਧੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ 'ਤੇ ਅੜੇ ਹੋਏ ਹਨ ਅਤੇ ਉਨ੍ਹਾਂ ਵਲੋਂ ਕਈ ਆਗੂਆਂ ਨੂੰ ਸੁਨੇਹਾ ਲਾ ਦਿੱਤਾ ਗਿਆ ਹੈ ਕਿ ਪਾਰਟੀ ਦੀ ਪ੍ਰਧਾਨਗੀ ਕਿਸੇ ਨਵੇਂ ਚਿਹਰੇ ਨੂੰ ਦਿੱਤੀ ਜਾਵੇ।

### ਮਨਾਉਣ ਅੱਗੇ ਆਈਆਂ ਸੋਨੀਆ-ਪ੍ਰਿਅੰਕਾ

ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਰਾਹੁਲ ਗਾਂਧੀ ਦੇ ਅਸਤੀਫ਼ੇ ਦੀ ਪੇਸ਼ਕਸ਼ ਨਾਲ ਪੈਦਾ ਹੋਇਆ ਸਿਆਸੀ ਸੰਕਟ ਪਾਰਟੀ ਵਿਚੋਂ ਖ਼ਤਮ ਨਹੀਂ ਹੋ ਰਿਹਾ। ਪਾਰਟੀ ਵਿਚ ਰਾਹੁਲ ਨੂੰ ਫ਼ੈਸਲਾ ਬਦਲਣ ਲਈ ਮਨਾਉਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਯੂਪੀਏ ਦੇ ਸਹਿਯੋਗੀ ਦਲਾਂ ਦੇ ਆਗੂ ਵੀ ਰਾਹੁਲ ਨੂੰ ਸਮਝਾਉਣ ਦਾ ਯਤਨ ਕਰ ਰਹੇ ਹਨ। ਮਨਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਪਿੱਛੋਂ ਵੀ ਅਸਤੀਫ਼ਾ ਦੇਣ ਦੀ ਜ਼ਿੱਦ 'ਤੇ ਅੜੇ ਰਾਹੁਲ ਨੂੰ ਸਮਝਾਉਣ ਲਈ ਪਾਰਟੀ ਆਗੂਆਂ ਨੇ ਹੁਣ ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਅੱਗੇ ਕੀਤਾ ਹੈ।

### ਕਾਂਗਰਸ ਦਾ ਸੰਕਟ

ਰਾਹੁਲ ਦੇ ਅਹੁਦਾ ਛੱਡਣ ਦੀ ਪੇਸ਼ਕਸ਼ ਨੇ ਲੋਕ ਸਭਾ ਚੋਣ ਦੀ ਹਾਰ ਤੋਂ ਪਰੇਸ਼ਾਨ ਹੋਈ ਕਾਂਗਰਸ ਦਾ ਸਿਆਸੀ ਸੰਕਟ ਹੋਰ ਡੂੰਘਾ ਕਰ ਦਿੱਤਾ ਹੈ। ਇਸ ਲਈ ਪਾਰਟੀ ਦੇ ਸਾਰੇ ਦਿੱਗਜ ਪ੍ਰਿਅੰਕਾ ਗਾਂਧੀ ਵਾਡਰਾ ਅਤੇ ਸੋਨੀਆ ਗਾਂਧੀ ਰਾਹੀਂ

## ਅੰਕ ਗਣਿਤ 'ਤੇ ਭਾਰੂ ਪਈ ਕੈਮਿਸਟਰੀ: ਮੋਦੀ

**ਵਾਰਾਨਸੀ (ਬਿਊਰੋ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਦੇਸ਼ ਭਰ ਵਿੱਚ ਹੋਈ ਜਿੱਤ ਨੇ ਇਸ 'ਗਲਤ ਧਾਰਨਾ' ਨੂੰ ਨਕਾਰ ਦਿੱਤਾ ਹੈ ਕਿ ਭਾਜਪਾ ਹਿੰਦੀ ਭਾਸ਼ਾਈ ਸੂਬਿਆਂ ਵਾਲੀ ਪਾਰਟੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਵਾਰ ਅੰਕ ਗਣਿਤ 'ਤੇ ਕੈਮਿਸਟਰੀ ਭਾਰੂ ਪਈ ਹੈ।



ਪ੍ਰਧਾਨ ਮੰਤਰੀ ਨੇ ਇੱਥੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ, "ਸਿਆਸੀ ਪੰਡਿਤਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੀ ਸੋਚ ਅਤੇ ਤਰਕ 20ਵੀਂ ਸਦੀ ਲਈ ਨਹੀਂ ਹਨ। ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਅੰਕੜਿਆਂ ਦੇ ਗਣਿਤ ਤੋਂ ਉੱਪਰ ਆਪਸੀ ਤਾਲਮੇਲ (ਕੈਮਿਸਟਰੀ) ਹੈ ਅਤੇ ਇਸ ਵਾਰ ਕੈਮਿਸਟਰੀ ਦੀ ਅੰਕ ਗਣਿਤ ਉੱਪਰ ਜਿੱਤ ਹੋਈ ਹੈ।" ਉਨ੍ਹਾਂ ਵਾਰਾਨਸੀ ਦੇ ਵੋਟਰਾਂ ਨੂੰ ਕਿਹਾ, "ਮੈਂ ਦੇਸ਼ ਲਈ ਪ੍ਰਧਾਨ ਮੰਤਰੀ ਹਾਂ, ਪਰ ਤੁਹਾਡੇ ਲਈ ਮੈਂ ਤੁਹਾਡਾ ਸੰਸਦ ਮੈਂਬਰ ਹਾਂ, ਮੈਂ ਤੁਹਾਡਾ ਸੇਵਕ ਹਾਂ," ਉਨ੍ਹਾਂ ਅੱਗੇ ਕਿਹਾ, "ਅਜਿਹਾ ਕੋਈ ਖੇਤਰ ਨਹੀਂ ਜਿੱਥੇ ਭਾਜਪਾ ਦੀ ਵੋਟ ਪ੍ਰਤੀਸ਼ਤਤਾ ਨਹੀਂ ਵਧੀ। ਸਾਡੀ ਅਸਾਮ ਵਿੱਚ ਸਰਕਾਰ ਹੈ, ਸਾਡੀ ਲੱਦਾਖ਼ ਵਿੱਚ ਜਿੱਤ ਹੋਈ ਹੈ ਫਿਰ ਵੀ ਸਿਆਸੀ ਪੰਡਿਤ ਕਹਿੰਦੇ ਹਨ ਕਿ ਸਾਡੀ ਹਿੰਦੀ ਭਾਸ਼ਾਈ ਸੂਬਿਆਂ ਵਾਲੀ ਪਾਰਟੀ ਹੈ, ਇਹ ਗਲਤ ਧਾਰਨਾ ਹੈ ਜੋ ਪੈਦਾ ਕੀਤੀ ਗਈ ਹੈ।" ਮੋਦੀ ਨੇ ਮੰਨਿਆ ਕਿ ਸਿਆਸਤ ਧਾਰਨਾਵਾਂ 'ਤੇ ਆਧਾਰਿਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਝੂਠ ਅਤੇ ਗਲਤ ਤਰਕ ਰਾਹੀਂ ਉਨ੍ਹਾਂ ਦੀ ਪਾਰਟੀ ਬਾਰੇ ਗਲਤ ਪ੍ਰਭਾਵ ਪੈਦਾ ਕੀਤਾ ਗਿਆ ਹੈ ਪਰ ਮਿਹਨਤ ਅਤੇ ਪਾਰਦਰਸ਼ਤਾ ਨਾਲ ਅਜਿਹੀਆਂ ਗਲਤ ਧਾਰਨਾਵਾਂ ਫੈਲਾਉਣ ਵਾਲੇ ਲੋਕਾਂ ਨੂੰ ਮਾਤ ਦਿੱਤੀ ਜਾ ਸਕਦੀ ਹੈ।

(ਵਿਸ਼ਲੇਸਣ ਦੇਖੋ ਸਫਾ 3 'ਤੇ)

## ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ
## ਪ੍ਰੇਮ ਸੋਢੀ ਬਣੇ ਨਵੇਂ ਚੇਅਰਮੈਨ, ਕਰਮ ਸਿੰਘ ਬੰਗੜ ਬਣੇ ਨਵੇਂ ਪ੍ਰਧਾਨ

(ਰਿਪੋਰਟ ਦੇਖੋ ਸਫਾ 12 'ਤੇ)





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga




RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਮੋਦੀ-ਭਾਜਪਾ ਜਿੱਤ: 'ਜਿੱਤ ਦਾ ਜਸ਼ਨ ਅਜਿਹਾ ਜੋ ਮੁੜ ਬੋਤਲ 'ਚ ਨਹੀ ਪੈਣਾ'







ਲੋਕਾਂ ਦੇ ਇਸ ਫਤਵੇ ਦੀ ਇੱਕੋ ਹੀ ਵਿਆਖਿਆ ਹੈ ਅਤੇ ਉਹ ਦੋ ਸ਼ਬਦ ਹਨ - ਨਰਿੰਦਰ ਮੋਦੀ। ਇਹ ਜਿੱਤ ਨਰਿੰਦਰ ਮੋਦੀ ਦੀ ਹੈ। ਲੋਕਾਂ ਦੀ ਜਿਸ ਤਰ੍ਹਾਂ ਦੀ ਆਸਥਾ ਉਨ੍ਹਾਂ ਵਿੱਚ ਉੱਭਰੀ ਹੈ, ਉਹ ਅਣਚਿਤਵੀ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਵਿਅਕਤੀ ਦਾ ਹਿੰਦੂ ਸਮਾਜ 'ਤੇ ਇੰਨਾ ਜ਼ੋਰਦਾਰ ਰੋਹਬ ਅਤੇ ਪਕੜ ਸਿਆਸੀ ਦ੍ਰਿਸ਼ਟੀ ਤੋਂ ਬਣ ਗਈ ਹੈ। ਅਜਿਹਾ ਨਾ ਜਵਾਹਰ ਲਾਲ ਨਹਿਰੂ ਦੇ ਜ਼ਮਾਨੇ 'ਚ ਸੀ ਅਤੇ ਨਾ ਹੀ ਇੰਦਰਾ ਗਾਂਧੀ ਜੇ ਜ਼ਮਾਨੇ 'ਚ।

ਜੇਕਰ ਇਸ ਨੂੰ ਵੱਡੇ ਸਮੀਕਰਨ 'ਚ ਦੇਖੀਏ ਤਾਂ ਲਗਭਗ 50 ਫੀਸਦ ਵੋਟ ਸ਼ੇਅਰ, ਸਾਰੀਆਂ ਸੰਸਥਾਵਾਂ ਭਾਜਪਾ ਦੇ ਹੱਥ ਵਿੱਚ ਹੋ ਜਾਣਗੀਆਂ। ਜੇਕਰ ਕਰਨਾਟਕ ਅਤੇ ਮੱਧ ਪ੍ਰਦੇਸ਼ ਦੀ ਸਰਕਾਰ ਡਿੱਗ ਗਈ ਤਾਂ ਰਾਜ ਸਭਾ ਦੀ ਗਿਣਤੀ 'ਚ ਬਦਲਾਅ ਹੋਵੇਗਾ। ਇਨ੍ਹਾਂ ਦੇ ਕੋਲ ਸਿਵਿਲ ਸੁਸਾਇਟੀ ਦਾ ਜੋ ਸੰਗਠਨ ਹੈ, ਆਰਐੱਸਐੱਸ ਅਤੇ ਜੋ ਸਾਰੀਆਂ ਦੂਜੀਆਂ ਸੰਸਥਾਵਾਂ ਹਨ, ਉਹ ਆਪਣੀ ਤਰ੍ਹਾਂ ਦੀ ਸੱਭਿਆਚਾਰਕ ਚੇਤਨਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਭਾਰਤ ਦੀ ਰਾਜਨੀਤੀ 'ਚ ਇਹ ਮੌਕਾ ਬਿਲਕੁਲ ਅਣਚਿਤਵਿਆ ਹੈ। ਹੁਣ ਜੇਕਰ ਇਹ ਪੁੱਛੀਏ ਕਿ ਅਜਿਹਾ ਕਿਉਂ ਹੋਇਆ ਤਾਂ ਇਸ ਦੇ ਕਈ ਕਾਰਨ ਦੱਸੇ ਜਾ ਸਕਦੇ ਹਨ। ਜਦੋਂ ਹਾਰ ਹੁੰਦੀ ਹੈ ਤਾਂ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਲਗਾਈਆਂ ਜਾ ਸਕਦੀਆਂ ਹਨ। ਇਹ ਜ਼ਰੂਰ ਹੈ ਵਿਰੋਧੀ ਧਿਰ ਕਮਜ਼ੋਰ ਸੀ, ਹਰ ਪਾਸਿਓਂ ਕਮਜ਼ੋਰ ਸੀ। ਰਣਨੀਤੀ 'ਚ ਕਮਜ਼ੋਰ ਸੀ।

ਵਿਰੋਧੀ ਧਿਰ ਕੌਮੀ ਪੱਧਰ 'ਤੇ ਗਠਜੋੜ ਨਹੀਂ ਕਰ ਸਕੀ, ਉਨ੍ਹਾਂ ਨੇ ਲੋਕਾਂ ਨੂੰ ਕੁਝ ਇਸ ਤਰ੍ਹਾਂ ਦਾ ਸੰਦੇਸ਼ ਦਿੱਤਾ ਕਿ ਇਨ੍ਹਾਂ ਵਿੱਚ ਕੋਈ ਸਿਆਸੀ ਦਲ ਅਜਿਹਾ ਨਹੀਂ ਹੈ ਜੋ ਆਪਣੇ ਹਿੱਤਾਂ ਤੋਂ ਉੱਠ ਕੇ ਸੋਚ ਸਕਦਾ ਹੋਵੇ, ਕੋਈ ਘੱਟੋ-ਘੱਟ ਸਾਂਝਾ ਪ੍ਰੋਗਰਾਮ ਵੀ ਨਹੀਂ ਬਣਾ ਸਕੇ। ਜੇਕਰ ਤੁਸੀਂ ਦੇਖੋਂ ਤਾਂ ਪਿਛਲੇ 5-10 ਸਾਲ 'ਚ ਨਰਿੰਦਰ ਮੋਦੀ ਦੇ ਚੋਣ ਪ੍ਰਚਾਰ ਦਾ ਥੀਮ ਇਹ ਰਿਹਾ ਹੈ ਕਿ ਭਾਰਤ ਇੱਕ ਪੁਰਾਣੀ ਵਿਵਸਥਾ ਸੀ। ਉਹ ਪੁਰਾਣੀ ਵਿਵਸਥਾ ਨਹਿਰੂ-ਗਾਂਧੀ ਪਰਿਵਾਰ ਨਾਲ ਜੁੜੀ ਹੋਈ ਸੀ, ਉਹ ਵਿਵਸਥਾ ਭ੍ਰਿਸ਼ਟ ਹੋ ਗਈ ਹੈ। ਇਸ ਵਿਵਸਥਾ ਨੇ ਭਾਰਤ ਨੂੰ ਗਰੀਬ ਰੱਖਿਆ। 2014 'ਚ ਇਹ ਵਿਆਖਿਆ ਨਰਿੰਦਰ ਮੋਦੀ ਦੇ ਬੜੇ ਕੰਮ ਆਈ। ਉਸ ਵੇਲੇ ਸੱਤਾ ਵਿਰੋਧੀ (ਐਂਟੀ ਇਨਕੰਬੈਸੀ) ਵੋਟ ਸਨ।

### ਮੋਦੀ ਨੇ ਮਾਰੀ ਪੁਰਾਣੀ ਵਿਵਸਥਾ 'ਤੇ ਸੱਟ

ਫਿਰ ਵੀ ਕੀ ਪਿਛਲੇ 5 ਸਾਲ 'ਚ ਜੇਕਰ ਕਾਂਗਰਸ ਦਾ ਵਿਸ਼ਲੇਸ਼ਣ ਕਰੀਏ ਤਾਂ ਪ੍ਰਿਅੰਕਾ ਗਾਂਧੀ ਨੂੰ ਰਾਜਨੀਤੀ 'ਚ ਲਿਆਉਣ ਤੋਂ ਇਲਾਵਾ ਕਿਸੇ ਵੀ ਸੂਬੇ 'ਚ ਕਿਸੇ ਵੀ ਪੱਧਰ 'ਤੇ ਕਾਂਗਰਸ ਦੇ ਸੰਗਠਨ 'ਚ ਕੋਈ ਪਰਿਵਰਤਨ ਆਇਆ?

ਇੱਥੇ ਮੋਦੀ ਗੱਲ ਕਰ ਰਹੇ ਹਨ ਸਾਮੰਤਵਾਦੀ ਰਾਜਨੀਤੀ ਅਤੇ ਵੰਸ਼ਵਾਦੀ ਰਾਜਨੀਤੀ ਦੀ। ਕਾਂਗਰਸ ਰਾਜਸਥਾਨ 'ਚ ਚੋਣਾਂ ਜਿੱਤਦੀ ਹੈ। (ਰਾਜਸਥਾਨ ਦੇ ਮੁੱਖ ਮੰਤਰੀ) ਅਸ਼ੋਕ ਗਹਿਲੋਤ ਪਹਿਲਾ ਕੰਮ ਕਰਦੇ ਹਨ ਜੋਧਪੁਰ 'ਚ ਟਿਕਟ ਦਿੰਦੇ ਹਨ (ਆਪਣੇ ਪੁੱਤਰ) ਵੈਭਵ ਗਹਿਲੋਤ ਨੂੰ।

ਮੱਧ ਦੇ ਪ੍ਰਦੇਸ਼ ਮੁੱਖ ਮੰਤਰੀ ਕਮਲ ਨਾਥ ਪਹਿਲਾ ਕੰਮ ਕਰਦੇ ਹਨ ਕਿ ਆਪਣੇ ਪੁੱਤਰ ਨੂੰ ਛਿੰਦਵਾੜਾ ਤੋਂ ਟਿਕਟ ਦਿੰਦੇ ਹਨ। ਮੋਦੀ ਨੇ ਜੋ ਵਿਆਖਿਆ ਬਣਾ ਕੇ ਰੱਖੀ ਹੈ, ਉਸ ਮੁਤਾਬਕ ਇਹ ਇੱਕ ਪੁਰਾਣੀ ਵਿਵਸਥਾ ਹੈ ,ਜੋ ਇੰਨੀ ਕਮਜ਼ੋਰ ਅਤੇ ਪਰਿਵਾਰ 'ਤੇ ਨਿਰਭਰ ਹੋ ਗਈ ਹੈ ਕਿ ਉਸ ਵਿੱਚ ਤਾਂ ਕੋਈ ਦਮ ਨਹੀਂ ਬਚਿਆ। ਜੇਕਰ ਇਹ ਸਵਾਲ ਕਰੀਏ ਕਿ ਇਹ ਜਿੱਤ ਕਿਸ ਵਿਚਾਰਧਾਰਾ ਦੀ ਜਿੱਤ ਹੈ ਤਾਂ ਇਹ ਬਹੁਗਿਣਤੀਵਾਦ ਦੀ ਜਿੱਤ ਹੈ। ਸੁਤੰਤਰਤਾ ਤੋਂ ਬਾਅਦ ਅੱਜ ਪਹਿਲੀ ਵਾਰ ਅਜਿਹਾ ਹੋ ਰਿਹਾ ਹੈ।

ਲੋਕ ਮੰਨਦੇ ਸਨ ਕਿ ਭਾਰਤੀ ਰਾਜਨੀਤੀ ਦਾ ਕੇਂਦਰ ਹਮੇਸ਼ਾ ਸੈਂਟ੍ਰਿਸਟ (ਮੱਧ ਮਾਰਗੀ) ਰਹੇਗਾ। ਲੋਕ ਮਜ਼ਾਕ ਕਰਦੇ ਸਨ ਕਿ ਭਾਜਪਾ ਨੇ ਜੇਕਰ ਜਿੱਤਣਾ ਹੋਵੇਗਾ ਤਾਂ ਉਨ੍ਹਾਂ ਨੂੰ ਵੀ ਕਾਂਗਰਸ ਵਾਂਗ ਬਣਨਾ ਪਵੇਗਾ ਪਰ ਉਹ ਮੱਧ-ਮਾਰਗ ਅੱਜ ਖ਼ਤਮ ਹੋ ਗਿਆ ਹੈ।

### ਪੁਰਾਣੇ ਸਮੀਕਰਨ ਹੋਏ ਅਸਫ਼ਲ

ਇਸ ਚੋਣਾਂ 'ਚ ਨਕਾਰਾਤਮਕ ਪ੍ਰਚਾਰ ਹੋਇਆ। ਅਲੀ-ਬਜਰੰਗ ਬਲੀ ਦੀ ਜੋ ਫਰੇਮਿੰਗ ਸੀ। ਪ੍ਰੱਗਿਆ ਠਾਕੁਰ ਵਰਗੇ ਉਮੀਦਵਾਰ ਨੂੰ ਲਿਆਂਦਾ ਗਿਆ। ਇਹ ਕਹਿ ਸਕਦੇ ਹਨ ਕਿ 2014 'ਚ ਨਵੀਂ ਗੱਲ ਸੀ। ਆਰਥਿਕ ਵਿਕਾਸ ਦੀ ਗੱਲ ਸੀ। ਜਦਕਿ ਇਸ ਵਾਰ ਚੋਣ ਪ੍ਰਚਾਰ 'ਚ ਜੇਕਰ ਤੁਸੀਂ ਨਰਿੰਦਰ ਮੋਦੀ ਦੇ ਭਾਸ਼ਣਾਂ ਨੂੰ ਦੇਖੋ ਤਾਂ ਉਨ੍ਹਾਂ ਦੀ ਕਾਫੀ ਗੱਲਾਂ ਇਸੇ ਦਿਸ਼ਾ 'ਚ ਲੈ ਜਾਂਦੀਆਂ ਹਨ, ਜਾਂ ਤਾਂ ਪਰਿਵਾਰਵਾਦ ਦੇ ਖ਼ਿਲਾਫ਼ ਜਾਂ ਫਿਰ ਮਾਣ ਨਾਲ ਕਹੋ ਅਸੀਂ ਹਿੰਦੂ ਹਾਂ। ਤਾਂ ਸਾਨੂੰ ਇਸ ਨਤੀਜੇ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ ਹੈ ਕਿ ਇਹ ਬਹੁ-ਗਿਣਤੀਵਾਦ ਦੀ ਜਿੱਤ ਹੈ।

ਮੁੱਦਾ ਸਿਰਫ਼ ਭ੍ਰਿਸ਼ਟਾਚਾਰ ਦਾ ਨਹੀਂ ਹੈ, 3-4 ਚਾਰ ਵਿਸ਼ੇ ਹਨ। ਭਾਰਤ ਦੀ ਨਵੀਂ ਪੀੜ੍ਹੀ ਨੇ ਰਾਸ਼ਟਰ ਨਿਰਮਾਣ 'ਚ ਕਾਂਗਰਸ ਦਾ ਕੀ ਬਲੀਦਾਨ ਸੀ, ਇਹ ਨਹੀਂ ਦੇਖਿਆ ਹੈ। ਉੱਤਰ ਭਾਰਤ 'ਚ ਰਾਜੀਵ ਗਾਂਧੀ ਤੋਂ ਬਾਅਦ ਕਾਂਗਰਸ ਦੀ ਜ਼ਬਰਦਸਤ ਖੋਰਾ ਲੱਗਣਾ ਸ਼ੁਰੂ ਹੋਇਆ। ਇਨ੍ਹਾਂ ਕੋਲ ਉੱਤਰ ਭਾਰਤ 'ਚ ਚੰਗੀ ਹਿੰਦੀ ਬੋਲਣ ਵਾਲਾ ਢੰਗ ਦਾ ਇੱਕ ਵੀ ਬੁਲਾਰਾ ਤੱਕ ਨਹੀਂ ਹੈ।

ਕਾਂਗਰਸ ਸਾਰੇ ਗੁਟਾਂ ਦਾ ਵਿਸ਼ਵਾਸ਼ ਗੁਆ ਬੈਠੀ ਹੈ। ਉੱਤਰ ਪ੍ਰਦੇਸ਼ 'ਚ ਦਲਿਤਾਂ ਅਤੇ ਮੁਸਲਮਾਨਾਂ ਦਾ ਵਿਸ਼ਵਾਸ ਗੁਆ ਬੈਠੀ ਹੈ। ਸਵਾਲ ਇਹ ਹੈ ਕਿ ਕਾਂਗਰਸ ਨੇ ਅਜਿਹਾ ਕੀ ਕਰੇ ਕਿ ਉਨ੍ਹਾਂ ਵਰਗਾਂ ਨੂੰ ਇਹ ਵਿਸ਼ਵਾਸ ਦਿਵਾਇਆ ਸਕੇ ਕਿ ਤੁਸੀਂ ਸਾਡੇ ਨਾਲ ਜੁੜੋ। ਅਸੀਂ ਤੁਹਾਡੇ ਵਿਕਾਸ ਦੀ ਗੱਲ ਕਰਾਂਗੇ।

ਉਨ੍ਹਾਂ ਵਿੱਚ ਵੀ ਇੱਕ ਧਾਰਨਾ ਬਣ ਗਈ ਕਾਂਗਰਸ ਨੂੰ ਮੁਸਲਮਾਨਾਂ ਦਾ ਵੋਟ ਚਾਹੀਦਾ ਪਰ ਉਸ ਨੂੰ ਮੁਸਲਮਾਨਾਂ 'ਚ ਕੋਈ ਦਿਲਚਸਪੀ ਨਹੀਂ ਹੈ। 20-30 ਸਾਲ ਤੱਕ ਇਸ ਦਾ ਅੰਦਾਜ਼ਾ ਨਹੀਂ ਹੋਇਆ। ਕਾਰਨ ਇਹ ਹੈ ਕਿ ਉੱਤਰ ਭਾਰਤ 'ਚ ਮੰਡਲ ਕਮਿਸ਼ਨ ਤੋਂ ਬਾਅਦ ਹੀ ਮੰਡਲ ਤੇ ਕੰਮਡਲ ਦੀ ਰਾਜਨੀਤੀ ਸੀ।

ਇੱਕ ਪਾਸੇ ਹਿੰਦੁਤਵ ਦਾ ਧਰੁਵੀਕਰਨ ਅਤੇ ਉਸ ਨੂੰ ਤੋੜਣਗੀਆਂ ਜਾਤੀਆਂ ਵਾਲੀਆਂ ਪਾਰਟੀਆਂ। ਨਰਿੰਦਰ ਮੋਦੀ ਨੇ ਅੱਜ ਇਹ ਸਿੱਧ ਕਰ ਦਿੱਤਾ ਹੈ ਕਿ ਹੁਣ ਇਹ ਜਾਤੀ ਅਤੇ ਸਮਾਜਿਕ ਸਮੀਕਰਨਾਂ ਨੂੰ ਭਾਰਤ 'ਚ ਸਫ਼ਲ ਬਣਾਉਣਾ ਮੁਸ਼ਕਿਲ ਹੈ।

### ਦਲਿਤ ਵੋਟ ਵੰਡੀ ਗਈ

ਦਲਿਤ ਵੋਟ ਵੀ ਅੱਜ ਵੰਡੀ ਗਈ ਹੈ। ਮਾਇਆਵਤੀ ਕੋਲ ਜ਼ਿਆਦਤਰ ਦਲਿਤ ਵੋਟ ਨਹੀਂ ਹਨ। ਕਾਂਗਰਸ ਅਤੇ ਬਾਕੀ ਦਲ ਹੁਣ ਵੀ ਪੁਰਾਣੇ ਸਮੀਕਰਨ 'ਚ ਫਸੇ ਹੋਏ ਹਨ। ਇਸ ਸਮੀਕਰਨ ਨੂੰ ਮੋਦੀ 2014 'ਚ ਹੀ ਪਛਾੜ ਚੁੱਕੇ ਹਨ।

ਇੱਕ ਤਰ੍ਹਾਂ ਦਾ ਇਹ ਭਾਜਪਾ ਉਪਰੋਂ ਹਮਲਾਵਰ ਰਾਸ਼ਟਰਵਾਦ ਹੈ। ਮਰਦਵਾਦੀ ਰਾਸ਼ਟਰਵਾਦ ਹੈ ਪਰ ਇਹ ਵੀ ਸੱਚ ਹੈ ਕਿ ਮੋਦੀ ਨੇ ਕਿਹਾ ਹੈ ਕਿ ਉਹ ਔਰਤਾਂ ਦੇ ਮੁੱਦੇ ਨੂੰ ਚੁੱਕ ਰਹੇ ਹਨ। ਗੈਸ ਸਿੰਲਡਰ ਦੇ ਰਹੇ ਹਨ ਸਵੱਛ ਭਾਰਤ ਕਰ ਰਹੇ ਹਨ। ਕੀ ਤੁਸੀਂ ਕਾਂਗਰਸ ਦਾ ਕੋਈ ਅਜਿਹਾ ਉਦਾਹਰਣ ਦੇ ਸਕਦੇ ਹੋ ਜਿੱਥੇ ਉਹ ਕਹਿ ਸਕਣ ਕਿ ਇਹ ਮੁੱਦਾ ਕੱਲ ਦਾ ਹੈ, ਅਸੀਂ ਇਸ ਨੂੰ ਲੈਕੇ ਚੱਲਾਂਗੇ?

ਕਾਂਗਰਸ ਦਾ ਚੋਣ ਮਨੋਰਥ ਪੱਤਰ ਬਹੁਤ ਚੰਗਾ ਸੀ ਪਰ ਚੋਣ ਮਨੋਰਥ ਪੱਤਰ ਤੁਸੀ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਜਾਰੀ ਕਰਦੇ ਹੋ। ਭਾਰਤੀ ਵੋਟਰ ਮਜ਼ਬੂਤ ਸੁਪਰੀਮ ਕੋਰਟ ਅਤੇ ਮਜ਼ਬੂਤ ਚੋਣ ਕਮਿਸ਼ਨ ਦੇ ਮਹੱਤਵ ਨੂੰ ਸਮਝਦਾ ਹੈ ਪਰ ਜੇਕਰ ਅਜਿਹੀਆਂ ਸੰਸਥਾਵਾਂ ਮਜ਼ਬੂਤ ਨਹੀਂ ਹਨ ਤਾਂ ਇਨ੍ਹਾਂ ਦਾ ਦੋਸ਼ੀ ਕਿਸ ਨੂੰ ਠਹਿਰਾਇਆ ਜਾਵੇ?

ਲੋਕ ਇਸ ਲਈ ਨਰਿੰਦਰ ਮੋਦੀ ਨੂੰ ਦੋਸ਼ੀ ਨਹੀਂ ਠਹਿਰਾ ਰਹੇ ਹਨ। ਉਹ ਇਸ ਲਈ ਭਾਰਤ ਦੇ ਬੁੱਧੀਜੀਵੀ ਵਰਗ ਨੂੰ ਦੋਸ਼ੀ ਠਹਿਰਾ ਰਹੇ ਹਨ। ਉਹ ਮੰਨਦੇ ਹਨ ਕਿ ਉਹ ਵਰਗ ਇੰਨਾ ਵਿਕਾਊ ਹੋ ਗਿਆ ਹੈ ਕਿ ਉਸ ਨੂੰ ਖ਼ਤਮ ਕਰ ਸਕਦੇ ਹਨ।

### ਦੋਸ਼ ਕਿਸਦਾ ਹੈ?

ਤੁਸੀਂ ਕਹਿ ਸਕਦੇ ਹੋ ਕਿ ਸਰਕਾਰ ਦਾ ਸੁਪਰੀਮ ਕੋਰਟ 'ਤੇ ਦਬਾਅ ਹੈ ਪਰ ਇਹ ਪ੍ਰਸ਼ਨ ਤਾਂ ਉਠਦਾ ਹੀ ਹੈ ਕਿ ਜਿਸ ਸੰਸਥਾ ਕੋਲ ਇੰਨੀਆਂ ਸ਼ਕਤੀਆਂ ਸਨ ਉਹ ਸੰਸਥਾ ਜੇਕਰ ਅੰਦਰੋਂ ਖ਼ਤਮ ਹੋ ਰਹੀ ਹੈ ਅਤੇ ਖੁਦਮੁਖਤਿਆਰੀ ਰੱਖਣ ਵਾਲੀਆਂ ਵਿਦਿਅਕ ਸੰਸਥਾਵਾਂ ਖ਼ਤਮ ਹੋ ਰਹੀਆਂ ਹਨ ਤਾਂ ਉਸ ਦਾ ਪਹਿਲਾ ਦੋਸ਼ ਕਿਸ ਨੂੰ ਜਾਵੇਗਾ? ਉਸ ਦਾ ਦੋਸ਼ ਸੰਸਥਾ ਦੇ ਪੁਰਾਣੇ ਉੱਚ ਵਰਗ 'ਤੇ ਹੋਵੇਗਾ। ਜੇਕਰ ਤੁਸੀਂ ਲੋਕਾਂ ਨੂੰ ਜਾ ਕੇ ਕਹੋ ਕਿ ਸੁਪਰੀਮ ਕੋਰਟ ਸਰਕਾਰ ਦੀ ਤਰਫ਼ਦਾਰੀ ਕਰ ਰਿਹਾ ਹੈ ਤਾਂ ਉਹ ਪਹਿਲਾ ਸਵਾਲ ਇਹ ਪੁੱਛੇਗਾ ਕਿ ਇੰਨਾ ਸਮਰਥ ਜੱਜ ਜੇਕਰ ਸਰਕਾਰ ਦੀ ਚਾਪਲੂਸੀ ਕਰ ਰਿਹਾ ਹੈ ਤਾਂ ਇਸ ਵਿੱਚ ਸਰਕਾਰ ਨੂੰ ਦੋਸ਼ੀ ਕਿਉਂ ਠਹਿਰਾ ਰਹੇ ਹੋ?

ਭਾਰਤੀ ਸਮਾਜ ਦਾ ਅੱਜ ਸੰਕਟ ਇਹ ਹੈ ਕਿ ਪੁਰਾਣੇ ਦੌਰ ਦੇ ਉੱਚ ਵਰਗ ਦੀ ਭਰੋਸੇਯੋਗਤਾ ਬਿਲਕੁਲ ਖ਼ਤਮ ਹੋ ਗਈ ਹੈ। ਮੋਦੀ ਬੜੀ ਹੁਸ਼ਿਆਰੀ ਨਾਲ ਇਹ ਸੰਕੇਤ ਦਿੰਦੇ ਹਨ, ਲੁਟਿਅਨਸ ਦਿੱਲੀ, ਖ਼ਾਨ ਮਾਰਕੀਟ ਗੈਂਗ ਵਰਗੇ ਸ਼ਬਦਾਂ ਦਾ ਇਸਤੇਮਾਲ ਕਰਕੇ।

ਤੁਸੀਂ ਮਜ਼ਾਕ ਕਰ ਸਕਦੇ ਹੋ ਕਿ ਅਜਿਹਾ ਕੋਈ ਗੈਂਗ ਨਹੀਂ ਹੈ ਪਰ ਉਹ ਇਸ ਗੱਲ ਦਾ ਸੂਚਕ ਬਣ ਗਿਆ ਹੈ ਅਤੇ ਲੋਕਾਂ ਦੇ ਮਨ 'ਚ ਇਹ ਘਰ ਕਰ ਗਿਆ ਹੈ ਕਿ ਭਾਰਤ ਦਾ ਉੱਚ-ਮੱਧ ਵਰਗ ਹੈ, ਉਹ ਇੰਨਾ ਵਿਕਾਊ ਹੈ ਕਿ ਜੇਕਰ ਇਹ ਸੰਸਥਾਵਾਂ ਖ਼ਤਮ ਹੋ ਰਹੀਆਂ ਹਨ ਤਾਂ ਇਸ ਦਾ ਦੋਸ਼ ਮੋਦੀ ਨੂੰ ਨਹੀਂ ਇਨ੍ਹਾਂ ਸੰਸਥਾਵਾਂ ਨੂੰ ਜਾਣਾ ਚਾਹੀਦਾ ਹੈ।

### ਜ਼ਬਰਦਸਤ ਬਹੁਮਤ ਤੋਂ ਖ਼ਤਰਾ

ਮੀਡੀਆ ਲਈ ਦੋਸ਼ ਕਿਸ ਨੂੰ ਦੇਈਏ? ਮੋਦੀ ਨੂੰ ਦੇਈਏ ਜਾਂ ਉਨ੍ਹਾਂ ਸੰਸਥਵਾਂ ਦੇ ਮਾਲਕਾਂ ਨੂੰ ਦੇਈਏ? ਜਦੋਂ ਇਹ ਕਿਹਾ ਜਾਂਦਾ ਹੈ ਕਿ ਪੱਤਰਕਾਰੀ ਨਿਰਪੱਖ ਸੀ, ਨਿਡਰ ਸੀ ਉਦੋਂ ਸਵਾਲ ਉਠਦਾ ਹੈ ਕਿ ਕਿੱਥੇ ਨਿਰਪੱਖ ਤੇ ਨਿਡਰ ਸੀ। ਉਹ ਨਿਰਪੱਖਤਾ ਦੇ ਨਾਮ 'ਤੇ ਪੁਰਾਣੀ ਵਿਵਸਥਾ ਨੂੰ ਕਾਇਮ ਰੱਖਣਾ ਚਾਹੁੰਦੀ ਸੀ। ਮੈਂ ਨਹੀਂ ਕਹਿੰਦਾ ਕਿ ਇਹ ਗੱਲ ਸਹੀ ਹੈ ਪਰ ਲੋਕ ਇਹੀ ਗੱਲ ਕਹਿ ਰਹੇ ਹਨ। ਸਾਨੂੰ ਇਸ ਗੱਲ ਦਾ ਜਵਾਬ ਦੇਣਾ ਪਵੇਗਾ ਕਿ ਸਾਡੇ ਸਮਾਜ 'ਚ ਕਿਹੜੇ ਅਜਿਹੇ ਹਾਲਾਤ ਬਣ ਗਏ ਹਨ ਕਿ ਲੋਕਾਂ 'ਤੇ ਉਨ੍ਹਾਂ ਦੇ ਝੂਠ ਦਾ ਪ੍ਰਭਾਵ ਘਟ ਪੈਂਦਾ ਹੈ ਅਤੇ ਜੋ ਵੀ ਉਸ ਝੂਠ ਨੂੰ ਉਜਾਗਰ ਕਰਦਾ ਹੈ, ਉਸ ਲਈ ਮੰਨਿਆ ਜਾਂਦਾ ਹੈ ਇਸ ਦਾ ਕੋਈ ਸਵਾਰਥ ਹੈ।

ਇਹ ਸਹੀ ਹੈ ਕਿ ਜਿੱਥੇ ਵੀ ਸੱਤਾ ਇੱਕ ਵਿਅਕਤੀ ਦੇ ਹੱਥ 'ਚ ਆਉਂਦੀ ਹੈ, ਉੱਥੇ ਖ਼ਤਰੇ ਹੁੰਦੇ ਹਨ। ਲੋਕਤੰਤਰ 'ਚ ਉਹ ਚੰਗਾ ਨਹੀਂ ਹੁੰਦਾ। ਭਾਰਤੀ ਜਨਤਾ ਪਾਰਟੀ ਸਿਰਫ਼ ਇੱਕ ਰਾਜਨੀਤਕ ਪਾਰਟੀ ਨਹੀਂ ਹੈ। ਇਹ ਇੱਕ ਸਮਾਜਿਕ ਸਮੀਕਰਨ ਵੀ ਹੈ। ਇਨ੍ਹਾਂ ਦਾ ਇੱਕ ਸੱਭਿਆਚਾਰਕ ਏਜੰਡਾ ਹੈ। ਇਹ ਕਿਹਾ ਕਰਦੇ ਸਨ ਕਿ ਘੱਟ ਗਿਣਤੀਆਂ ਦਾ ਹਿੰਦੁਸਤਾਨ ਦੀ ਰਾਜਨੀਤੀ 'ਚ ਇੱਕ ਵੀਟੋ ਸੀ, ਜਿਸ 'ਚ ਘੱਟ ਗਿਣਤੀਆਂ ਨੂੰ ਉਹ ਬਿਲਕੁਲ ਗ਼ੈਰ-ਪ੍ਰਸੰਗਕ ਕਰ ਦੇਣਗੇ। ਇਹ ਇਨ੍ਹਾਂ ਦੀ ਵਿਚਾਰਧਾਰਾ 'ਚ ਸ਼ਾਮਿਲ ਹੈ, ਅੱਜ ਮੁਸਲਮਾਨਾਂ ਦੀ ਨੁਮਾਇੰਦਗੀ ਬਿਲਕੁਲ ਨਾ ਦੇ ਬਰਾਬਰ ਹੋ ਗਈ ਹੈ।

### ਕੱਟੜਪੰਥੀਆਂ ਨੂੰ ਨਹੀਂ ਰੋਕਣਗੇ ਮੋਦੀ?

ਰਾਮ ਜਨਮ-ਭੂਮੀ ਅੰਦੋਲਨ ਵੇਲੇ ਜੋ ਪਾਰਟੀਆਂ ਦਾ ਹਾਰਡਕੋਰ ਧੜਾ ਹੈ, ਉਹ ਸਵਾਲ ਕਰੇਗਾ ਕਿ ਜੇਕਰ ਹੁਣ ਆਪਣੇ ਹਿੰਦੁਤਵ ਵਿਚਾਰਾਧਾਰਾ ਨੂੰ ਸੰਸਥਾਵਾਂ 'ਚ ਸਥਾਪਿਤ ਨਹੀਂ ਕੀਤਾ ਤਾਂ ਕਦੋਂ ਕਰੋਗੇ? ਇਸ ਤੋਂ ਵੱਡੀ ਜਿੱਤ ਕੀ ਹੋ ਸਕਦੀ ਹੈ? ਇਹ ਦਬਾਅ ਪਵੇਗਾ ਤਾਂ ਮੈਨੂੰ ਨਹੀਂ ਲਗਦਾ ਕਿ ਮੋਦੀ ਇਸ ਨੂੰ ਰੋਕਣਗੇ ਜਾਂ ਪਿੱਛੇ ਹਟਣਗੇ। ਇਸੇ ਚੋਣਾਂ 'ਚ ਦੇਖਿਆ ਗਿਆ ਹੈ ਕਿ ਪੈਮਾਨੇ ਬਿਲਕੁਲ ਡਿਗਦੇ ਜਾ ਰਹੇ ਹਨ।

ਦਸ ਸਾਲ ਪਹਿਲਾਂ ਕੀ ਕੋਈ ਕਲਪਨਾ ਕਰਦਾ ਸੀ ਕਿ ਪ੍ਰਗਿਆ ਠਾਕੁਰ ਭਾਜਪਾ ਦੀ ਸਟਾਰ ਉਮੀਦਵਾਰ ਹੋਵੇਗੀ। ਉਨ੍ਹਾਂ ਦੀ ਜਿੱਤ 'ਤੇ ਅੱਜ ਜਸ਼ਨ ਮਨਾਇਆ ਜਾ ਰਿਹਾ ਹੈ। ਇਹ ਇੱਕ ਤਰ੍ਹਾਂ ਦਾ ਜ਼ਹਿਰ ਹੈ ਜਿਸ ਨੂੰ ਮੁੜ ਬੋਤਲ 'ਚ ਨਹੀਂ ਪਾਇਆ ਜਾ ਸਕਦਾ।

ਵੱਧ ਗਿਣਤੀਵਾਦ ਦੇ ਖ਼ਤਰੇ ਇਨ੍ਹਾਂ ਚੋਣਾਂ ਵਿੱਚ ਸਪੱਸ਼ਟ ਤੌਰ 'ਤੇ ਉਭਰ ਕੇ ਸਾਹਮਣੇ ਆਏ ਹਨ। ਇਹ ਚੋਣਾਂ ਉਨ੍ਹਾਂ ਹਾਲਤਾਂ ਵਿੱਚ ਹੋਈਆਂ ਹਨ ਜਿੱਥੇ ਭਾਰਤ ਦਾ ਅਰਥਚਾਰਾ ਉਨ੍ਹਾਂ ਮਜ਼ਬੂਤ ਨਹੀਂ ਜਿੰਨਾ ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ। ਅਸਲ ਵਿਕਾਸ ਦਰ ਚਾਰ ਜਾਂ ਸਾਢੇ ਚਾਰ ਫੀਸਦ ਹੈ। ਬੇਰੁਜ਼ਗਾਰੀ ਦੀ ਸਮੱਸਿਆ ਹੈ।

ਖੇਤੀ ਖੇਤਰ 'ਚ ਸੰਕਟ ਹੈ। ਇਸ ਦੇ ਬਾਵਜੂਦ ਵੀ ਜੇਕਰ ਲੋਕਾਂ ਨੇ ਇਨ੍ਹਾਂ ਨੂੰ ਵੋਟ ਦਿੱਤੇ ਹਨ ਤਾਂ ਇਹੀ ਫ਼ੈਸਲਾ ਨਿਕਲਦਾ ਹੈ ਉਹ ਮਜ਼ਬੂਤ ਨੇਤਾ ਚਾਹੁੰਦੇ ਸਨ। ਦੂਜਾ, ਅੱਜ ਅਸੀਂ ਉਨ੍ਹਾਂ ਹਲਾਤਾਂ 'ਚ ਪਹੁੰਚ ਗਏ ਹਾਂ ਕਿ ਜਿੱਥੇ ਬਹੁ-ਗਿਣਤੀਵਾਦ ਦਾ ਬਹੁਗਿਣਤੀਆਂ 'ਤੇ ਜ਼ਿਆਦਾ ਅਸਰ ਨਹੀਂ ਪੈਂਦਾ ਹੈ। ਉਹ ਸਮਝਦੇ ਹਨ ਕਿ ਸਾਨੂੰ ਕੋਈ ਕੀ ਕਰ ਲਵੇਗਾ। ਇਹ ਭਾਰਤੀ ਲੋਕਤੰਤਰ ਦਾ ਬੜਾ ਨਾਜ਼ੁਕ ਮੋੜ ਹੈ।

ਲੋਕਾਂ ਨੇ ਆਪਣਾ ਫ਼ੈਸਲਾ ਦੇ ਦਿੱਤਾ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਲੋਕਤੰਤਰ ਦੀ ਜਿੱਤ ਹੈ ਪਰ ਉਹ ਉਦਾਰਤਾ ਦੀ ਜਿੱਤ ਨਹੀਂ ਹੈ। ਇਹ ਸੰਵਿਧਾਨਿਕ ਮੁੱਲਾਂ ਦੀ ਜਿੱਤ ਨਹੀਂ ਹੈ। ਅਸੀਂ ਅਜਿਹਾ ਭਾਰਤ ਬਣਾਵਾਂਗੇ ਜਿੱਥੇ ਹਰੇਕ ਵਿਅਕਤੀ ਚਾਹੇ ਕਿ ਕਿਸੇ ਵੀ ਜਾਤ ਜਾਂ ਭਾਈਚਾਰੇ ਦਾ ਹੋਵੇ, ਉਸ ਨੂੰ ਇਹ ਖ਼ਤਰਾ ਨਾ ਰਹੇ ਕਿ ਮੈਂ ਜਿਸ ਭਾਈਚਾਰੇ ਨਾਲ ਜੁੜਿਆ ਹਾਂ, ਉਸ ਕਾਰਨ ਮੈਨੂੰ ਕੋਈ ਖ਼ਤਰਾ ਹੈ।

### ਭਾਜਪਾ ਤੋਂ ਲਓ ਸਬਕ

ਭਾਰਤੀ ਰਾਜਨੀਤੀ 'ਚ ਭਾਰਤੀ ਜਨਤਾ ਪਾਰਟੀ ਕੋਲੋਂ ਇੱਕ ਸਬਕ ਲਿਆ ਜਾਣਾ ਚਾਹੀਦਾ ਹੈ ਕਿ ਉਹ ਲੰਬੇ ਸਮੇਂ ਦੇ ਸਬਰ ਨਾਲ ਰਣਨੀਤੀ ਬਣਾਉਂਦੇ ਹਨ। ਉਹ ਰਾਮ ਜਨਮ ਭੂਮੀ ਅੰਦੋਲਨ ਦੇ ਵੇਲੇ ਤੋਂ ਲੰਬੀ ਖੇਡ ਖੇਡ ਰਹੀ ਹੈ। ਜੇਕਰ ਚੋਣਾਂ 'ਚ ਹਾਰ ਹੁੰਦੀ ਹੈ ਤਾਂ ਸੱਭਿਆਚਰਕ ਸੰਸਥਾਵਾਂ 'ਤੇ ਧਿਆਨ ਦਿੰਦੇ ਹਨ। ਸਿਆਸਤ 'ਚ ਪਿੱਛੇ ਰਹਿ ਜਾਂਦੇ ਹਨ ਤਾਂ ਸਮਾਜਿਕ ਕੰਮ ਕਰਦੇ ਹਨ। ਉਨ੍ਹਾਂ ਦੀ ਰਣਨੀਤੀ ਦਾ ਠੋਸ ਆਧਾਰ ਇਹ ਹੈ ਕਿ ਇੱਕ ਹੀ ਗੱਲ ਨੂੰ ਵਾਰ-ਵਾਰ ਬੋਲੀ ਜਾਈਏ ਤਾਂ ਕਿ ਕੋਈ ਇਹ ਨਾ ਕਹੇ ਤੁਸੀਂ ਆਪਣੇ ਟੀਚੇ ਤੋਂ ਪਿੱਛੇ ਹਟ ਗਏ ਹੋ। ਰਣਨੀਤੀ ਚੋਣਾਂ ਵਿਚਾਲੇ ਸ਼ੁਰੂ ਨਹੀਂ ਕੀਤੀ ਦਾ ਸਕਦੀ। ਕਾਂਗਰਸ ਵੱਲੋਂ ਦੇਖੀਏ ਤਾਂ ਉਨ੍ਹਾਂ ਦੀ ਚੋਣ ਮਸ਼ੀਨ ਪਿਛਲੇ ਸਾਲ ਜਾਂ ਡੇਢ ਸਾਲ 'ਚ ਸਰਗਰਮ ਹੋਈ ਹੈ।

ਕਾਂਗਰਸ ਦੇ ਕੋਲ ਪੈਸੇ ਘਾਟ ਸੀ, ਹਾਲਾਂਕਿ ਕਾਂਗਰਸ ਵਾਲੇ ਖ਼ੁਦ ਹੀ ਮਜ਼ਾਕ ਕਰਦੇ ਸਨ ਕਿ ਕਾਂਗਰਸੀ ਅਮੀਰ ਹਨ, ਕਾਂਗਰਸ ਪਾਰਟੀ ਗਰੀਬ ਹੈ। ਉੱਥੇ ਭਾਰਤੀ ਜਨਤਾ ਪਾਰਟੀ ਦਾ ਹਰ ਨੇਤਾ ਅਤੇ ਵਰਕਰ 24 ਘੰਟੇ ਪਾਰਟੀ ਲਈ ਕੰਮ ਕਰਦਾ ਹੈ। ਰਣਨੀਤੀ 'ਚ ਤੁਹਾਨੂੰ ਸੰਗਠਨ ਅਤੇ ਵਿਚਾਰਧਾਰਾ ਚਾਹੀਦੀ ਹੈ। 2014 'ਚ ਜਦੋਂ ਭਾਜਪਾ ਦੀ ਜਿੱਤ ਹੋਈ ਸੀ, ਉਸ ਤੋਂ ਦੋ ਸਾਲ ਪਹਿਲਾਂ ਦਾ ਮਾਹੌਲ ਬਣਾਇਆ ਜਾ ਰਿਹਾ ਸੀ ਕਿ ਸਾਡੇ ਸਿਸਟਮ 'ਚ ਇਹ ਖਾਮੀਆਂ ਹਨ। ਇਸ ਦਾ ਲਾਭ ਭਾਜਪਾ ਨੇ ਚੁੱਕਿਆ ਹੈ।

ਬੁਲਾਰਿਆਂ ਦੀ ਗੱਲ ਕਰੀਏ ਤਾਂ ਕਾਂਗਰਸ 'ਚ ਅਜਿਹੇ ਦੋ ਜਾਂ ਤਿੰਨ ਨੇਤਾ ਲੱਭਣੇ ਮੁਸ਼ਕਿਲ ਹਨ ਜੋ ਹਿੰਦੀ 'ਚ ਚੰਗੇ ਬੁਲਾਰੇ ਹੋਣ। ਮਜ਼ਬੂਤ ਸਰਕਾਰ ਦੇ ਰਹਿੰਦਿਆਂ ਸੰਵਿਧਾਨਿਕ ਸੰਸਥਾਵਾਂ ਦੀ ਮਜ਼ਬੂਤੀ ਦੀ ਗੱਲ ਕਰੀਏ ਤਾਂ ਸੈਨਾ ਵਰਗੀਆਂ ਸੰਸਥਾਵਾਂ ਜੋ ਪੂਜਣਯੋਗ ਮੰਨੀਆਂ ਜਾਂਦੀਆਂ ਸਨ, ਜਿਸ 'ਤੇ ਕੋਈ ਸਿਆਸੀ ਇਲਜ਼ਾਮ ਕਦੇ ਨਹੀਂ ਲਗਦਾ ਸੀ।

ਪਿਛਲੇ 6 ਤੋਂ 8 ਮਹੀਨਿਆਂ 'ਚ ਉਨ੍ਹਾਂ ਦੀ ਰਾਜਨੀਤਕ ਵਰਤੋਂ ਤੇ ਦੁਰਵਰਤੋਂ ਹੋਈ ਹੈ। ਆਰਥਿਕ ਤੌਰ 'ਤੇ ਵੀ ਨਾਜ਼ੁਕ ਦੌਰ ਹੈ। ਕੇਵਲ ਮਜ਼ਬੂਤ ਸਰਕਾਰ ਹਾਲਾਤ ਠੀਕ ਰੱਖਣ ਦੀ ਗਾਰੰਟੀ ਨਹੀਂ ਦਿੰਦੀ। ਫਿਰ ਵੀ ਨਰਿੰਦਰ ਮੋਦੀ ਦੇ ਕੋਲ ਮੌਕਾ ਹੈ ਕਿ ਉਹ ਲੋਕਾਂ ਦੇ ਫਤਵੇ ਦਾ ਇਸ ਤਰ੍ਹਾਂ ਇਸਤੇਮਾਲ ਕਰਨ ਕਿ ਭਾਰਤ ਦੇ ਸੰਵਿਧਾਨਿਕ ਮੁੱਲ ਸੁਰੱਖਿਅਤ ਰਹਿਣ ਤੇ ਆਰਥਿਕ ਵਿਵਸਥਾ ਠੀਕ ਰਹੇ। ਪਰ ਜਿਸ ਤਰ੍ਹਾਂ ਦੀ ਚੋਣ ਮੁਹਿੰਮ ਸੀ ਅਤੇ ਜਿਸ ਤਰ੍ਹਾਂ ਦੇ ਤੱਤ ਹੁਣ ਰਾਜਨੀਤੀ 'ਚ ਹਨ, ਲਗਦਾ ਹੈ ਕਿ ਉਹ ਉਨ੍ਹਾਂ ਨੂੰ ਅਜਿਹਾ ਕਰਨ ਨਹੀਂ ਦੇਣਗੇ।

**ਬੀਬੀਸੀ ਪੱਤਰਕਾਰ ਨਾਲ ਹੋਈ ਗੱਲਬਾਤ 'ਤੇ ਆਧਾਰਿਤ ਲੇਖ**

## ਫਤਵੇ ਨੇ ਧਾਰਾ 370 ਤੇ 35ਏ ਨੂੰ ਹਟਾਉਣ ਦੀ ਜ਼ਾਮਨੀ ਭਰੀ

ਭਾਜਪਾ ਦੀ ਜੰਮੂ ਕਸ਼ਮੀਰ ਇਕਾਈ ਨੇ ਦਾਅਵਾ ਕੀਤਾ ਕਿ ਜੰਮੂ ਤੇ ਲੱਦਾਖ ਖਿੱਤੇ ਦੇ ਲੋਕਾਂ ਨੇ ਪਾਰਟੀ ਲਈ ਵੋਟ ਕਰਕੇ ਧਾਰਾ 370 ਤੇ ਧਾਰਾ 35ਏ ਨੂੰ ਸੰਵਿਧਾਨ 'ਚੋਂ ਫ਼ੌਰੀ ਖ਼ਤਮ ਕੀਤੇ ਜਾਣ ਦੀ ਸ਼ਾਹਦੀ ਭਰੀ ਹੈ। ਭਾਜਪਾ ਨੇ ਨੈਸ਼ਨਲ ਕਾਨਫਰੰਸ ਵੱਲੋਂ ਅਸੈਂਬਲੀ ਚੋਣਾਂ ਮਗਰੋਂ ਸੂਬੇ ਵਿੱਚ ਆਪਣੇ ਦਮ 'ਤੇ ਸਰਕਾਰ ਬਣਾਉਣ ਦੇ ਦਾਅਵਿਆਂ ਨੂੰ 'ਖੋਖਲਾ' ਕਰਾਰ ਦਿੱਤਾ ਹੈ। ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਜਿੱਥੇ ਊਧਮਪੁਰ, ਜੰਮੂ ਤੇ ਲੱਦਾਖ ਸੰਸਦੀ ਸੀਟਾਂ 'ਤੇ ਆਪਣੀ ਪਕੜ ਕਾਇਮ ਰੱਖੀ ਹੈ, ਉਥੇ ਨੈਸ਼ਨਲ ਕਾਨਫਰੰਸ ਵਾਦੀ ਵਿੱਚ ਸ੍ਰੀਨਗਰ, ਬਾਰਾਮੂਲਾ ਤੇ ਅਨੰਤਨਾਗ ਸੰਸਦੀ ਸੀਟਾਂ 'ਤੇ ਹੂੰਝਾ ਫੇਰਨ ਵਿੱਚ ਸਫ਼ਲ ਰਹੀ ਹੈ। ਗੌਰਤਲਬ ਹੈ ਕਿ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਲੰਘੇ ਦਿਨ ਕਿਹਾ ਸੀ ਕਿ ਕੇਂਦਰ ਵਿੱਚ ਵੱਡੇ ਬਹੁਮਤ ਨਾਲ ਸਰਕਾਰ ਬਣਾਉਣ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਧਾਰਾ 35ਏ ਤੇ ਧਾਰਾ 370 ਨੂੰ ਖ਼ਤਮ ਨਹੀਂ ਕਰ ਸਕਦੇ।

ਭਾਜਪਾ ਦੇ ਸੂਬਾਈ ਤਰਜਮਾਨ ਬ੍ਰਿਗੇਡੀਅਰ (ਸੇਵਾ ਮੁਕਤ) ਅਨਿਲ ਗੁਪਤਾ ਨੇ ਕਿਹਾ, 'ਅਬਦੁੱਲਾ ਤੇ ਨੈਸ਼ਨਲ ਕਾਨਫਰੰਸ ਦੀ ਲੀਡਰਸ਼ਿਪ ਨੂੰ ਜੰਮੂ ਤੇ ਲੱਦਾਖ ਦੇ ਲੋਕਾਂ ਨੇ ਇੰਨਾ ਵੱਡਾ ਫ਼ਤਵਾ ਨਹੀਂ ਦਿੱਤਾ ਕਿ ਉਹ ਧਾਰਾ 35ਏ ਤੇ 370 ਬਾਰੇ ਇੰਨੇ ਵੱਡੇ ਦਾਅਵੇ ਕਰਨ। ਇਨ੍ਹਾਂ ਧਾਰਾਵਾਂ ਦਾ ਭੋਗ ਪਾਉਣ ਲਈ ਹੀ ਦੋਵਾਂ ਖੇਤਰਾਂ ਦੇ ਲੋਕਾਂ ਨੇ ਭਾਜਪਾ ਨੂੰ ਵੱਡੇ ਬਹੁਮਤ ਨਾਲ ਜਿਤਾਇਆ ਹੈ।' ਉਨ੍ਹਾਂ ਖੇਤਰੀ ਪਾਰਟੀ ਵੱਲੋਂ ਆਪਣੇ ਦਮ 'ਤੇ ਸੂਬੇ ਵਿੱਚ ਸਰਕਾਰ ਬਣਾਉਣ ਦੇ ਦਾਅਵਿਆਂ ਨੂੰ 'ਖੋਖਲਾ' ਕਰਾਰ ਦਿੱਤਾ।

# ਸਮ੍ਰਿਤੀ ਈਰਾਨੀ ਨੇ 'ਦੀਦੀ ਹੈ ਤਾਂ ਮੁਮਕਿਨ ਹੈ' ਦੇ ਨਾਅਰੇ ਨਾਲ ਕਿਵੇਂ ਜਿੱਤੀ ਅਮੇਠੀ

ਤਕਰੀਬਨ ਡੇਢ ਕਿਲੋਮੀਟਰ ਲੰਬੇ ਇੱਕ ਡੈਮ ਨੇ ਅਮੇਠੀ ਵਿੱਚ ਬਹੁਤ ਕੁਝ ਬਦਲ ਦਿੱਤਾ। ਗੋਮਤੀ ਦਰਿਆ ਦੇ ਡੈਮ ਵਾਲੇ ਕਿਨਾਰੇ 'ਤੇ ਹੀ ਹੈ ਪਿਪਲੀ ਜਮਾਲਪੁਰ, ਉਹੀ ਪਿੰਡ ਜੋ ਥੌਰੀ ਚੌਰਾਹੇ ਤੋਂ ਦਰਿਆ ਵੱਲ ਜਾਣ ਵਾਲੀ ਸੌੜੀ ਸੜਕ ਉੱਤੇ ਮੌਜੂਦ ਹੈ। "ਦਰਿਆ ਦਾ ਪਾਣੀ ਘਰ ਵਿੱਚ ਵੜ੍ਹ ਜਾਂਦਾ ਸੀ। ਅਸੀਂ ਸਾਰੇ ਇੰਨਾ ਪ੍ਰੇਸ਼ਾਨ ਹੋ ਗਏ ਸੀ ਕਿ ਪਿੰਡ ਦੇ ਲੋਕਾਂ ਨੇ ਪਿਛਲੀਆਂ ਚੋਣਾਂ ਦਾ ਬਾਈਕਾਟ ਕੀਤਾ ਸੀ।" ਪੈਰਾਂ ਤੋਂ ਅਪਾਹਜ ਬਲਿਕਰਣ ਦੱਸਦੇ ਹਨ, "ਫਿਰ ਸਮ੍ਰਿਤੀ ਈਰਾਨੀ ਆਏ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕੀ ਤੁਸੀਂ ਲੋਕ ਚੋਣਾਂ ਦਾ ਬਾਈਕਾਟ ਨਾ ਕਰੋ, ਮੈਂ ਭਾਵੇਂ ਜਿੱਤਾਂ ਜਾਂ ਹਾਰਾਂ ਮੈਂ ਡੈਮ ਜ਼ਰੂਰ ਬਣਾਵਾਂਗੀ।" ਇਹ ਗੱਲ 2014 ਦੀ ਹੈ, ਬਲਿਕਰਣ ਕਹਿੰਦੇ ਹਨ ਕਿ ਜਦੋਂ 2019 ਦੀਆਂ ਚੋਣਾਂ ਹੋਈਆਂ ਤਾਂ ਪਿਪਲੀ ਜਮਾਲਪੁਰ ਅਤੇ ਨੇੜਲੇ ਕਰੀਬ 28 ਪਿੰਡਾਂ ਨੇ ਖੁੱਲ੍ਹ ਕੇ ਸਮ੍ਰਿਤੀ ਈਰਾਨੀ ਨੂੰ ਵੋਟ ਦਿੱਤਾ। ਹਾਲ ਵਿੱਚ ਹੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਤਕਰੀਬਨ 55 ਹਜ਼ਾਰ ਵੋਟਾਂ ਨਾਲ ਹਰਾਉਣ ਵਾਲੀ ਸਮ੍ਰਿਤੀ ਈਰਾਨੀ ਨਾਲ ਜੁੜੇ ਅਜਿਹੇ ਕਈ ਕਿੱਸੇ ਕਾਫੀ ਜ਼ਬਾਨਾਂ ਤੋਂ ਸੁਣਨ ਨੂੰ ਮਿਲਦੇ ਹਨ। ਲੋਕ ਉਨ੍ਹਾਂ ਨੂੰ 'ਦੀਦੀ' ਬੁਲਾ ਰਹੇ ਹਨ।

### 'ਦੀਦੀ ਹੈ ਤਾਂ ਮੁਮਕਿਨ ਹੈ'

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਵਿੱਚ ਇੱਕ ਨਾਅਰਾ ਥਾਂ-ਥਾਂ ਚਿਪਕਿਆ ਹੈ, 'ਦੀਦੀ ਹੈ ਤਾਂ ਮੁਮਕਿਨ ਹੈ'। ਜ਼ਿਲ੍ਹਾ ਦਫਤਰ ਵਿੱਚ ਹੀ ਪ੍ਰਧਾਨ ਦੇ ਕਮਰੇ ਵਿਚਾਲੇ ਹੈ - ਵਾਰ ਰੂਮ - ਸੀਸੀਟੀਵੀ ਤੇ ਚਾਰ-ਪੰਜ ਡੈਸਕਟੌਪ ਕੰਪਿਊਟਰਜ਼ ਵਾਲਾ ਇੱਕ ਛੋਟਾ ਜਿਹਾ ਕਮਰਾ ਹੈ ਜਿੱਥੇ ਕੰਪਿਊਟਰ ਇੰਜੀਨੀਅਰ ਵਿਵੇਕ ਮਾਹੇਸ਼ਵਰੀ ਦੀ ਟੀਮ ਬੈਠਦੀ ਹੈ। ਵਿਵੇਕ ਨੇ ਦੱਸਿਆ, "ਸਾਡਾ ਕੰਮ ਸੀ ਆਪਣੀਆਂ ਗੱਲਾਂ ਨੂੰ ਦੂਰ ਤੱਕ ਪਹੁੰਚਾਉਣਾ। ਜ਼ਿਲ੍ਹੇ ਦੇ ਹਰ ਬਲਾਕ ਵਿੱਚ ਸਾਡੀ ਟੀਮ ਸੀ। ਚੀਜ਼ਾਂ ਵਟਸਐਪ 'ਤੇ ਫਾਰਵਰਡ ਕੀਤੀਆਂ ਜਾਂਦੀਆਂ ਸਨ।" "ਅਮੇਠੀ ਟਵਿੱਟਰ 'ਤੇ ਕਾਫੀ ਐਕਟਿਵ ਹੈ, ਇਸ ਦੇ ਨਾਲ ਹੀ ਫੇਸਬੁੱਕ 'ਤੇ ਵੀ। ਤੁਸੀਂ ਕੁਝ ਕਰ ਰਹੇ ਹੋਵੋ, ਉਸ ਦਾ ਲਾਈਵ ਕਰਨਾ ਕਾਫੀ ਅਸਰਦਾਰ ਰਹਿੰਦਾ ਸੀ। ਪੇਂਡੂ ਜਨਤਾ ਫੇਸਬੁੱਕ ਨਾਲ ਵੱਧ ਜੁੜੀ ਹੋਈ ਹੈ।" ਪਿਪਲੀ ਡੈਮ ਦੇ ਕਿੱਸੇ ਨਾਲ ਕਈ ਹੋਰ ਕਹਾਣੀਆਂ ਜੁੜਦੀਆਂ ਗਈਆਂ। ਉਸ ਅਮੇਠੀ ਵਿੱਚ ਜਿੱਥੇ ਇੱਕ ਵਾਰ ਵੋਟ ਮੰਗਣ ਤੋਂ ਬਾਅਦ ਕਾਂਸ਼ੀ ਰਾਮ ਤੋਂ ਲੈ ਕੇ ਸ਼ਰਦ ਯਾਦਵ ਅਤੇ ਰਾਜਮੋਹਨ ਗਾਂਧੀ ਤੇ ਲੈ ਕੇ ਕੁਮਾਰ ਵਿਸ਼ਵਾਸ ਤੱਕ ਮੁੜ ਨਹੀਂ ਗਏ ਸਨ, ਈਰਾਨੀ ਵਾਰ-ਵਾਰ ਜਾਂਦੀ ਅਤੇ ਡੇਰਾ ਲਗਾਉਂਦੀ ਸੀ।

### ਰਾਹੁਲ ਤੋਂ ਸ਼ਿਕਾਇਤ

ਅਮੇਠੀ ਵਾਲਿਆਂ ਨੂੰ ਰਾਹੁਲ ਗਾਂਧੀ ਤੋਂ, ਜਿੱਥੇ ਉਹ ਤਿੰਨ ਵਾਰ ਸੰਸਦ ਮੈਂਬਰ ਰਹਿ ਚੁੱਕੇ ਸਨ, ਇਹੀ ਸਭ ਤੋਂ ਵੱਡੀ





ਸ਼ਿਕਾਇਤ ਹੈ। ਸਈਦ ਮੋਈਨ ਸ਼ਾਹ ਕਹਿੰਦ ਹਨ, "ਜੇ ਉਹ ਆਉਂਦੇ ਵੀ ਸਨ ਤਾਂ ਉਨ੍ਹਾਂ ਦੇ ਦੋ-ਤਿੰਨ ਹੀ ਮੁਕਾਮ ਸਨ, ਜਾਇਸ, ਜਗਦੀਸ਼ਪੁਰ, ਉਨ੍ਹਾਂ ਦਾ ਆਪਣਾ ਗੈਸਟ ਹਾਊਸ ਅਤੇ ਫਿਰ ਚਲੇ ਜਾਂਦੇ।" "ਤਿੰਨ-ਚਾਰ ਥਾਂਵਾਂ 'ਤੇ ਜਾਣ ਨਾਲ ਗੱਲ ਨਹੀਂ ਬਣਦੀ, ਕਿਸੇ ਨੂੰ ਆਪਣੀ ਗੱਲ ਦੱਸਣੀ ਹੋਵੇ ਤਾਂ ਕਿਵੇਂ ਦੱਸੇ?" ਭਾਵੇਂ ਗਾਂਧੀ ਪਰਿਵਾਰ ਦੇ ਨੁਮਾਇੰਦੇ ਖੇਤਰ ਵਿੱਚ ਮੌਜੂਦ ਰਹਿੰਦੇ ਸਨ ਪਰ ਲੋਕਾਂ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਮਿਲਣਾ ਸੌਖਾ ਨਹੀਂ ਸੀ। ਮੋਈਨ ਸ਼ਾਹ ਰਾਮਨਗਰ ਵਿੱਚ ਰਹਿੰਦੇ ਸਨ, ਅਮੇਠੀ ਰਾਜਘਰਾਨੇ ਦੇ ਪੁਰਾਣੇ ਮਹਿਲ ਕੋਲ ਹੁਣ ਜੋ ਬੰਦ ਪਿਆ ਹੈ। ਇਹ ਕਿਹਾ ਜਾਂਦਾ ਹੈ ਕਿ ਅਮੇਠੀ ਦੇ ਰਾਜਾ ਰਣਜਯ ਸਿੰਘ ਨੇ ਹੀ ਸੰਜੇ ਗਾਂਧੀ ਨੂੰ ਅਮੇਠੀ ਤੋਂ ਚੋਣ ਲੜਨ ਦਾ ਸੁਝਾਅ ਦਿੱਤਾ ਸੀ। ਭਾਵੇਂ ਸੰਜੇ ਗਾਂਧੀ 1977 ਦੀ ਚੋਣ ਐਮਰਜੈਂਸੀ ਤੋਂ ਬਾਅਦ ਇੰਦਰਾ ਵਿਰੋਧੀ ਲਹਿਰ ਕਾਰਨ ਹਾਰ ਗਏ ਸਨ ਪਰ ਉਨ੍ਹਾਂ ਨੂੰ ਲੱਖ ਤੋਂ ਵੱਧ ਵੋਟ ਹਾਸਿਲ ਹੋਏ ਸਨ। ਰਾਮਨਗਰ ਤੋਂ ਚੰਦ ਕਿ-ਲੋਮੀਟਰ ਦੂਰ ਮੁਸਾਫਿਰਖਾਨਾ ਨੂੰ ਜਾਣ ਵਾਲੇ ਰਸਤੇ ਕਿਨਾਰੇ ਰਾਮਵਰਕਸ਼ ਮੋਚੀ ਦੀ ਦੁਕਾਨ ਹੈ। ਉਹ ਕਹਿੰਦੇ ਹਨ, "ਜਿਵੇਂ ਸਮ੍ਰਿਤੀ ਈਰਾਨੀ ਪ੍ਰਚਾਰ ਕਰਦੀ ਰਹੀਂ ਅਤੇ ਪਿੰਡ-ਪਿੰਡ ਜਾ ਕੇ ਵੋਟ ਮੰਗਦੀ ਰਹੀਂ ਉੰਝ ਹੀ ਅਸੀਂ ਚਾਹ ਰਹੇ ਸੀ ਕਿ ਉਹ ਵੀ ਕਰਨ।" "ਜਨਤਾ ਤਰਸ ਰਹੀ ਸੀ, ਸਮ੍ਰਿਤੀ ਦੇਖਣ ਨੂੰ ਤਾਂ ਮਿਲਦੀ ਸੀ।" ਰਾਮਵਰਕਸ਼ ਦੀ ਦੁਕਾਨ ਨੇੜੇ ਕਾਂਗਰਸੀ ਸ਼ੀਤਲਾ ਪ੍ਰਸਾਦ ਯਾਦਵ ਵੀ ਸਨ ਅਤੇ ਉਨ੍ਹਾਂ ਨੇ ਇਸ ਵਾਰ ਵੀ ਵੋਟ ਕਾਂਗਰਸ ਨੂੰ ਦਿੱਤਾ ਪਰ ਉਹ ਆਪਣੀ ਲੀਡਰਸ਼ਿਪ ਨਾਲ ਬਹੁਤ ਦੁਖੀ ਹਨ। ਉਹ ਕਹਿੰਦੇ ਹਨ, "ਵਰਕਰਾਂ ਨੂੰ ਬਿਲਕੁੱਲ ਪੁੱਛਿਆ ਨਹੀਂ ਜਾਂਦਾ ਹੈ।" ਕਾਂਗਰਸ ਦੇ ਯੋਗੇਂਦਰ ਮਿਸ਼ਰ ਇਨ੍ਹਾਂ ਇਲਜ਼ਾਮਾਂ ਨੂੰ ਖਾਰਿਜ਼ ਕਰਦੇ ਹਨ ਅਤੇ ਦੱਸਦੇ ਹਨ ਕਿ ਰਾਹੁਲ ਗਾਂਧੀ ਕਈ ਵਾਰ ਆਉਂਦੇ ਸਨ। ਲੋਕਾਂ ਨਾਲ ਮਿਲਣ ਲਈ ਵੱਖ ਸਮਾਂ ਰੱਖਿਆ ਜਾਂਦਾ ਸੀ। ਜੇ ਕੋਈ ਕਿਸੇ ਕੰਮ ਲਈ ਕਹਿੰਦਾ ਸੀ ਤਾਂ ਉਸ ਨੂੰ ਬਕਾਇਦਾ ਨੋਟ ਕੀਤਾ ਜਾਂਦਾ ਸੀ।

### 'ਅਸੀਂ ਕਿਸ ਨੂੰ ਨਿਸ਼ਾਨਾ ਬਣਾਈਏ'

ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਖਿਲਾਫ਼ ਪੁਲਿਸ ਨੇ ਤਕਰੀਬਨ ਤਿੰਨ ਸਾਲ ਤੱਕ ਕਿਸੇ ਵੀ ਤਰੀਕੇ ਦੀ ਕੋਈ ਚਾਰਜਸ਼ੀਟ ਦਾਇਰ ਨਹੀਂ ਕੀਤੀ ਹੈ ਤਾਂ ਕਈ ਲੋਕਾਂ ਨੇ ਇੱਕੋ ਨਾਲ ਕਿਹਾ, "ਜੀ ਦੇਸ ਨੇ ਫੈਸਲਾ ਕਰ ਲਿਆ ਹੈ ਕਿ ਉਹ ਲੋਕ ਭਾਰਤ ਦੇ ਟੁਕੜੇ-ਟੁਕੜੇ ਹੁੰਦੇ ਵੇਖਣਾ ਚਾਹੁੰਦੇ ਹਨ। ਉੱਥੇ ਹੀ ਪ੍ਰਗਿਆ ਠਾਕੁਰ ਖਿਲਾਫ ਅਦਾਲਤ ਵਿੱਚ ਜਾਰੀ ਮਾਲੇਗਾਂਓ ਧਮਾਕੇ ਦੇ ਮਾਮਲੇ ਨੂੰ ਇੱਥੋਂ ਦੇ ਲੋਕਾਂ ਨੇ ਸਾਜ਼ਿਸ਼ ਅਤੇ ਹਿੰਦੂਆਂ ਨੂੰ ਬਦਨਾਮ ਕਰਨ ਦੀ ਚਾਲ ਦੱਸਿਆ। ਇਸ ਸਵਾਲ 'ਤੇ, ਕੀ ਕਾਂਗਰਸ ਇਸ ਤਰ੍ਹਾਂ ਦੇ ਨੈਰੇਟਿਵ ਨੂੰ ਕਿਉਂ ਕਾਊਂਟਰ ਨਹੀਂ ਕਰ ਸਕੀ, ਪਾਰਟੀ ਦੇ ਆਗੂ ਅਨਿਲ ਸਿੰਘ ਕਹਿੰਦੇ ਹਨ, "ਉਹ ਨਹਿਰੂ ਨੂੰ ਗਾਲੀ ਦਿੰਦੇ ਹਨ, ਇੰਦਰਾ ਗਾਂਧੀ ਨੂੰ ਗਾਲੀ ਦਿੰਦੇ ਹਨ, ਅਸੀਂ ਕਿਸ ਨੂੰ ਬੁਰਾ ਭਲਾ ਕਹੀਏ, ਉਨ੍ਹਾਂ ਦੇ ਹੀਰੋ ਨਾਥੂਰਾਮ ਗੋਡਸੇ ਨੂੰ!" ਕਿਹਾ ਇਹ ਵੀ ਜਾ ਰਿਹਾ ਹੈ ਕਿ 10 ਸਾਲਾਂ ਤੱਕ ਕੇਂਦਰ ਵਿੱਚ ਕਾਂਗਰਸ ਸਰਕਾਰ ਰਹਿਣ ਦੇ ਬਾਵਜੂਦ ਰਾਹੁਲ ਗਾਂਧੀ ਨੇ ਅਮੇਠੀ ਲਈ ਕੁਝ ਨਹੀਂ ਕੀਤਾ। ਜੋ ਵੀ ਦਿਖ ਰਿਹਾ ਹੈ ਉਹ ਰਾਜੀਵ ਗਾਂਧੀ ਦੇ ਵੇਲੇ ਦਾ ਹੈ। ਭਾਵੇਂ ਹਸਪਤਾਲ, ਜਾਂ ਬੀ ਐੱਚ ਈ ਐੱਲ, ਐੱਚਏਐੱਲ, ਏਸੀਸੀ ਜਾਂ ਸੰਜੇ ਗਾਂਧੀ ਹਸਪਤਾਲ ਹੈ ਉਹ ਵੀ ਰਾਜੀਵ ਗਾਂਧੀ ਦੇ ਵੇਲੇ ਦਾ ਹੈ। ਇਹ ਗੱਲ ਸੁਣਦੇ ਹੀ ਇੱਕ ਵਿਅਕਤੀ ਗੁੱਸੇ ਵਿੱਚ ਕਹਿਣ ਲਗਦੇ ਹਨ, "ਹਾਂ-ਹਾਂ ਸਮ੍ਰਿਤੀ ਜੀ ਨੇ ਤਾਂ ਬਹੁਤ ਕੰਮ ਕੀਤਾ ਹੈ, ਉਹ ਟ੍ਰਿਪਲ ਆਈਟੀ ਇੱਥੋਂ ਲੈ ਗਈ, ਗੰਨਾ ਕਾਰਖਾਨਾ ਸੀ ਜਿਸ ਨੂੰ ਉਨ੍ਹਾਂ ਨੇ ਇੱਥੋਂ ਕਿਤੇ ਹੋਰ ਭਿਜਵਾ ਦਿੱਤਾ।" ਯੋਗੇਂਦਰ ਮਿਸ਼ਰ ਦਾਅਵਾ ਕਰਦੇ ਹਨ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਤੋਂ ਹੀ ਅਮੇਠੀ ਨੂੰ ਟਾਰਗੇਟ ਕੀਤਾ ਗਿਆ ਅਤੇ ਚੋਣਾਂ ਵਿੱਚ ਬੇਪਨਾਹ ਪੈਸੇ ਖਰਚ ਕੀਤੇ ਗਏ। ਭਾਜਪਾ ਦੇ ਪ੍ਰਧਾਨ ਗੋਵਿੰਦ ਸਿੰਘ ਚੌਹਾਨ ਇਸ ਨੂੰ ਝੂਠ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਇਹ ਮੋਦੀ ਮੈਜਿਕ ਤੇ ਸਮ੍ਰਿਤੀ ਈਰਾਨੀ ਦੀ ਮਿਹਨਤ ਦਾ ਨਤੀਜਾ ਹੈ।

### ਕਾਂਗਰਸ ਦਾ ਓਵਰ ਕੌਨਫੀਡੈਂਸ

ਡਾਕਟਰ ਅੰਗਦ ਸਿੰਘ ਸਥਾਨਕ ਕਾਲਜ ਵਿੱਚ ਪੜ੍ਹਾਉਂਦੇ ਰਹੇ ਹਨ। ਉਨ੍ਹਾਂ ਦੇ ਮੁਤਾਬਿਕ ਕਾਂਗਰਸ ਵਿੱਚ ਲੋੜ ਤੋਂ ਵੱਧ ਆਤਮ ਵਿਸ਼ਵਾਸ ਸੀ ਜਿਸ ਦਾ ਨਤੀਜਾ ਸਾਹਮਣੇ ਹੈ। ਅੰਗਦ ਸਿੰਘ ਅਨੁਸਾਰ ਰਾਹੁਲ ਗਾਂਧੀ ਦੇ ਵਾਇਨਾਡ ਤੋਂ ਚੋਣ ਲੜਨ ਨਾਲ ਇੱਕ ਵੱਡਾ ਨੈਗੇਟਿਵ ਮੈਸੇਜ ਗਿਆ ਕਿਉਂਕਿ ਅਮੇਠੀ ਦੀ ਜਨਤਾ ਨੂੰ ਲਗਿਆ ਕਿ ਉਹ ਇੱਥੋਂ ਦੇ ਲੋਕਾਂ 'ਤੇ ਭਰੋਸਾ ਨਹੀਂ ਕਰਦੇ ਹਨ। ਅਮੇਠੀ ਵਿੱਚ 2014 ਲੋਕ ਸਭਾ ਚੋਣਾਂ ਵਿੱਚ ਹੀ ਰਾਹੁਲ ਗਾਂਧੀ ਅਤੇ ਸਮ੍ਰਿਤੀ ਈਰਾਨੀ ਦੀ ਹਾਰ-ਜਿੱਤ ਦਾ ਫਾਸਲਾ ਘੱਟ ਹੋ ਕੇ ਇੱਕ ਲੱਖ ਤੋਂ ਕੁਝ ਉੱਪਰ ਤੱਕ ਪਹੁੰਚ ਗਿਆ ਸੀ। 2017 ਵਿਧਾਨ ਸਭਾ ਵਿੱਚ ਪੰਜ ਦੀਆਂ ਪੰਜ ਸੀਟਾਂ ਭਾਜਪਾ ਤੇ ਸਪਾ ਦੇ ਖਾਤੇ ਵਿੱਚ ਚੱਲੀਆਂ ਗਈਆਂ ਸਨ।



# ਪੈਰਿਸ ਵਿਖੇ ਡਾਕਟਰ ਬੀ ਆਰ ਅੰਬੇਦਕਰ ਜੀ ਦਾ 128 ਵਾ ਜਨਮ ਦਿਨ ਮਨਾਇਆ

**ਅਲਾਵਲਪੁਰ (ਮਦਨ ਬੰਗੜ)-** ਭਗਵਾਨ ਵਾਲਮੀਕਿ ਨੌਜਵਾਨ ਸਭਾ ਪੈਰਿਸ (ਫਰਾਂਸ) ਤੇ ਸਤਿਗੁਰੂ ਰਵਿਦਾਸ ਸਭਾਵਾਂ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਬਾਬਾ ਸਾਹਿਬ ਅੰਬੇਡਕਰ ਜੀ ਦਾ 128ਵਾਂ ਜਨਮ ਦਿਵਸ ਪੈਰਿਸ ਵਿੱਚ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਇੰਡੀਆ ਤੋਂ ਪਹੁੰਚੇ ਮਿਸ਼ਨਰੀ ਕਲਾਕਾਰ ਅਮਰ ਸਿੰਘ ਲਿੱਤਰਾ, ਬੀਬਾ ਰਜਨੀ ਜੈਨ ਨੇ ਮਿਸ਼ਨਰੀ ਗੀਤਾਂ ਨਾਲ ਨਿਹਾਲ ਕੀਤਾ ਇਹਨਾਂ ਇਲਾਵਾ ਬਿੰਟੂ ਬੰਗੜ, ਰੱਜਤ ਮੱਲ, ਕਿਸ਼ੋਰੀ ਲਾਲ ਕੇ, ਡੀ (ਪੈਰਿਸ) ਜਿਨਾ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਤੇ ਵਿਚਾਰਧਾਰਾ ਦਾ ਗੁਣਗਾਣ ਕੀਤਾ।





ਭਗਵਾਨ ਵਾਲਮੀਕਿ ਨੌਜਵਾਨ ਸਭਾ ਪੈਰਿਸ (ਫਰਾਂਸ) ਸਭਾ ਦੇ ਕਮੇਟੀ ਮੈਂਬਰ ਸੁਰਿੰਦਰਪਾਲ ਨਾਹਰ (ਪ੍ਰਧਾਨ), ਪਿਆਰਾ ਲਾਲ (ਵਾਈਸ ਪ੍ਰਧਾਨ), ਸੁੱਚਾ ਸੱਭਰਵਾਲ (ਜਰਨਲ ਸਕੱਤਰ), ਸੋਮਨਾਥ ਲੁੱਥਰਾ (ਹੈੱਡ ਕੈਸ਼ੀਅਰ), ਗੁਰਪ੍ਰੀਤ ਲੱਕੀ (ਕੈਸ਼ੀਅਰ), ਗੁਰੂ ਰਵਿਦਾਸ ਸਭਾ ਪੈਰਿਸ ਤੋਂ ਚਮਨ ਲਾਲ, ਰੋਸ਼ਨ ਗੁਰੂ ਮੁਖਤਿਆਰ ਕੌਲ , ਪਰਮਿੰਦਰ ਸਿੰਘ ਬਲੋਮੀਨਲ ਗੁਰੂ ਘਰ ਤੋਂ ਰਾਮ ਲਾਲ, ਅਮਰਜੀਤ ਲਾਖਾ, ਬਲਬੀਰ ਮੌਲੀ ਨਿਰਮਲ ਸਹੋਤਾ (ਗੀਤਕਾਰ), ਮੰਗਾ ਘਾਰੂ, ਦੀਪਾ ਖੋਸਲਾ, ਵਿੱਕੀ ਗਿੱਲ, ਬੰਟੀ ਗਿੱਲ, ਹੈਪੀ ਨਾਹਰ, ਜਗਤਾਰ (ਮਸਤ), ਕੁਲਦੀਪ ਪੰਨੂੰ, ਵਿਜੇ ਰੰਧਾਵਾ, ਸੋਨੂੰ ਹੰਸ, ਹੈਪੀ ਬਡਾਲਾ, ਗੁਰਜੀਤ ਰੱਤੀ, ਸੇਵਾ ਸਿੰਘ ਅਟਵਾਲ, ਸਾਗਰ ਅਟਵਾਲ, ਮੰਗਲਜੀਤ ਸੱਭਰਵਾਲ, ਗੁਰਮੀਤ ਮੱਟੂ, ਸੁਰਜੀਤ ਧਾਮ, ਪਿਆਰ ਕੰਡਿਆਲ, ਰਾਕੇਸ਼ ਗਿੱਲ, ਸਾਬੀ ਖੋਸਲਾ, ਗੁਰਕੀਰਤ ਸ਼ੇਰਗਿੱਲ ਤੇ ਹੋਰ ਵੀਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

ਪ੍ਰਬੰਧਕ ਕਮੇਟੀ ਵਲੋਂ ਮਿਸ਼ਨਰੀ ਕਲਾਕਾਰਾਂ ਨੂੰ ਸਿਰੋਪੇ ਅਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ ਨਿਰਮਲ ਸਹੋਤਾ ਜੀ ਨੇ ਪ੍ਰੋਗ੍ਰਾਮ ਵਿਚ ਸ਼ਾਮਿਲ ਹੋਏ ਸਭ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਪਰਮਿੰਦਰ ਪੈਰਿਸ ਵਲੋਂ ਬਾਖੂਬੀ ਨਿਭਾਈ ਗਈ।

ਆਉਣ ਵਾਲੇ ਸਮੇ ਵਿਚ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਉਣ ਲਾਏ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾਣਗੇ।

# ਜਗਜੀਤ ਸਿੰਘ ਸਿੱਧੂ ਪਰਿਵਾਰ ਨੂੰ ਸਦਮਾ

ਸ. ਜਗਜੀਤ ਸਿੰਘ ਸਿੱਧੂ ਅਤੇ ਸਿੱਧੂ ਪਰਿਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਿਆ ਜਦੋਂ ਬੀਬੀ ਨਰਿੰਦਰ ਕੌਰ ਸਿੱਧੂ ਪਤਨੀ ਸ. ਜਗਜੀਤ ਸਿੰਘ ਸਿੱਧੂ ਬੀਤੀ 9 ਮਈ 2019 ਨੂੰ ਡਿੱਗਣ ਕਾਰਨ ਜ਼ਖਮੀ ਹੋ ਗਈ ਅਤੇ ਉਹਨਾਂ ਦੀ ਮੌਤ ਹੋ ਗਈ।



ਉਹ ਇਕ ਮਹਾਨ ਪਤਨੀ, ਮਾਤਾ ਅਤੇ ਦਾਦੀ ਸੀ। ਸ. ਜਗਜੀਤ ਸਿੰਘ ਸਿੱਧੂ ਆਪਣੀ ਪਤਨੀ ਅਤੇ ਪਰਿਵਾਰ ਸਮੇਤ ਗੁਰੂ ਘਰ ਨਾਲ ਕਾਫੀ ਲੰਮੇ ਸਮੇਂ ਤੋਂ ਜੁੜੇ ਹੋਏ ਸਨ। ਉਹ ਭਾਈਚਾਰੇ ਵਿਚ ਬਹੁਤ ਜਾਣੇ-ਪਹਿਚਾਣੇ ਸਨ। ਉਹ ਆਪਣੇ ਪਿੱਛੇ ਆਪਣੇ ਪਤੀ ਜਗਜੀਤ ਸਿੰਘ ਸਿੱਧੂ, ਪੁੱਤਰ ਆਦੇਸ਼ ਸਿੰਘ ਸਿੱਧੂ ਅਤੇ ਉਹਨਾਂ ਦੀ ਪਤਨੀ ਰੂਬੀ ਸਿੱਧੂ, ਲੜਕੀ ਨਿਰਮਲ ਜੌਹਲ ਅਤੇ ਉਹਨਾਂ ਦੇ ਪਤੀ ਪਰਮਜੀਤ ਜੌਹਲ ਸਮੇਤ ਹੱਸਦਾ ਵੱਸਦਾ ਪਰਿਵਾਰ ਛੱਡ ਗਏ ਹਨ। ਵਿੱਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਗੁਰੂ ਘਰ ਵਿਖੇ ਅਰਦਾਸ ਕੀਤੀ ਗਈ ਅਤੇ ਲੰਗਰ ਵਰਤਾਇਆ ਗਿਆ।

# ਸਿਲੀਕਾਨ ਵੈਲੀ (ਕੈਲੇਫੋਰਨੀਆ) ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਸੈਂਟਾ ਕਲਾਰਾ (ਪ੍ਰਵਾਨਾ)- ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਛੋਟਾ ਘੱਲੂਘਾਰਾ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਿਲੀਕਾਨ ਵੈਲੀ ਗੁਰਦੁਆਰਾ, ਸੈਂਟਾ ਕਲਾਰਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਏ। ਪ੍ਰਵਾਨਾ ਨੇ ਮੰਚ ਸੰਭਾਲਦਿਆਂ ਇਤਿਹਾਸ ਤੇ ਰੌਸ਼ਨੀ ਪਾਈ ਗਈ। ਛੋਟਾ ਘੱਲੂਘਾਰਾ ਸਿੱਖਾਂ ਅਤੇ ਮੁਗਲਾਂ ਦਰਮਿਆਨ 17 ਮਈ 1746 ਨੂੰ ਵਾਪਰਿਆ। ਜੋ ਖੂਨੀ ਦੁਖਾਂਤ ਹੈ।



ਮੁਗਲ ਗਵਰਨਰ ਲਖਪਤ ਰਾਏ ਦਾ ਭਰਾ ਸਿੱਖਾਂ ਨਾਲ ਹੋਈ ਝੜੱਪ ਵਿਚ ਮਾਰਿਆ ਗਿਆ ਤਾਂ ਉਸਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਕਸਮ ਖਾਧੀ। ਕਾਹਨੂੰਵਾਨ ਛੰਬ ਵਿਚ ਉਸਨੇ ਸਿੱਖਾਂ ਨੂੰ ਘੇਰ ਕੇ ਸ਼ਹੀਦ ਕੀਤਾ। 7 ਹਜ਼ਾਰ ਸਿੰਘ ਮੌਕੇ 'ਤੇ ਸ਼ਹੀਦ ਹੋਏ ਜਦਕਿ 3 ਹਜ਼ਾਰ ਸਿੰਘ ਲਾਹੌਰ ਦੇ ਨਾਖਾਸ ਚੌਂਕ ਵਿਚ ਸ਼ਹੀਦ ਕੀਤਾ ਗਿਆ। ਇਸ ਮੌਕੇ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ।

# ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋ ਬਸਪਾ ਤੇ PDA ਨੂੰ ਵੋਟ ਦੇਣ ਲਈ ਧੰਨਵਾਦ

ਬਸਪਾ ਨੂੰ ਲੋਕ ਸਭਾ ਹਲਕਾ ਜਲੰਧਰ ਤੋਂ 2014 ਵਿੱਚ 47875 ਵੋਟਾਂ ਪਈਆ ਸੀ ਤੇ ਇਸ ਬਾਰ 2019 ਵਿੱਚ 2 ਲੱਖ 47 ਹਜਾਰ 712 ਵੋਟਾਂ ਪਈਆਂ, ਜੋ ਕਿ 2014 ਨਾਲੋ 3 ਗੁਣਾ ਜਿਆਦਾ ਹੈ। ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਵਿੱਚ ਵੀ 2014 ਵਿੱਚ 70,467 ਤੇ ਇਸ ਬਾਰ 2019 ਵਿੱਚ 1 ਲੱਖ 46 ਹਜਾਰ 77 ਵੋਟਾ ਪਈਆ, ਜੋ ਕਿ 2014 ਨਾਲੋ 2019 ਵਿੱਚ ਦੁਗਣੀਆਂ ਹਨ। ਇਸੇ ਤਰਾ ਹੀ ਲੋਕ ਸਭਾ ਹਲਕਾ ਹੁਸਿਆਰਪੁਰ ਵਿੱਚ ਵੀ 2014 ਵਿੱਚ 48678 ਵੋਟਾ ਪਈਆ ਸੀ ਤੇ 2019 ਵਿੱਚ 1 ਲੱਖ 28 ਹਜਾਰ 2 ਸੌ 17 ਵੋਟਾ ਪਈਆਂ। ਜੇਕਰ ਇਸੇ ਤਰਾਂ ਵੋਟਾਂ 2022 ਵਿੱਚ ਪੈ ਗਈਆ ਤਾ ਬਹੁਜਨ ਸਮਾਜ ਪਾਰਟੀ ਦੇ 10-15 ਉਮੀਦਵਾਰ ਜਿੱਤ ਜਾਣਗੇ। ਅਸੀ ਜਿੱਤਾਂਗੇ ਜਰੂਰ ਜਾਰੀ ਜੰਗ ਰੱਖਿਓ।

# ਕਰਮਨ ਯੂਨੀਫਾਈਡ ਸਕੂਲ ਵੱਲੋਂ ਸੰਗੀਤ ਸਿੱਖਲਾਈ ਕੈਂਪ ਲੱਗਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਦੇ "ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ" ਵੱਲੋਂ ਆਪਣੇ ਬੱਚਿਆ ਨੂੰ ਪੜਾਈ ਦੇ ਨਾਲ ਜੋੜਨ ਤੋਂ ਇਲਾਵਾ ਖੇਡਾਂ ਅਤੇ ਸੰਗੀਤਕ ਨਾਲ ਜੋੜਿਆ ਜਾਂਦਾ ਹੈ। ਇਸੇ ਲੜੀ ਅਧੀਨ ਵਿੱਦਿਅਕ ਸਾਲ ਦੇ ਆਖਰੀ ਦਿਨਾਂ ਵਿੱਚ ਬੱਚਿਆ ਨੂੰ ਇਲੈਕਟ੍ਰੋਨਿਕ, ਵੀਡੀਉ ਗੇਮਾਂ ਅਤੇ ਫੋਨਾਂ ਤੋਂ ਦੂਰ 'ਸਕੋਆ ਵੈਲੀ' ਦੇ ਪਹਾੜਾ ਦੀਆਂ ਵਾਦੀਆਂ ਵਿੱਚਕਾਰ ਡੰਨਲੋਪ ਦੇ ਇਲਾਕੇ ਵਿੱਚ ਤਿੰਨ ਦਿਨਾਂ ਸੰਗੀਤ ਸਿਖਲਾਈ ਕੈਂਪ ਲਾਇਆ ਗਿਆ। ਜਿਸ ਵਿੱਚ 70 ਦੇ ਕਰੀਬ ਬੱਚਿਆ ਨੇ ਹਿੱਸਾ ਲਿਆ ਅਤੇ ਇਸ ਕੈਂਪ ਦਾ ਸਮੁੱਚਾ ਖਰਚ ਸਕੂਲ ਵੱਲੋਂ ਅਦਾ ਕੀਤਾ ਗਿਆ। ਜਿੱਥੇ ਬੱਚਿਆ ਨੇ ਗਟਾਰ, ਆਟੋਹਾਰਪ, ਬੰਸਰੀ-ਅਲਗੋਜੇ, ਡਰੰਮ ਅਤੇ ਹੋਰ ਬਹੁਤ ਸਾਰੇ ਸੱਭਿਆਚਾਰਾਂ ਨਾਲ ਸੰਬੰਧਤ ਸਾਜ਼ਾਂ ਦਾ ਗਿਆਨ ਪ੍ਰਾਪਤ ਕੀਤਾ। ਇਸ ਕੈਂਪ ਦੀ ਖਾਸ਼ ਗੱਲ ਇਹ ਵੀ ਰਹੀ ਕਿ ਬੱਚਿਆ ਨੂੰ ਵਿਹਲੇ ਸਮੇਂ ਦੌਰਾਨ ਪਹਾੜਾ 'ਤੇ ਹਾਈਕਿੰਗ ਕਰਨਾ, ਸਥਾਨਿਕ ਪੂਲ ਵਿੱਚ ਤੈਰਨਾ ਅਤੇ ਸੁਆਦਿਸ਼ਟ ਖਾਣਿਆਂ ਦਾ ਅਨੰਦ ਲੈਣਾ ਬਹੁਤ ਚੰਗਾ ਲੱਗਾ। ਆਖਰੀ ਦਿਨ ਕੈਂਪ ਦੀ ਸਮਾਪਤੀ 'ਤੇ ਬੱਚਿਆ ਨੇ ਆਪਣੇ ਮਾਪਿਆ ਅਤੇ ਸੰਗੀਤ ਕੈਂਪ ਦੇ ਪ੍ਰਬੰਧਕਾਂ ਦੀ ਹਾਜ਼ਰੀ ਵਿੱਚ ਆਪਣੇ-ਆਪਣੇ ਗਰੁੱਪਾ ਵਿੱਚ ਸਟੇਜ਼ ਤੋਂ ਸੰਗੀਤ ਦਾ ਖੁੱਲਾ ਪ੍ਰਦਰਸ਼ਨ ਕੀਤਾ। ਸਮੁੱਚੇ ਕੈਂਪ ਦੌਰਾਨ ਪੰਜਾਬੀ ਭਾਈਚਾਰੇ ਵਿੱਚੋ ਇਕ ਹੀ ਬੱਚੇ ਅੰਮ੍ਰਿਤਾਂ ਕੌਰ ਉੱਭੀ ਨੇ ਭਾਗ ਲਿਆ ਅਤੇ ਸੰਗੀਤ ਪ੍ਰੋਗਰਾਮ ਦੌਰਾਨ ਸਫਲ ਪ੍ਰਦਰਸ਼ਨ ਕੀਤਾ। ਜਦ ਕਿ ਬਾਕੀ ਭਾਈਚਾਰਿਆ ਦੇ ਮੁਕਾਬਲੇ ਪੰਜਾਬੀ ਬੱਚਿਆ ਦੀ ਘਾਟ ਜ਼ਰੂਰ ਮਹਿਸੂਸ ਹੋ ਰਹੀ ਸੀ। ਇਸ ਕੈਂਪ ਦੇ ਮੁੱਖ ਪ੍ਰਬੰਧਕ ਮਿਸਟਰ ਮਾਈਕਲ ਮਿਊਲਰ ਅਤੇ ਸਹਿਯੋਗੀਆ ਦੁਆਰਾਂ ਸਮੁੱਚੇ ਪ੍ਰਬੰਧ ਸੁਰੱਖਿਅਤ ਅਤੇ ਸਲਾਹੁਣਯੋਗ ਸਨ। ਇਸ ਕੈਂਪ ਦੀ ਸਫਲਤਾ ਲਈ ਕਰਮਨ ਸਕੂਲ ਬੋਰਡ ਵਧਾਈ ਦਾ ਪਾਤਰ ਹੈ। ਅੰਤ ਘਰ ਨੂੰ ਵਾਪਸੀ 'ਤੇ ਸਾਰੇ ਬੱਚਿਆ ਨੂੰ ਇਕ-ਇਕ ਗਟਾਰ ਮੁੱਫਤ ਵਿੱਚ ਦਿੱਤੀ ਗਈ। ਬੱਚਿਆ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਉਨ੍ਹਾਂ ਨੇ ਬਹੁਤ ਕੁਝ ਸਿੱਖਿਆ ਅਤੇ ਜ਼ਿੰਦਗੀ ਅੰਦਰ ਬਹੁਤ ਸੋਹਣੇ ਤਜਰਬੇ ਹੋਏ। ਜੋ ਉਨ੍ਹਾਂ ਦੀਆਂ ਯਾਦਾਂ ਵਿੱਚ ਹਮੇਸਾ ਸਿਖਿਆ-ਦਾਇਕ ਰਹਿਣਗੇ।





ਰਿਪਬਲਿਕਨ ਪਾਰਟੀ (ਅੰਬੇਦਕਰ) ਦੇ ਸ੍ਰੀ ਪ੍ਰਕਾਸ਼ ਚੰਦ ਜੱਸਲ ਅਤੇ ਮਲਿੰਦ ਪ੍ਰਕਾਸ਼ਨ ਸਿਧਾਰਥ ਨਗਰ ਜਲੰਧਰ ਦੇ ਮਾਲਕ ਸ੍ਰੀ ਹਰਮੇਸ਼ ਜੱਸਲ (ਜੱਸਲ ਜਠੇਰਿਆਂ ਦੇ ਮੇਲੇ ਮੌਕੇ) ਮਿਸ਼ਨਰੀ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਉਂਦੇ ਹੋਏ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (R) ਦੀ ਨਵੀਂ ਪ੍ਰਬੰਧਕੀ ਕਮੇਟੀ ਦੇ ਗਠਨ ਸਬੰਧੀ ਮੀਟਿੰਗ

ਮਿਤੀ 27 ਮਈ 2019 ਦਿਨ ਸੋਮਵਾਰ ਬਾਅਦ ਦੁਪਹਿਰ, 2 ਤੋਂ 4 ਵਜੇ ਤੱਕ, ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (R) ਦੀ ਨਵੀ ਪ੍ਰਬੰਧਕੀ ਕਮੇਟੀ ਦੇ ਗਠਨ ਸਬੰਧੀ, ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਨਵੇਂ ਬਣੇ ਪ੍ਰਧਾਨ (2019 ਤੋਂ 2021 ਤੱਕ) ਇੰਦਰਜੀਤ ਸਿੰਘ ਗਰੇਵਾਲ ਥਰੀਕੇ ਦੀ ਪ੍ਰਧਾਨਗੀ ਹੇਠ, ਕਬਾਬ ਕਾਰਨਰ 1001 ਜੈਫਰਸਨ ਬੁਲੇਵਾਰਡ ਵੈੱਸਟ ਸੈਕਰਾਮੈਂਟੋ ਵਿਖੇ ਹੋਈ !



ਪਸਸਕ ਨੂੰ ਉਸਾਰੂ ਢੰਗ ਨਾਲ ਚਲਾਉਣ ਅਤੇ ਪਸਸਕ ਦੀਆਂ ਗਤੀਵਿਧੀਆਂ ਨੂੰ ਨਿਰੰਤਰ ਚੱਲਦੇ ਰੱਖਣ ਤੇ ਮਾਂ ਬੋਲੀ ਪੰਜਾਬੀ ਦੇ ਪਾਸਾਰ ਅਤੇ ਪ੍ਰਚਾਰ ਨੂੰ ਤੇਜ ਗਤੀ ਦੇਣ ਲਈ ਅਗਲੇ ਦੋ ਸਾਲ ਤੱਕ , ਕਮੇਟੀ ਦਾ ਵਿਸਥਾਰ ਇਸ ਤਰਾਂ ਕੀਤਾ ਗਿਆ - ਪ੍ਰਧਾਨ-ਇੰਦਰਜੀਤ ਸਿੰਘ ਗਰੇਵਾਲ 'ਥਰੀਕੇ', ਉੱਪ ਪ੍ਰਧਾਨ-ਕਮਲ 'ਬੰਗਾ', ਸਲਾਹਕਾਰ-ਦਲਵੀਰ ਦਿਲ 'ਨਿੱਜਰ', ਜਨਰਲ ਸਕੱਤਰ-ਰਮੇਸ਼ 'ਬੰਗੜ', ਸਹਾਇਕ/ ਸਾਹਿਤ ਸਕੱਤਰ-ਜੋਤੀ ਸਿੰਘ, ਸ਼ੋਸ਼ਿਲ ਮੀਡੀਆ ਕੋਆੱਰਡੀਨੇਟਰ-ਗੁਰਿੰਦਰ ਸਿੰਘ 'ਸੂਰਾਪੁਰੀ'। ਪ੍ਰਬੰਧਕ/ ਆਰਗੇਨਾਈਜ਼ਰ-ਪ੍ਰਮਿੰਦਰ ਸਿੰਘ 'ਰਾਏ' ਅਤੇ ਦਿਲਬਾਗ ਸਿੰਘ!, ਪਸਸਕ ਦੇ ਸਰਪ੍ਰਸਤ-ਸ੍ਰ. ਮਹਿੰਦਰ ਸਿੰਘ 'ਘੱਗ' ਅਤੇ ਸਥਾਈ ਡਾਇਰੈਕਟਰ-ਸ੍ਰ. ਹਰਬੰਸ ਸਿੰਘ 'ਢਿੱਲੋਂ' ਜਗਿਆਸੂ ਹਨ !

ਅੱਜ ਦੀ ਕਾਰਜਕਰਨੀ ਦੀ ਮੀਟਿੰਗ ਵਿੱਚ ਇਹਨਾਂ ਅਹੁੱਦਿਆਂ ਨੂੰ ਕਰਮਵਾਰ ਸਵੀਕਾਰਦਿਆਂ ਸਨਮਾਨਯੋਗ ਅਹੁੱਦੇਦਾਰਾਂ ਨੇ ਪਸਸਕ ਨੂੰ ਅੰਤਰਰਾਸ਼ਟਰੀ ਪੱਧਰ ਤੇ ਫੈਲਾਉਣ ਅਤੇ ਪਰਚਾਰਨ ਵਿੱਚ ਆਪਣੀਆਂ ਸੌ ਪ੍ਰਤੀਸ਼ਤ ਕੋਸ਼ਿਸ਼ਾਂ ਕਰਨ ਲਈ ਵਚਨਬੱਧਤਾ ਪ੍ਰਗਟਾਈ ! ਪਸਸਕ ਦੀਆਂ ਮੀਟਿੰਗਾਂ ਵਿੱਚ ਭਰਵੀ ਹਾਜਰੀ ਲਈ ਨਵੇਂ ਮੈਂਬਰਾਂ ਦੀ ਭਰਤੀ ਲਈ ਅਤੇ ਹੋਰ ਵੀ ਕਈ ਤਰਾਂ ਦੇ ਮਸਲਿਆਂ ਉੱਪਰ ਭਰਪੂਰ ਵਿਚਾਰ ਵਟਾਂਦਰੇ ਕੀਤੇ ਗਏ !

ਕਬਾਬ ਕਾਰਨਰ ਦੇ ਮਾਲਕ ਕਾਇਸਰ ਸ਼ਾਹਯਾਦ ਵਲੌਂ ਪਸਸਕ ਕਾਰਜਕਰਨੀ ਕਮੇਟੀ ਨੂੰ ਚਾਹ ਪਾਣੀ ਅਤੇ ਪਕੌੜਿਆਂ ਨਾਲ ਅਤੇ ਆਪਣੇ ਰੈਸਟੋਰੈਂਟ ਤੇ ਮੀਟਿੰਗ ਕਰਨ ਲਈ ਪੂਰਾ ਭੇਟਾ ਰਹਿਤ ਸਹਿਯੋਗ ਦਿੱਤਾ ਗਿਆ, ਜਿਸਦਾ ਸਮੁੱਚੀ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (R) ਵਲੋਂ ਬਹੁਤ ਬਹੁਤ ਧੰਨਵਾਦ ਕੀਤਾ ਗਿਆ! ਸਭਾ ਦੇ ਮੈਂਬਰ ਬਣ ਕੇ ਸਰਗਰਮੀਆਂ ਵਿੱਚ ਭਾਗ ਲੈਣ ਲਈ ਜਾਂ ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ!

ਗਰੇਵਾਲ-916-248-1535
ਬੰਗੜ-916-821-2175
ਵਲੋਂ- ਇੰਦਰਜੀਤ ਸਿੰਘ ਗਰੇਵਾਲ ਥਰੀਕੇ
ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (R)

# ਪੰਜਾਬ ਵਿਚ ਵਧੀ ਬਸਪਾ ਦੀ ਵੋਟ

ਲੋਕ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਅਤੇ ਸਮਾਜਵਾਦੀ ਪਾਰਟੀ ਨੇ ਉੱਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੇ ਵੋਟ ਬੈਂਕ ਨੂੰ ਖੋਰਾ ਲਾਉਣ ਲਈ ਗੱਠਜੋੜ ਕੀਤਾ, ਪਰ ਇਹ ਗੱਠਜੋੜ ਭਾਜਪਾ ਨੂੰ ਖਦੇੜਨ 'ਚ ਨਾਕਾਮ ਰਿਹਾ। ਆਸ ਮੁਤਾਬਕ ਨਤੀਜੇ ਨਹੀਂ ਆਏ ਪਰ ਇਸ ਦੇ ਬਾਵਜੂਦ 2014 ਦੇ ਮੁਕਾਬਲੇ ਬਸਪਾ ਦਾ ਪ੍ਰਦਰਸ਼ਨ ਬਿਹਤਰ ਰਿਹਾ। 2019 ਦੀਆਂ ਲੋਕ ਸਭਾ ਚੋਣਾਂ ਵਿਚ ਜਿੱਥੇ ਪੂਰੇ ਦੇਸ਼ ਨੇ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੇ ਹੱਕ ਵਿਚ ਫਤਵਾ ਦਿੱਤਾ ਤਾਂ ਦੂਜੇ ਪਾਸੇ ਪੰਜਾਬ ਨੇ 13 ਵਿਚੋਂ 8 ਸੀਟਾਂ ਕਾਂਗਰਸ ਨੂੰ ਜਿਤਾ ਕੇ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਮਜ਼ਬੂਤ ਕੀਤੇ। 16ਵੀਆਂ ਲੋਕ ਸਭਾ ਚੋਣਾਂ ਵੇਲੇ ਵੀ ਪੰਜਾਬੀਆਂ ਨੇ ਉਲਟ ਗੰਗਾ ਵਹਾਈ ਸੀ, ਜਦੋਂ ਪੂਰੇ ਦੇਸ਼ ਵਿਚ ਮੋਦੀ ਲਹਿਰ ਚੱਲ ਰਹੀ ਸੀ ਤਾਂ ਪੰਜਾਬ ਵਿਚੋਂ ਆਮ ਆਦਮੀ ਪਾਰਟੀ ਦੇ ਚਾਰ ਸੰਸਦ ਮੈਂਬਰ ਚੁਣੇ ਗਏ ਸਨ ਜਦਕਿ ਬਾਕੀ ਸੀਟਾਂ 'ਤੇ ਵੀ 'ਆਪ' ਉਮੀਦਵਾਰਾਂ ਨੇ ਵੱਡੀ ਗਿਣਤੀ ਵਿਚ ਵੋਟਾਂ ਹਾਸਲ ਕੀਤੀਆਂ ਸਨ। ਇਸ ਵਾਰ ਵੀ ਕੁੱਝ ਅਜਿਹਾ ਹੀ ਵਾਪਰਿਆ ਹੈ। ਹਾਸ਼ੀਏ ਵੱਲ ਜਾ ਚੁੱਕੀ ਬਹੁਜਨ ਸਮਾਜ ਪਾਰਟੀ ਦੀ ਪੁਨਰ-ਸੁਰਜੀਤੀ ਹੋਈ ਹੈ। ਪਾਰਟੀ ਚੋਣਾਂ 'ਚ ਪੰਜਾਬ ਜਮਹੂਰੀ ਗਠਜੋੜ ਦਾ ਹਿੱਸਾ ਬਣੀ ਤੇ ਤਿੰਨ ਸੀਟਾਂ ਜਲੰਧਰ, ਹੁਸ਼ਿਆਰਪੁਰ ਤੇ ਅਨੰਦਪੁਰ ਸਾਹਿਬ ਤੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ। ਇਨ੍ਹਾਂ ਤਿੰਨ ਸੀਟਾਂ 'ਤੇ ਪਈਆਂ ਕੁੱਲ ਵੋਟਾਂ ਦਾ 3.49 ਫ਼ੀਸਦੀ ਹਿੱਸਾ ਬਸਪਾ ਦੇ ਹਿੱਸੇ ਆਇਆ ਜਦਕਿ ਇਸ ਤੋਂ ਪਹਿਲਾਂ ਵੋਟ ਹਿੱਸੇਦਾਰੀ ਦੇ ਮਾਮਲੇ ਵਿਚ ਬਸਪਾ ਦੀ ਹਿੱਸੇਦਾਰੀ ਘਟ ਕੇ ਸਿਰਫ਼ 1.5 ਫੀਸਦੀ ਰਹਿ ਗਈ ਸੀ। ਤਿੰਨੇ ਸੀਟਾਂ 'ਤੇ 4.79 ਲੱਖ ਵੋਟਾਂ ਬਸਪਾ ਉਮੀਦਵਾਰਾਂ ਨੇ ਹਾਸਲ ਕੀਤੀਆਂ ਜਦਕਿ 2014 ਵਿਚ ਪਾਰਟੀ ਨੂੰ ਸਿਰਫ਼ 2.63 ਲੱਖ ਵੋਟਾਂ ਪਈਆਂ ਸਨ। ਜਲੰਧਰ (ਰਿਜ਼ਰਵ) ਤੋਂ ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ 2.4 ਲੱਖ ਵੋਟਾਂ ਹਾਸਲ ਕਰ ਕੇ ਬਿਹਤਰ ਪ੍ਰਦਰਸ਼ਨ ਕੀਤਾ। ਹੁਸ਼ਿਆਰਪੁਰ (ਰਿਜ਼ਰਵ) ਤੋਂ ਪਾਰਟੀ ਉਮੀਦਵਾਰ ਖੁਸ਼ੀ ਰਾਮ ਨੂੰ 1.28 ਲੱਖ ਵੋਟਾਂ ਤੇ ਆਨੰਦਪੁਰ ਸਾਹਿਬ ਤੋਂ ਵਿਕਰਮ ਸਿੰਘ ਸੋਢੀ ਨੂੰ 1.46 ਲੱਖ ਵੋਟਾਂ ਮਿਲੀਆਂ। ਚੋਣ ਨਤੀਜਿਆਂ ਮੁਤਾਬਕ ਤਿੰਨਾਂ ਸੀਟਾਂ 'ਤੇ ਬਸਪਾ ਤੀਜੇ ਨੰਬਰ 'ਤੇ ਰਹੀ ਜਦਕਿ ਪੰਜਾਬ 'ਚ ਵਿਰੋਧੀ ਧਿਰ ਦਾ ਰੁਤਬਾ ਹਾਸਲ ਆਮ ਆਦਮੀ ਪਾਰਟੀ ਇਨ੍ਹਾਂ ਸੀਟਾਂ 'ਤੇ ਚੌਥੇ ਨੰਬਰ 'ਤੇ ਆਈ। ਕਿਸੇ ਵੇਲੇ ਪੰਜਾਬ ਵਿਚ 15 ਫੀਸਦੀ ਤਕ ਵੋਟਾਂ ਹਾਸਲ ਕਰਨ ਵਾਲੀ ਬਸਪਾ ਹੌਲ਼ੀ-ਹੌਲ਼ੀ ਹਾਸ਼ੀਏ ਵੱਲ ਧੱਕੀ ਗਈ ਸੀ। ਇਹ ਪਹਿਲਾ ਮੌਕਾ ਹੈ ਜਦੋਂ ਬਸਪਾ ਨੇ ਆਪਣੇ ਵੋਟ ਬੈਂਕ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਆਖਰੀ ਦੌਰ 'ਚ ਹੋਈਆਂ ਪੰਜਾਬ ਦੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਅਰਵਿੰਦ ਕੇਜਰੀਵਾਲ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਸਮੇਤ ਵੱਖ-ਵੱਖ ਪਾਰਟੀਆਂ ਦੇ ਕੇਂਦਰੀ ਨੇਤਾਵਾਂ ਨੇ ਸੂਬੇ ਵਿਚ ਧੂੰਆਂਧਾਰ ਪ੍ਰਚਾਰ ਕੀਤਾ। ਉੱਥੇ ਬਸਪਾ ਸੁਪਰੀਮੋ ਮਾਇਆਵਤੀ ਨੇ ਨਵਾਂਸ਼ਹਿਰ ਵਿਚ ਸਿਰਫ਼ ਇਕ ਰੈਲੀ ਨੂੰ ਸੰਬੋਧਨ ਕੀਤਾ। ਇਸ ਦੇ ਬਾਵਜੂਦ ਬਸਪਾ ਦੇ ਵੋਟ ਬੈਂਕ ਵਿਚ ਚੋਖਾ ਇਜ਼ਾਫਾ ਹੋਣਾ ਉਸ ਲਈ ਸ਼ੁੱਭ ਸੰਕੇਤ ਮੰਨੇ ਜਾ ਰਹੇ ਹਨ ਜਦਕਿ ਦੂਜੇ ਪਾਸੇ ਖੱਬੇ ਪੱਖੀ ਪਾਰਟੀਆਂ ਦੀ ਪੂਰੇ ਦੇਸ਼ ਵਾਂਗ ਪੰਜਾਬ 'ਚ ਵੀ ਹਾਲਤ ਸੁਧਰਨ ਦੀ ਬਜਾਏ ਨਿੱਘਰੀ ਹੀ ਹੈ। ਪੰਜਾਬ ਜਮਹੂਰੀ ਗਠਜੋੜ ਦਾ ਹਿੱਸਾ ਬਣੇ ਸੀਪੀਆਈ ਅਤੇ ਆਰਐੱਮਪੀਆਈ ਦੇ ਉਮੀਦਵਾਰ ਬਿਹਤਰ ਪ੍ਰਦਰਸ਼ਨ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਅਜਿਹੇ ਵਿਚ ਫਿਰ ਤੋਂ ਸੂਬੇ ਵਿਚ ਬਸਪਾ ਦਾ ਉਭਾਰ ਪੰਜਾਬ ਦੇ ਸਿਆਸੀ ਸਮੀਕਰਨਾਂ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-105

## ਗਾਥਾ, ਗਾਥਾਵਾਂ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

"ਗਾਥਾ" ਲਫਜ਼ ਵੈਦਿਕ ਸੰਸਕ੍ਰਿਤ ਦਾ ਤੇ ਰਿਗ ਵੇਦ 'ਚ ਇਸ ਦੀ ਵਰਤੋਂ ਗੀਤ ਅਥਵਾ ਮੰਤ੍ਰ ਰੂਪ ਵਿੱਚ ਹੋਈ ਹੈ। ਮਹਾਨਕੋਸ਼ ਅਨੁਸਾਰ ਗਾਥਾ ਦੇ ਅਰਥ-ਉਸਤਤਿ ਕਥਾ, ਇਤਿਹਾਸਕ ਰਚਨਾ, ਇਕ ਛੰਦ, ਇਕ ਪ੍ਰਾਚੀਨ ਭਾਸ਼ਾ ਜਿਸ ਵਿੱਚ ਸੰਸਕ੍ਰਿਤ ਤੇ ਪਾਲੀ ਬੋਲੀ ਦੇ ਸ਼ਬਦ ਵਰਤੇ ਜਾਂਦੇ ਸਨ। ਇਸ ਵਿੱਚ ਲੋਕਾਂ ਦੇ ਜੱਗ ਦਾਨ ਆਦਿਕਾਂ ਦੇ ਹਾਲ ਮਿਲਦੇ ਹਨ। ਉਹ ਭਾਸ਼ਾ ਜਿਸ 'ਚ ਸੰਸਕ੍ਰਿਤ ਤੋਂ ਵੱਖਰੇ ਦੇਸੀ ਭਾਸ਼ਾ ਦੇ ਪਦ ਸੰਸਕ੍ਰਿਤ ਨਾਲ ਮਿਲਵੇਂ ਵਰਤੇ ਜਾਣ। ਪਹਿਲੇ ਬੋਧੀ ਲੋਕ ਅਕਸਰ ਵਰਤਦੇ ਰਹੇ ਤੇ ਫਿਰ ਵਧੇਰੇ ਖੁੱਲ੍ਹ ਨਾਲ ਦੇਸ਼ ਦੇ ਵੱਖ ਵੱਖ ਹਿਸਿਆਂ ਵਿੱਚ ਗੀਤ ਉਚਾਰੇ ਜਾਂਦੇ ਰਹੇ ਹਨ। ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅਖਿਰਲੇ ਭਾਗ 'ਚ ਗੁਰੂ ਸਾਹਿਬ ਨੇ ਐਸੀ ਬਾਣੀ ਲਿਖੀ ਜੋ ਅਨਜਾਣਾਂ ਨੂੰ ਸੰਸਕ੍ਰਿਤ ਲਗਦੀ ਹੈ। ਗੁਰੂ ਸਾਹਿਬ ਨੇ ਉਸ ਬਾਣੀ ਦੇ ਸਿਰੇ ਤੇ "ਗਾਥਾ" ਲਿਖ ਕੇ ਸੂਚਿਤ ਕਰ ਦਿੱਤਾ ਕਿ ਇਹ ਸੰਸਕ੍ਰਿਤ ਨਹੀਂ ਸਗੋਂ ਇਸ "ਗਾਥਾ" ਵਿੱਚ ਸੰਸਕ੍ਰਿਤ ਤੇ ਦੇਸੀ ਬੋਲੀਆਂ ਦੇ ਲਫਜ਼ ਵਰਤੇ ਹਨ। "ਗਾਥਾ" ਨੂੰ ਆਰੀਯਾ ਲੋਕ ਛੰਦ ਕਹਿੰਦੇ ਹਨ।

ਪ੍ਰਾਕ੍ਰਿਤ ਭਾਸ਼ਾ ਵਿੱਚ ਗਾਥਾਵਾਂ ਲਿਖਣ ਦਾ ਬਹੁਤ ਰਿਵਾਜ ਸੀ ਜਿਸ ਸਦਕਾ ਗਾਥਾ "ਪ੍ਰਕ੍ਰਿਤ" ਦਾ ਸਮਾਨਾਰਥਕ ਸ਼ਬਦ ਬਣ ਗਿਆ। ਇਸ ਪਿਛੋਂ ਜਿਸ ਛੰਦ 'ਚ ਗਾਥਾਵਾਂ ਦੀ ਰਚਨਾ ਹੋਈ ਉਸ ਨੂੰ ਵੀ "ਗਾਥਾ" ਕਿਹਾ ਜਾਣ ਲੱਗ ਪਿਆ। ਮੁੱਖ ਤੌਰ ਤੇ "ਗਾਥਾ" ਦਾ ਅਰਥ ਕਥਾ, ਕਹਾਣੀ, ਉਸਤਤਿ ਤੇ ਗੀਤ ਹੀ ਹੈ। ਜਿਵੇਂ ਕਿ-ਰਾਰਿ ਕਰਤ ਝੂਠੀ ਲਗਿ ਗਾਥਾ॥ (੩੭੬) ਅਤੇ ਗਾਥਾ ਗਾਵੰਤਿ ਨਾਨਕ ਭਬਯੰ ਪਰਾ ਪੂਰਣਹ॥(੧੩੬੧)

ਪੰਚਮ ਪਾਤਸ਼ਾਹ ਦੀ ਗਾਥਾ ਬਾਣੀ ਵਿੱਚ ੨੪ ਪਦੇ ਹਨ। ਇਨ੍ਹਾਂ ਪਦਿਆਂ 'ਚ ਦੋ ਤੋਂ ਚਾਰ ਤੱਕ ਤੁਕਾਂ ਹਨ।ਇਸ ਬਾਣੀ ਵਿੱਚ ਉਪਦੇਸ਼ ਹੈ ਕਿ ਮਨੁੱਖੀ ਸਫਲਤਾ ਸਾਧ ਸੰਗਤ ਵਿੱਚ ਜਾ ਕੇ ਰੱਬੀ ਗਿਆਨ ਲੈਣ ਨਾਲ ਵਿਕਾਰਾਂ ਤੋਂ ਬਿਰਤੀ-ਦ੍ਰਿਸ਼ਟੀ ਹਟਦੀ ਅਤੇ ਜੀਵਨ ਸੁਖ ਮਿਲਦਾ ਹੈ। ਰੱਬੀ ਸ਼ਰਧਾ ਦੀ ਭਾਵਨਾ ਸੰਗਤ ਦੀ ਵੱਡੀ ਦੇਣ ਹੈ। ਗੁਰ-ਸੰਗਤ ਦੁਆਰਾ ਸੁਧਰੇ ਸਾਧਕ ਸਿੱਖ ਸੇਵਕ ਕੇਵਲ ਆਪਣਾ ਭਵਿਖ ਹੀ ਉਜਲਾ ਨਹੀਂ ਕਰਦੇ ਸਗੋਂ ਅਨੇਕ ਸਾਥੀਆਂ ਦਾ ਵੀ ਜੀਵਨ ਬੇੜਾ ਤਾਰ ਦਿੰਦੇ ਹਨ-ਸੁਭ ਬਚਨ ਰਮਣੰ, ਗਵਣੰ ਸਾਧ ਸੰਗੇਣ ਉਧਰਣਹ॥ ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਯਤੇ॥ (੧੩੬੧)

ਯਾਦ ਰਹੇ ਕਿ ਤਿਆਗ, ਕੁਰਬਾਨੀ, ਸੂਰਮਗਤੀ ਆਦਿਕ ਅਜਿਹੇ ਗੁਣਾਂ ਵਾਲੇ ਲੋਕਾਂ ਨੇ ਹਮੇਸ਼ਾ ਹੀ ਲੋਕ-ਮਨਾਂ ਨੂੰ ਟੁੰਬਿਆ ਅਤੇ ਲੋਕਾਂ ਨੇ ਹਮੇਸ਼ਾਂ ਹੀ ਨਾਇਕਾਂ ਵਾਂਗ ਉਨ੍ਹਾਂ ਦੀ ਕੀਰਤੀ ਦੇ ਸਾਕੇ ਗਾਏ। ਪੰਜਾਬੀ ਦੇ ਇਕ ਪ੍ਰਸਿੱਧ ਕਵੀਸ਼ਰ ਨੇ ਇਸ ਲੋਕ ਪ੍ਰਵਿਰਤੀ ਨੂੰ ਇਕ ਛੰਦ ਦੀ ਟੇਕ ਵਿੱਚ ਇਉਂ ਬਿਆਨ ਕੀਤਾ ਹੈ "ਦਾਤੇ ਤੇ ਭਗਤ ਸੂਰਮੇ, ਤਿੰਨੇ ਜੱਗ ਜਿਉਂਦੇ ਨੇ" ਲੋਕ ਗਥਾਵਾਂ ਦਾ ਹਰੇਕ ਅਧਿਐਨ ਇਸ ਕਥਨ ਦਾ ਸਮਰਥਨ ਕਰਦਾ ਹੈ। ਕਿਸੇ ਨਾਇਕ ਦੀ ਪ੍ਰੰਪਰਾਗਤ ਛੰਦ ਬੱਧ ਕੀਰਤੀ ਗਾਥਾ ਹੁੰਦੀ ਏ ਜਿਸ ਨੂੰ ਇਕ ਜਾਂ ਅਨੇਕ ਲੋਕ-ਕਵੀ ਇਕ ਜਾਂ ਅਨੇਕ ਛੰਦਾਂ ਵਿੱਚ ਸਿਰਜਕੇ, ਲੋਕ-ਪ੍ਰਵਾਹ ਵਿਖੇਰ ਦਿੰਦੇ ਹਨ। ਪੰਜਾਬੀ ਦਾ ਸਾਰਾ ਢਾਡੀ ਅਤੇ ਕਵੀਸ਼ਰੀ ਕਾਵਿ ਇਕ ਤਰਾਂ ਦਾ ਲੋਕ-ਮੁੱਖੀ ਗਾਥਾ ਕਾਵਿ ਹੈ। ਜਿਥੇ ਢਾਡੀ ਆਪਣੀਆਂ ਟੁੰਬਵੀਆਂ ਤੁਕਾਂ ਦੇ ਦੁਹਰਾਉ ਅਤੇ ਗੂੰਜਵੇਂ ਸਾਜਾਂ ਦੀ ਸੰਗਤ ਨਾਲ ਬਹਾਦਰਾਂ, ਯੋਧਿਆਂ ਅਤੇ ਸ਼ਹੀਦਾਂ ਦੀ ਕੀਰਤੀ ਦਾ ਗਾਇਨ ਕਰਕੇ, ਸਰੋਤਿਆਂ ਨੂੰ ਹਰੇਕ ਕੁਰਬਾਨੀ ਲਈ ਤਿਆਰ ਕਰਦੇ ਓਥੇ ਸਾਜ ਤੋਂ ਬਿਨਾਂ ਕਵੀਸ਼ਰੀ ਬਹੁ-ਪੱਖੀਆਂ ਮਿਥਿਆਸਕ, ਇਤਿਹਾਸਕ, ਧਾਰਮਿਕ ਅਤੇ ਆਪਣੇ ਇਲਾਕੇ ਦੇ ਬੀਰ-ਬਹਾਦਰਾਂ, ਸਿਰਲੱਥ ਸ਼ਹੀਦਾਂ, ਸਿਦ-ਕਵਾਨਾਂ, ਬਲਕਾਰ ਪ੍ਰੀਤਵਾਨਾਂ, ਪੀਰਾਂ, ਫਕੀਰਾਂ ਅਤੇ ਸਭਿਆਵਾਨ ਪ੍ਰਤੀਬੱਧ ਸਤਵੰਤ ਨਾਰੀਆਂ ਦੀ ਵਿਲੱਖਣਤਾ ਦੇ ਮੰਗਲ ਗਾਉਂਦੇ ਹਨ।

ਪੰਜਾਬੀਆਂ ਕੋਲ ਬੇਹੱਦ ਅਮੀਰ ਗਾਥਾ ਵਿਰਸਾ ਅਤੇ ਸਿੱਖ ਇਤਿਹਾਸ ਦੇ ਲਹੂ ਭਿਜੇ 500 ਵਰ੍ਹੇ ਅਜਿਹੀਆਂ ਸੂਰਮਗਤੀਆਂ ਅਤੇ ਸ਼ਹੀਦੀਆਂ ਨਾਲ ਭਰੇ ਪਏ ਨੇ ਜਿਨ੍ਹਾਂ ਦੇ ਸ਼ਹੀਦੀ ਸਾਕੇ ਪ੍ਰਸੰਗ ਤੇ ਦੀਵਾਨ ਸਾਰੇ ਸਿੱਖ ਸਮਾਜ ਨੂੰ ਸਦਾ ਚੜ੍ਹਦੀ ਕਲਾ 'ਚ ਰੱਖਦੇ ਹਨ। ਸਮਰੱਥ ਗਾਥਾ ਕਵੀਆਂ ਨੇ ਹਰੇਕ ਨਵੀਂ ਘਟਨਾ ਨੂੰ ਪੰਜਾਬੀ ਲੋਕ-ਗਾਥਾ ਕਾਵਿ ਦਾ ਅੰਗ ਬਣਾ ਦਿੱਤਾ ਹੈ। ਲੋਕ ਆਪਣੇ ਮਨ ਭਾਉਂਦੀ ਚੀਜ਼ ਨੂੰ ਅਪਣਾਕੇ ਯਾਦ ਰੱਖਦੇ, ਉਨ੍ਹਾਂ ਨੂੰ ਸਿਰਜਕ ਨਾਲ ਕੋਈ ਸਾਰੋਕਾਰ ਨਹੀਂ ਹੁੰਦਾ। ਇਸ ਲਈ ਹੀ ਕਿਸੇ ਸਮੇਂ ਵਿਸ਼ੇਸ਼ ਵਿਅਕਤੀਆਂ ਦਾ ਲਿਖਿਆ ਸਾਹਿਤ ਆਪਣੇ ਸਿਰਜਕ ਦੇ ਨਾਂ ਦੀ ਮੋਹਰ ਲਾ ਲੋਕ-ਧਾਰਾ ਵਿੱਚ ਵਿਲੀਨ ਹੋ ਕੇ ਲੋਕ ਸਾਹਿਤ ਬਣ ਜਾਂਦਾ ਹੈ। ਗਥਾਵਾਂ ਨਾਲ ਸਬੰਧਤ ਕਵੀਸ਼ਰੀ ਅਤੇ ਢਾਡੀ ਗਾਇਕਾਂ ਨੂੰ ਹਰ ਪ੍ਰਕਾਰ ਦੇ ਉਤੇਜਕ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ। ਕਿਸੇ ਗੱਲ ਦਾ ਪ੍ਰਚਾਰ ਜਿਸ ਸੌਖ ਤੇ ਵਿਆਪਕਤਾ ਨਾਲ ਲੋਕ ਗਾਇਕ ਕਰ ਸਕਦੇ ਨੇ ਕੋਈ ਹੋਰ ਨਹੀਂ ਕਰ ਸਕਦਾ ਪਰ ਜਿਵੇਂ ਦੀ ਗਾਇਕੀ ਅੱਜ ਕੱਲ੍ਹ ਪ੍ਰਚੱਲਤ ਅਤੇ ਪ੍ਰਫੁਲਤ ਹੋ ਰਹੀ ਹੈ ਉਸ ਵਿੱਚ ਲੋਕ ਗਥਾਵਾਂ ਨੂੰ ਕੋਈ ਵਿਸ਼ੇਸ਼ ਸਥਾਨ ਨਹੀਂ ਮਿਲ ਰਿਹਾ। ਲੋਕ ਗਥਾਵਾਂ ਨੂੰ ਸੁਣਨ ਵਾਲੇ ਅਤੇ ਪਿਆਰ ਕਰਨ ਵਾਲੇ ਲੋਕਾਂ ਦੀ ਗਿਣਤੀ ਘੱਟ ਨਹੀਂ ਪਰ ਨਵੇਂ ਗਾਇਕਾਂ ਨੇ ਇਸ ਪਾਸੇ ਧਿਆਨ ਹੀ ਘੱਟ ਦਿੱਤਾ ਹੈ। ਵਿਗਿਆਨਕ ਯੁੱਗ ਵਿੱਚ ਲੋਕ ਗਥਾਵਾਂ ਨੂੰ ਗਾਉਣਾ ਅਤੇ ਫਿਲਮਾਉਣਾ ਬਹੁਤ ਸੌਖਾ ਅਤੇ ਸਸਤਾ ਹੋ ਗਿਆ ਹੈ।

ਸਿਖਿਆ-ਅਸਾਂ ਨੇ ਰੱਬੀ ਭਗਤਾਂ, ਸਿੱਖ ਗੁਰੂਆਂ ਤੇ ਬੀਰ ਬਹਾਦਰਾਂ ਦੀਆਂ ਰੱਬੀ ਸਿਖਿਆਵਾਂ, ਕੁਰਬਾਨੀਆਂ ਤੇ ਗਾਥਾ, ਗਾਥਾਵਾਂ ਨੂੰ ਸਮਝਣਾ ਤੇ ਵਿਚਾਰਨਾ ਏ ਨਾ ਕਿ ਲਚਰ ਕਿਸੇ, ਕਹਾਣੀਆਂ ਅਤੇ ਗਾਥਾਵਾਂ ਗਾ ਅਪਨਾਅ ਕੇ ਆਪ ਅਤੇ ਸਮਾਜ ਨੂੰ ਬਰਬਾਦ ਕਰਨਾ ਹੈ।

# 'ਪੰਜਾਬ ਲੋਕ ਰੰਗ' ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਖੇਡਿਆ ਜਾਵੇਗਾ ਨਾਟਕ 'ਮਿਟੀ ਧੁੰਧ ਜਗ ਚਾਨਣ ਹੋਆ'

**ਫਰੀਮਾਂਟ (ਐੱਸ.ਅਸ਼ੋਕ. ਭੌਰਾ)-** ਉੱਤਰੀ ਅਮਰੀਕਾ ਵਿਚ ਪਿਛਲੇ ਡੇਢ ਦਹਾਕੇ ਤੋਂ ਪੰਜਾਬੀ ਰੰਗ ਮੰਚ ਦੇ ਖੇਤਰ ਵਿਚ ਸਰਗਰਮ 'ਪੰਜਾਬ ਲੋਕ ਰੰਗ' ਵਲੋਂ ਆਪਣਾ ਅਗਲਾ ਨਾਟਕ 'ਮਿਟੀ ਧੁੰਧ ਜਗ ਚਾਨਣ ਹੋਆ' ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ 'ਤੇ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਖੇਡਿਆ ਜਾਵੇਗਾ। ਇਹ ਨਾਟਕ 'ਪੰਜਾਬ ਲੋਕ ਰੰਗ' ਦੇ ਨਿਰਦੇਸ਼ਕ ਸੁਰਿੰਦਰ ਧਨੋਆ ਦਾ ਲਿਖਿਆ ਹੋਇਆ, ਉਨ੍ਹਾਂ ਦੀ ਹੀ ਨਿਰਦੇਸ਼ਨਾਂ ਹੇਠ ਖੇਡਿਆ ਜਾ ਰਿਹਾ ਹੈ। ਇੱਥੇ ਗੋਲਡਨ ਇੰਡੀਆ ਰੈਸਟੋਰੈਂਟ ਵਿਖੇ ਪੰਜਾਬ ਲੋਕ ਰੰਗ ਵਲੋਂ ਇਕ ਵਿਸ਼ੇਸ਼ ਪ੍ਰੈੱਸ ਮਿਲਣੀ ਦੇ ਅਯੋਜਨ ਦੌਰਾਨ ਸੁਰਿੰਦਰ ਧਨੋਆ ਨੇ ਕਿਹਾ ਕਿ ਅਮਰੀਕਾ ਦੀ ਧਰਤੀ 'ਤੇ ਇਸ ਨਾਟਕ ਦੇ ਮੰਚਨ ਕਰਨ ਵਿਚ ਭਾਵੇਂ ਬਹੁਤ ਸਾਰੀਆਂ ਸਮੱਸਿਆਵਾਂ ਅਤੇ ਸਿੱਖ ਧਰਮ ਦੀ ਮਾਣ ਮਰਿਆਦਾ ਅਤੇ ਪ੍ਰੰਪਰਾਵਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ, ਪਰ ਉਨ੍ਹਾਂ ਨੂੰ ਯਕੀਨ ਹੈ ਕਿ ਉਹ ਇਸ ਨਾਟਕ ਨਾਲ ਇਕ ਨਵਾਂ ਇਤਿਹਾਸ ਸਿਰਜਣਗੇ ਕਿਉਂਕਿ ਇਹ ਵਰ੍ਹਾ ਸਿੱਖ ਕੌਮ ਲਈ ਆਪਣੇ ਆਪ ਵਿਚ ਵੀ ਇਕ ਇਤਿਹਾਸ ਬਣੇਗਾ। ਉਨ੍ਹਾਂ ਇਸ ਮੌਕੇ 'ਤੇ ਨਾਟਕ ਦੀ ਪਟਕਥਾ ਦਾ ਕੁਝ ਹਿੱਸਾ ਵੀ ਮੀਡੀਆ ਨਾਲ ਸਾਂਝਾ ਕੀਤਾ। ਯਾਦ ਰਹੇ ਕਿ ਪੰਜਾਬ ਲੋਕ ਰੰਗ ਇਕ ਦਰਜਨ ਦੇ ਕਰੀਬ ਪਹਿਲਾਂ ਵੀ ਨਾਟਕਾਂ ਦੀ ਪੇਸ਼ਕਾਰੀ ਕਰ ਚੁੱਕਾ ਹੈ ਅਤੇ ਹਾਲ ਹੀ ਵਿਚ ਆਖਰੀ ਸਿੱਖ ਸਾਸ਼ਕ ਮਹਾਰਾਜਾ ਰਣਜੀਤ ਸਿੰਘ ਬਾਰੇ 'ਮਹਾਰਾਣੀ ਜਿੰਦਾਂ' ਨਾਟਕ ਨੂੰ ਉੱਤਰੀ ਅਮਰੀਕਾ ਵਿਚ ਬੇਹੱਦ ਮਾਣ 'ਤੇ ਸਤਿਕਾਰ ਮਿਲਿਆ। ਹਾਲੇ ਇਸ ਨਾਟਕ ਦਾ ਮੰਚਨ ਵੱਖ ਵੱਖ ਸ਼ਹਿਰਾਂ ਵਿਚ ਜਾਰੀ ਹੈ। 'ਮਿੱਟੀ ਰੁਦਨ ਕਰੇ', 'ਸਰਦਲ ਦੇ ਆਰ ਪਾਰ', 'ਗੁਰੂ ਮਾਨਿਓ ਗੰਥ', 'ਪੱਤਣਾਂ ਤੇ ਰੋਣ ਖੜੀਆਂ' ਆਦਿ ਅਜਿਹੇ ਨਾਟਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਪੰਜਾਬ ਲੋਕ ਰੰਗ ਦੀ ਬਿਹਤਰੀਨ ਪੇਸ਼ਕਾਰੀ ਦਰਸ਼ਕਾਂ ਦੇ ਮਨਾਂ ਵਿਚ ਸਮੋਈ ਬੈਠੀ ਹੈ।



ਇਸ ਮੌਕੇ ਤੇ ਗਲੋਬਲ ਹਾਕ ਦੇ ਜਸਵੀਰ ਸਿੰਘ ਥਾਂਦੀ ਅਤੇ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਹਰਜਿੰਦਰ ਸਿੰਘ ਧਾਮੀ ਤੇ ਸ੍ਰ. ਔਲਖ ਵਲੋਂ ਪੰਜਾਬ ਲੋਕ ਰੰਗ ਨੂੰ 'ਮਿਟੀ ' ਨਾਟਕ ਦੀ ਤਿਆਰੀ ਕਰਨ ਅਤੇ ਸਫਲਤਾ ਲਈ ਵੱਡੀ ਵਿੱਤੀ ਸਹਾਇਤਾ ਵੀ ਦਿੱਤੀ। ਇਸ ਮੌਕੇ 'ਤੇ ਹਾਜ਼ਰ ਸਖਸ਼ੀਅਤਾਂ ਵਿਚ ਡਾ. ਸੁਖਮਿੰਦਰ ਸਿੰਘ, ਡਾ. ਜੇ.ਪੀ. ਸਿੰਘ, ਪੰਜਾਬ ਲੋਕ ਰੰਗ ਦੇ ਆਰਗੇਨਾਈਜ਼ਰ ਪਾਲੀ ਧਨੌਲਾ, ਹਰਮੀਤ ਚੌਧਰੀ, ਰੇਡੀਓ ਮਿਰਚੀ ਦੇ ਐੱਸ.ਪੀ ਸਿੰਘ, ਬਲਵੰਤ ਸਿੰਘ ਮੱਲ੍ਹਾ, ਜਗਤਾਰ ਗਿੱਲ, ਹਰਜਿੰਦਰ ਸਿੰਘ ਧਾਮੀ, ਡਾ. ਹਰਮੇਸ਼ ਕੁਮਾਰ, ਜਸਬੀਰ ਸਿੰਘ ਥਾਂਦੀ ਨੇ ਵੀ ਆਪਣੇ ਵਿਚਾਰਾਂ ਵਿਚ ਇਸ ਇਸ ਨਾਟਕ ਦੀ ਸਫਲਤਾ ਲਈ ਦੁਆਵਾਂ ਕਰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦਾ ਵਾਅਦਾ ਵੀ ਕੀਤਾ ਅਤੇ ਕਿਹਾ ਕਿ ਸੁਰਿੰਦਰ ਧਨੋਆ ਨੇ 'ਪੰਜਾਬ ਲੋਕ ਰੰਗ' ਰਾਹੀਂ ਪੰਜਾਬੀ ਮਾਂ ਬੋਲੀ, ਵਿਰਸਾ, ਵਿਰਾਸਤ, ਸੱਭਿਆਚਾਰ ਅਤੇ ਸਿੱਖ ਇਤਿਹਾਸ ਨੂੰ ਸਾਂਭਣ ਦਾ ਅਜਿਹਾ ਯਤਨ ਪਹਿਲਾਂ ਕੀਤਾ ਹੈ, ਉਹ ਇਸ ਨਾਟਕ ਨਾਲ ਸਫਲਤਾ ਵਿਚ ਹੋਰ ਵੀ ਦੋ ਕਦਮ ਅੱਗੇ ਰੱਖਣਗੇ। ਇਸ ਮੌਕੇ 'ਤੇ ਹਾਜ਼ਰ ਪਤਵੰਤਿਆਂ ਵਿਚ ਜਸਵਿੰਦਰ ਕੌਰ ਧਨੋਆ, ਜਸਵਿੰਦਰ ਸੱਗੀ, ਸ਼ਕਤੀ ਮਾਣਕ, ਸੋਨੀਆ ਚੇੜਾ, ਸੋਨੂੰ ਰਾਣਾ, ਪਰਮਪਾਲ ਸਿੰਘ ਓਬਰਾਏ ਤੇ ਸ਼੍ਰੀਮਤੀ ਓਬਰਾਏ, ਅਨੂਪ ਚੀਮਾ, ਦਰਸ਼ਨ ਔਜਲਾ, ਸੇਵਾ ਸਿੰਘ ਸਰਾਂ, ਸ਼ਾਨ ਸੇਖੋਂ, ਪਿੰਕੀ ਸੰਧੂ, ਜਸਮੀਨ ਅਤੇ ਹੋਰ ਅਨੇਕਾਂ ਪੰਜਾਬ ਲੋਕ ਰੰਗ ਦੇ ਮੈਂਬਰ ਅਤੇ ਪ੍ਰਸ਼ੰਸਕ, ਹਮਦਰਦ ਹਾਜ਼ਰ ਸਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.

ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਚੋਣਾਂ ਦੇ ਨਤੀਜਿਆਂ ਤੋਂ ਬਾਅਦ ਮਾਇਆਵਤੀ ਨੇ ਜਾਰੀ ਕੀਤਾ ਬਿਆਨ



ਬਸਪਾ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਚੋਣ ਨਤੀਜਿਆਂ ਤੋਂ ਬਾਅਦ ਜਾਰੀ ਕੀਤੇ ਬਿਆਨ ਵਿਚ ਕਿਹਾ ਹੈ ਕਿ ਅਸੀਂ ਚੋਣ ਨਤੀਜਿਆਂ ਵਿਚ ਬਿਲਕੁਲ ਭਰੋਸਾ ਨਹੀਂ ਕਰਾਂਗੇ, ਜਦੋਂ ਤੱਕ ਚੋਣ ਕਮਿਸ਼ਨ ਇਹ ਜਾਣਕਾਰੀ ਦੇਸ਼ ਦੀ ਜਨਤਾ ਨੂੰ ਜਾਹਿਰ ਤੌਰ ਤੇ ਮੀਡੀਆ ਜ਼ਰੀਏ ਜਨਤਕ ਨਹੀਂ ਕਰਦਾ: (1) ਈ. ਵੀ. ਐਮ. ਕੰਪਨੀ ਨੇ ਜੋ ਈ. ਵੀ. ਐਮ. ਬਣਾ ਕੇ ਇਲੈਕਸ਼ਨ ਕਮਿਸ਼ਨ ਨੂੰ ਹੁਣ ਤੱਕ ਦਿੱਤੀ ਉਹਨਾਂ ਦੇ ਸੀਰੀਅਲ ਨੰਬਰ ਅਤੇ ਸੀ. ਆਈ. ਡੀ. ਐਸ. (ਮੋਬਾਇਲ ਦੇ ਆਈ. ਐਮ. ਈ. ਆਈ. ਵਰਗਾ ਯੂਨੀਕ ਨੰਬਰ ਜੋ ਬਦਲਿਆ ਨਹੀਂ ਜਾ ਸਕਦਾ, ਸੀਰੀਅਲ ਨੰਬਰ ਬਦਲਿਆ ਜਾ ਸਕਦਾ ਹੈ) ਜਾਹਿਰ ਕਰੇ। (2) ਕਿੰਨੀਆਂ ਈ. ਵੀ. ਐਮ. ਲੋਕ ਸਭਾ ਚੋਣਾਂ ਵਿਚ ਇਸਤੇਮਾਲ ਲਈ ਦਿੱਤੀਆਂ, ਉਸਦੇ ਸੀਰੀਅਲ ਨੰਬਰ ਅਤੇ ਸੀ. ਆਈ. ਡੀ. ਐਸ. ਨੰਬਰ ਜਾਹਿਰ ਕਰਨ। (3) ਕੁੱਲ ਦਿੱਤੇ ਗਏ ਈ. ਵੀ. ਐਮ. ਵਿਚੋਂ ਕਿੰਨੇ ਈ. ਵੀ ਐਮ. ਇਸਤੇਮਾਲ ਕੀਤੇ ਗਏ ਅਤੇ ਕਿੰਨੇ ਇਸਤੇਮਾਲ ਨਹੀਂ ਹੋਏ, ਉਸਦੇ ਸੀਰੀਅਲ ਨੰਬਰ ਅਤੇ ਸੀ. ਆਈ. ਡੀ. ਐਸ. ਨੰਬਰ ਜਾਹਿਰ ਕਰੇ। (4) ਕਿੰਨੇ ਈ. ਵੀ. ਐਮ. ਖਰਾਬ ਹੋਏ, ਉਹਨਾਂ ਦੇ ਸੀਰੀਅਲ ਨੰਬਰ ਅਤੇ ਸੀ. ਆਈ. ਡੀ. ਐਸ. ਨੰਬਰ ਜਾਹਿਰ ਕਰੇ। (5) ਜੋ 20 ਲੱਖ ਈ. ਵੀ. ਐਮ. ਗਾਇਬ ਹਨ, ਉਹਨਾਂ ਸਾਰੀਆਂ ਮਸ਼ੀਨਾਂ ਦੇ ਸੀਰੀਅਲ ਨੰਬਰ ਅਤੇ ਸੀ. ਆਈ. ਡੀ. ਐਸ. ਨੰਬਰ ਜਾਹਿਰ ਕਰੇ। ਜਦੋਂ ਤੱਕ ਇਹ ਜਾਣਕਾਰੀ ਜਾਹਿਰ ਨਹੀਂ ਕਰਦੇ, ਉਦੋਂ ਤੱਕ ਚੋਣ ਨਤੀਜਿਆਂ ਤੇ ਯਕੀਨ ਨਹੀਂ ਕਰਾਂਗੇ।

## ਯੂਪੀ ’ਚ ਭਾਜਪਾ ਨੂੰ ਹਲਕਾ ਨੁਕਸਾਨ, ਬਸਪਾ ਦਾ ਖ਼ਾਤਾ ਖੁੱਲ੍ਹਿਆ

**ਲਖ਼ਨਊ–** ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ ਹਲਕਾ ਨੁਕਸਾਨ ਹੋਇਆ ਹੈ ਤੇ ਪਾਰਟੀ ਨੇ 61 ਸੀਟਾਂ ’ਤੇ ਜਿੱਤ ਹਾਸਲ ਕੀਤੀ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ 71 ਸੀਟਾਂ ’ਤੇ ਜਿੱਤ ਨਸੀਬ ਹੋਈ ਸੀ। ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਗੱਠਜੋੜ ਨੇ ਇਸ ਵਾਰ 18 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਹੈ। ਇਕ ਸੀਟ ਕਾਂਗਰਸ ਦੇ ਖ਼ਾਤੇ ਵਿਚ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰਾਨਸੀ ਲੋਕ ਸਭਾ ਸੀਟ ’ਤੋਂ ਪਿਛਲੀ ਵਾਰ ਨਾਲੋਂ ਵੀ ਜ਼ਿਆਦਾ ਵੋਟਾਂ ਦੇ ਫ਼ਰਕ ਨਾਲ ਜਿੱਤੇ ਹਨ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਕੇਂਦਰੀ ਮੰਤਰੀ ਮੇਨਕਾ ਗਾਂਧੀ ਜਿੱਤ ਗਏ ਹਨ। ਰਾਏ ਬਰੇਲੀ ਤੋਂ ਕਾਂਗਰਸੀ ਉਮੀਦਵਾਰ ਸੋਨੀਆ ਗਾਂਧੀ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਨੂੰ ਹਰਾਉਣ ਵਿਚ ਕਾਮਯਾਬ ਰਹੀ ਹੈ। ਪੀਲੀਭੀਤ ਤੋਂ ਭਾਜਪਾ ਉਮੀਦਵਾਰ ਵਰੁਣ ਗਾਂਧੀ ਤੋਂ ਇਸੇ ਪਾਰਟੀ ਦੀ ਉਮੀਦਵਾਰ ਰੀਤਾ ਬਹੁਗੁਣਾ ਜੋਸ਼ੀ ਨੇ ਲ ਜਿੱਤ ਹਾਸਲ ਕੀਤੀ ਹੈ। ਮੈਨਪੁਰੀ ਤੋਂ ਸਪਾ ਦੇ ਬਾਨੀ ਮੁਲਾਇਮ ਸਿੰਘ ਯਾਦਵ ਆਪਣੇ ਨੇੜਲੇ ਉਮੀਦਵਾਰ ਭਾਜਪਾ ਦੇ ਪ੍ਰੇਮ ਸਿੰਘ ਸ਼ਾਕਿਆ ਨੂੰ ਹਰਾਉਣ ਵਿਚ ਸਫ਼ਲ ਰਹੇ ਹਨ। ਆਜ਼ਮਗੜ੍ਹ ਤੋਂ ਸਪਾ ਉਮੀਦਵਾਰ ਤੇ ਪਾਰਟੀ ਪ੍ਰਧਾਨ ਅਖਿਲੇਸ਼ ਯਾਦਵ ਭਾਜਪਾ ਉਮੀਦਵਾਰ ਦਿਨੇਸ਼ ਲਾਲ ਯਾਦਵ ਨਿਰਹੂਆ ਨੂੰ ਲੱਖ ਤੋਂ ਵੱਧ ਵੋਟਾਂ ਨਾਲ ਹਰਾਉਣ ਵਿਚ ਕਾਮਯਾਬ ਰਹੇ ਹਨ। ਜਦਕਿ ਅਖਿਲੇਸ਼ ਦੀ ਪਤਨੀ ਕਨੌਜ ਤੋਂ ਸਪਾ ਉਮੀਦਵਾਰ ਡਿੰਪਲ ਯਾਦਵ ਭਾਜਪਾ ਦੇ ਸੁਬਰਤ ਪਾਠਕ ਤੋਂ ਚੋਣ ਹਾਰ ਗਈ ਹੈ। ਮੁਜ਼ੱਫ਼ਰਨਗਰ ਤੋਂ ਗੱਠਜੋੜ ਉਮੀਦਵਾਰ ਤੇ ਰਾਸ਼ਟਰੀ ਲੋਕ ਦਲ ਮੁਖੀ ਚੌਧਰੀ ਅਜੀਤ ਸਿੰਘ ਭਾਜਪਾ ਦੇ ਸੰਜੀਵ ਬਾਲਿਆਨ ਤੋਂ ਹਾਰ ਗਏ ਹਨ। ਭਾਜਪਾ ਸੰਸਦ ਮੈਂਬਰ ਤੇ ਉਮੀਦਵਾਰ ਸਾਕਸ਼ੀ ਮਹਾਰਾਜ ਵੱਡੇ ਫ਼ਰਕ ਨਾਲ ਜਿੱਤੇ ਹਨ।



ਡਾ. ਪਰਮਜੀਤ ਚੁੰਬਰ ਪਰਿਵਾਰ ਨੂੰ ਉਹਨਾਂ ਦੇ ਲੜਕੇ ਦੇ ਗ੍ਰੈਜੂਏਸ਼ਨ ਕਰਨ ਤੇ ਲੱਖ ਲੱਖ ਵਧਾਈਆਂ। ਤਸਵੀਰ ਵਿਚ ਡਾ. ਪਰਮਜੀਤ ਚੁੰਬਰ ਆਪਣੀ ਪਤਨੀ, ਲੜਕੀ ਅਤੇ ਲੜਕੇ ਨਾਲ।

## ਜਲੰਧਰ ਲੋਕ ਸਭਾ ਹਲਕੇ ਤੋਂ ਮਿਲੀਆਂ ਵੋਟਾਂ

ਫਿਲੌਰ ਵਿਚ ਕੁੱਲ ਵੋਟਿੰਗ 131898 ਰਹੀ, ਜਿਸ ਵਿਚੋਂ ਕਾਂਗਰਸ ਨੂੰ 45001, ਅਕਾਲੀ ਦਲ ਨੂੰ 35,818, ਬਸਪਾ 43,915 ਪ੍ਰਾਪਤ ਕਰ ਸਕੀ ਅਤੇ ਇਸ ਹਲਕੇ ਵਿਚ ਕਾਂਗਰਸ ਦੀ ਲੀਡ 1085 ਵੋਟਾਂ ਦੀ ਰਹੀ। ਨਕੋਦਰ ਵਿਧਾਨ ਸਭਾ ਹਲਕੇ ਤੋਂ ਕੁੱਲ ਵੋਟਿੰਗ 1,22,727 ਵੋਟਾਂ ਪਈਆਂ, ਜਿਸ ਵਿਚੋਂ ਕਾਂਗਰਸ ਨੂੰ 42,389, ਅਕਾਲੀ ਦਲ ਨੂੰ 45,027 ਅਤੇ ਬਸਪਾ ਨੂੰ 27,024 ਵੋਟਾਂ ਮਿਲੀਆਂ ਅਤੇ ਕਾਂਗਰਸ ਇੱਥੋਂ 2638 ਵੋਟਾਂ ਨਾਲ ਹਾਰੀ। ਸ਼ਾਹਕੋਟ ਵਿਧਾਨ ਸਭਾ ਹਲਕੇ ਤੋਂ ਕੁੱਲ ਵੋਟਾਂ 1,12,653 ਵੋਟਾਂ ਪਈਆਂ ਜਿਸ ਵਿਚੋਂ 57,979 ਵੋਟਾਂ ਪਈਆਂ, ਅਕਾਲੀ ਦਲ ਨੂੰ 38,521, ਬਸਪਾ ਨੂੰ 7704 ਵੋਟਾਂ ਮਿਲੀਆਂ ਅਤੇ ਕਾਂਗਰਸ ਦੀ ਲੀਡ 19,458 ਵੋਟਾਂ ਦੀ ਰਹੀ। ਕਰਤਾਰਪੁਰ ਵਿਧਾਨ ਸਭਾ ਹਲਕੇ ਤੋਂ 113417 ਵੋਟਾਂ ਪਈਆਂ, ਜਿਸ ਵਿਚੋਂ ਕਾਂਗਰਸ ਨੂੰ 39443, ਅਕਾਲੀ ਦਲ ਨੂੰ 36881, ਬਸਪਾ ਨੂੰ 31047 ਵੋਟਾਂ ਮਿਲੀਆਂ ਅਤੇ ਕਾਂਗਰਸ ਦੀ ਲੀਡ 2562 ਵੋਟਾਂ ਦੀ ਰਹੀ। ਜਲੰਧਰ ਵੈਸਟ ਤੋਂ 106353 ਵੋਟਾਂ ਪਈਆਂ ਜਿਸ ਵਿਚੋਂ ਕਾਂਗਰਸ ਨੂੰ 45991, ਅਕਾਲੀ ਦਲ ਨੂੰ 44,502, ਬਸਪਾ ਨੂੰ 8961 ਵੋਟਾਂ ਮਿਲੀਆਂ ਅਤੇ ਕਾਂਗਰਸ ਨੂੰ 1489 ਵੋਟਾਂ ਦੀ ਲੀਡ ਮਿਲੀ। ਜਲੰਧਰ ਸੈਂਟਰਲ ਹਲਕੇ ਵਿਚ 97827 ਵੋਟਾਂ ਪਈਆਂ, ਜਿਸ ਵਿਚੋਂ ਕਾਂਗਰਸ ਨੂੰ 37790, ਅਕਾਲੀ ਦਲ ਨੂੰ 43132, ਬਸਪਾ ਨੂੰ 10634 ਵੋਟਾਂ ਮਿਲੀਆਂ ਅਤੇ ਕਾਂਗਰਸ ਦੀ ਨੂੰ 5342 ਵੋਟਾਂ ਘੱਟ ਮਿਲੀਆਂ। ਜਲੰਧਰ ਨੌਰਥ ਹਲਕੇ ਵਿਚ 117751 ਵੋਟਾਂ ਪਈਆਂ, ਜਿਸ ਵਿਚੋਂ ਕਾਂਗਰਸ ਨੂੰ 46341, ਅਕਾਲੀ ਦਲ ਨੂੰ 52559 ਅਤੇ ਬਸਪਾ ਨੂੰ 12913 ਵੋਟਾਂ ਮਿਲੀਆਂ ਅਤੇ ਕਾਂਗਰਸ 6218 ਵੋਟਾਂ ਨਾਲ ਪਿੱਛੇ ਰਹੀ।

ਜਲੰਧਰ ਕੈਂਟ ਹਲਕੇ ਵਿਚ 112342 ਵੋਟਾਂ ਪਈਆਂ, ਜਿਸ ਵਿਚੋਂ ਕਾਂਗਰਸ ਨੂੰ 41820, ਅਕਾਲੀ ਦਲ ਨੂੰ 39398 ਅਤੇ ਬਸਪਾ ਨੂੰ 23041 ਵੋਟਾਂ ਮਿਲੀਆਂ ਅਤੇ ਕਾਂਗਰਸ ਦੀ ਲੀਡ 2422 ਦੀ ਰਹੀ। ਆਦਮਪੁਰ ਵਿਧਾਨ ਸਭਾ ਹਲਕੇ ਵਿਚ 103267 ਵੋਟਾਂ ਪਈਆਂ, ਜਿਸ ਵਿਚੋਂ ਕਾਂਗਰਸ ਨੂੰ 28695, ਅਕਾਲੀ ਦਲ ਨੂੰ 20096 ਅਤੇ ਬਸਪਾ ਨੂੰ 39472 ਵੋਟਾਂ ਮਿਲੀਆਂ ਅਤੇ ਕਾਂਗਰਸ 9376 ਵੋਟਾਂ ਨਾਲ ਹਾਰੀ।

ਜਲੰਧਰ ਲੋਕ ਸਭਾ ਹਲਕੇ ਵਿਚ ਪੋਸਟਲ ਵੋਟਾਂ 789 ਪਈਆਂ, ਜਿਹਨਾਂ ਵਿਚੋਂ ਕਾਂਗਰਸ ਨੂੰ 263, ਅਕਾਲੀ ਦਲ ਨੂੰ 287 ਅਤੇ ਬਸਪਾ ਨੂੰ 71 ਵੋਟਾਂ ਮਿਲੀਆਂ। ਪੋਸਟਲ ਵੋਟਾਂ ਵਿਚੋਂ 23 ਨੋਟਾਂ ਨੂੰ ਪਈਆਂ। ਇਸ ਲੋਕ ਸਭਾ ਹਲਕੇ ਵਿਚ ਕੁੱਲ 1018998 ਵੋਟਾਂ ਪਈਆਂ, ਜਿਹਨਾਂ ਵਿਚੋਂ ਕਾਂਗਰਸ 385,712, ਅਕਾਲੀ ਦਲ ਨੂੰ 3,66,221, ਬਸਪਾ ਨੂੰ 103783 ਵੋਟਾਂ ਮਿਲੀਆਂ ਅਤੇ ਕਾਂਗਰਸ 19491 ਵੋਟਾਂ ਨਾਲ ਜਿੱਤੀ।

## ਡਾ ਅਜੀਤਪਾਲ ਸਿੰਘ ਦੇ ਪਰਿਵਾਰ ਨੂੰ ਸਦਮਾ

ਬਠਿੰਡਾ– ਸਿਹਤ ਵਿਗਿਆਨ ਦੇ ਪੰਜਾਬੀ ਲੇਖਕ , ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਅਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਦੇ ਪ੍ਰੀਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਵੱਡੀ ਭੈਣ ਦੇ ਨੌਜਵਾਨ ਪੋਤੇ ਗੁਰਜੀਤ ਸਿੰਘ ਪੁੱਤਰ ਹਰਮੇਲ ਸਿੰਘ ਪੱਪੀ (22 ਸਾਲ,ਵਾਸੀ ਭੁੱਚੋ ਖੁਰਦ) ਦੀ ਭਾਖੜਾ ਨਹਿਰ ਚ ਡੁੱਬਣ ਕਾਰਨ ਦੋ ਦਿਨ ਪਹਿਲਾਂ ਮੌਤ ਹੋ ਗਈ ਅਤੇ ਲੋਕਾਂ ਵਲੋਂ ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਦਸਣ ਮੁਤਾਬਕ ਗੁਰਜੀਤ ਸਿੰਘ ਕਰੀਬ ਚਾਰ ਸਾਲ ਪਹਿਲਾਂ ਭਾਰਤੀ ਫੌਜ ਵਿੱਚ ਨਾਇਕ ਭਰਤੀ ਹੋਇਆ ਸੀ ਅਤੇ ਅੱਜ ਕੱਲ੍ਹ ਯੂਨਿਟ–258 ਛੋ ਓਂਛ ਜੰਮੂ ਵਿਖੇ ਡਿਊਟੀ ਨਿਭਾ ਰਿਹਾ ਸੀ ਅਤੇ ਕੁਝ ਦਿਨ ਪਹਿਲਾਂ ਹੀ ਉਹ ਇੱਕ ਮਹੀਨੇ ਦੀ ਛੁੱਟੀ ਲੈ ਕੇ ਪ੍ਰੀਵਾਰ ਨੂੰ ਮਿਲਣ ਭੁੱਚੋ ਖੁਰਦ ਆਇਆ ਸੀ। ਇਸ ਦੁਰਘਟਨਾ ਵਾਲੇ ਦਿਨ ਉਹ ਆਪਣੀ ਵੱਡੀ ਭੈਣ ਨੂੰ ਉਸ ਦੇ ਸਹੁਰੇ ਪਿੰਡ ਹਾਕਮਵਾਲਾ ਨੇੜੇ ਬੋਹਾ ਜਿਲ੍ਹਾ ਮਾਨਸਾ ਵਿਖੇ ਛੱਡਣ ਗਿਆ ਤੇ ਕੁਝ ਸਮਾਂ ਖੇਤ ਵਿੱਚ ਟਰੈਕਟਰ ਚਲਾਉਣ ਤੋਂ ਪਿੱਛੋਂ ਉਹ ਭਾਖੜਾ ਨਹਿਰ ਦੇ ਕੰਢੇ ਨੰਗਲਾ ਪੁਲ ਦੇ ਕੋਲ ਨਹਾਉਣ ਲੱਗ ਪਿਆ ਪਰ ਅਚਾਨਕ ਕਿਤੇ ਪੈਰ ਫਿਸਲ ਗਿਆ ਤੇ ਉਹ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਿਆ, ਉੱਥੇ ਹਾਜ਼ਰ ਲੋਕਾਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਪਾਣੀ ਦਾ ਤੇਜ ਵਹਾਅ ਉਸ ਨੂੰ ਰੋੜ ਕੇ ਲੈ ਗਿਆ, ਤੇ ਉਸ ਦੀ ਲਾਸ਼ ਅਜੇ ਵੀ ਨਹੀਂ ਮਿਲੀ ਹੈ। ਬੀਤੇ ਕਲ੍ਹ ਉਸ ਦੇ ਮਾਪਿਆਂ ਅਤੇ ਭੁੱਚੋ ਖੁਰਦ ਪਿੰਡ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਡਾਕਟਰ ਅਜੀਤਪਾਲ ਸਿੰਘ ਦੀ ਅਗਵਾਈ ਵਿੱਚ ਗੁਰਜੀਤ ਸਿੰਘ ਦੀ ਆਰਮੀ ਯੂਨਿਟ–259 ਤੇ ਮਿਲਟਰੀ ਸਟੇਸ਼ਨ ਬਠਿੰਡਾ ਛਾਉਣੀ ਦੇ ਸਬ–ਏਰੀਆਂ ਹੈਡਕੁਆਰਟਰ ਨੂੰ ਸਮੇਂ ਸਿਰ ਇਤਲਾਹ ਦਿੱਤੀ ਗਈ ਅਤੇ ਲਾਸ਼ ਲੱਭਣ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਆਰਮੀ ਦਸਤਾ ਪੁਲਿਸ ਦੀ ਮੱਦਦ ਨਾਲ ਘਟਨਾ ਸਥਲ ਤੇ ਭੇਜਣ ਦੀ ਮੰਗ ਰੱਖੀ ਗਈ।




BERKSHIRE HATHAWAY
Home Services
ELITE REAL ESTATE
BHHS BERKSHIRE HATHAWAY HOMESERVICES
Shangara Ram
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ–ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਫਰਿੰਡਜ਼ ਇੰਟਰਟੇਂਮੈਂਟ ਵੱਲੋ ਸਟਾਕਟਨ ਵਿੱਚ ਕਰਵਾਇਆ ਗੁਰਦਾਸ ਮਾਨ ਦਾ ਸ਼ੋਅ ਯਾਦਗਾਰੀ ਹੋ ਨਿਬੜਿਆ




**ਸਟਾਕਟਨ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਫਰਿੰਡਜ਼ ਇੰਟਰਟੇਂਮੈਂਟ ਅਤੇ ਮਨਮੀਤ ਗਰੇਵਾਲ ਵੱਲੋ ਗੁਰਦਾਸ ਮਾਨ ਦਾ ਸ਼ੋਅ ਸਟਾਕਟਨ ਸ਼ਹਿਰ ਦੇ ਬਾਬ ਹੋਪ ਥੇਇਟਰ ਵਿੱਚ ਕਰਵਾਇਆ ਗਿਆ। ਇਸ ਮੌਕੇ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਵਿੱਚ ਸ਼ੋਅ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਆਸ਼ਾ ਸ਼ਰਮਾਂ ਨੇ ਸ਼ਾਇਰਾਨਾਂ ਅੰਦਾਜ਼ ਵਿੱਚ ਕੀਤੀ।ਇਸ ਮੌਕੇ ਸਹਾਇਤਾ ਸੰਸਥਾ ਦਾ ਲੱਗਿਆ ਬੂਥ ਵੀ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਦਰ ਰਿਹਾ। ਸਟੇਜ ਤੋਂ ਮਨਮੀਤ ਗਰੇਵਾਲ ਨੇ ਸਮੂਹ ਦਰਸ਼ਕ ਅਤੇ ਸਪਾਂਸਰ ਸੱਜਣਾਂ ਦੀ ਧੰਨਵਾਦ ਕੀਤਾ। ਦਾ ਅਖੀਰ ਵਿੱਚ ਮੇਲੇ ਨੂੰ ਚਰਮ ਸੀਮਾ ਤੱਕ ਪਹੁੰਚਾਉਣ ਲਈ ਗੁਰਦਾਸ ਮਾਂਨ ਨੇ ਦਰਸ਼ਕਾ ਨੂੰ ਤਕਰੀਬਨ ਤਿੰਨ ਘੰਟੇ ਕੀਲੀ ਰੱਖਿਆ। ਉਹ ਪੂਰੇ ਰੰਗ ਵਿੱਚ ਰੰਗੇ ਪੰਜਾਬੀਅਤ ਵਿੱਚ ਪੂਰੇ ਗੜੁਚ ਨਜ਼ਰ ਆ ਰਹੇ ਸਨ।ਦਰਸ਼ਕ ਵੀ ਤਾੜੀਆਂ ਦੀ ਗੂੰਜ ਵਿੱਚ ਇਕੱਲੇ ਇਕੱਲੇ ਬੋਲ ਤੇ ਗੁਰਦਾਸ ਮਾਨ ਨੂੰ ਹੁੰਗਾਰਾ ਦੇ ਰਹੇ ਸਨ। ਅਖੀਰ ਵਿੱਚ ਭਰੇ ਮੇਲੇ ਨੂੰ ਅਲਵਿਦਾ ਆਖ ਗੁਰਦਾਸ ਮਾਨ ਨੇ ਸਭਨਾਂ ਨੂੰ ਫਤਿਹ ਬੁਲਾਕੇ ਵਿਦਿਆ ਮੰਗੀ ਅਤੇ ਦਰਸ਼ਕਾਂ ਦਾ ਠਾਠਾ ਮਾਰਦਾ ਇਕੱਠ ਕਿਸੇ ਪੰਜਾਬ ਦੇ ਵੱਡੇ ਸੱਭਿਆਚਾਰਕ ਮੇਲੇ ਦਾ ਭੁਲੇਖਾ ਪਾ ਰਿਹਾ ਸੀ ਅਖੀਰ ਨੂੰ ਅਮਿੰਟ ਪੈੜਾ ਛੜਦਾ ਇਹ ਸੱਭਿਆਚਾਰਿਕ ਮੇਲਾ ਯਾਦਗਾਰੀ ਹੋ ਨਿਬੜਿਆ।






## Matrimonial

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ।

**ਸੰਪਰਕ ਕਰੋ ਫੋਨ ਜਾਂ ਵਟਸਅਪ: 510 8625488**



**Buying or Selling home in Sacramento??**

**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ**

**MOBILE 916-513-8094**




**Put my knowledge, Service, experience and professionalism to work for you.**

**Buying or selling home in Sacramento? Call 916-513-8094 for free consultation (PUNJABI/ENGLISH/HINDI)**



**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ**

**VISHAL KAPOOR**
DRE#02087894 Realtor®

MOBILE. 916-513-8094. OFFICE 916-993-8680 EXT.1102

Email- realtor.vkapoor@gmail.com www.hsicarerealty.com

3461 Fair Oaks Blvd. Suite #125, Sacramento, CA 95864

Please like and share my facebook Page Realtor-Vishalkapoor


# ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ 1 ਜੂਨ ਨੂੰ



ਜਲ੍ਹਿਆਂ ਵਾਲੇ ਬਾਗ ਵਿਚ ਬਰਤਾਨਵੀ ਸਰਕਾਰ ਦੇ ਬੁੱਚੜ ਜਨਰਲ ਡਾਇਰ ਵੱਲੋਂ ਵਰਤਾਏ ਖੂਨੀ ਕਾਂਡ ਨੂੰ ਸੌ ਵਰ੍ਹਿਆਂ ਤੋਂ ਵੂਪਰ ਦਾ ਸਮਾਂ ਹੋ ਗਿਆ ਹੈ। ਦੁਨੀਆਂ ਭਰ ਵਿਚ ਉਹਨਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸੌ ਸਾਲਾ ਵਰ੍ਹੇਗੰਢ ਮਨਾਈ ਜਾ ਰਹੀ ਹੈ।

ਗਦਰੀ ਬਾਬਿਆਂ ਦੀ ਪੈਰੋਕਾਰ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗਦਰ ਮੈਮੋਰੀਅਲ ਹਾਲ ਸਾਨ ਫਰਾਂਸਿਸਕੋ 5 ਵੁੱਡ ਸਟਰੀਟ ਤੇ 1 ਜੂਨ 2019 ਦਿਨ ਸ਼ਨਿਚਰਵਾਰ ਨੂੰ ਸ਼ਰਧਾਂਜਲੀ ਸਮਾਰੋਹ ਕੀਤਾ ਜਾ ਰਿਹਾ ਹੈ। ਅਸੀਂ ਸਮੁੱਚੇ ਦੇਸ਼ ਭਗਤਾਂ ਨੂੰ ਯਾਦ ਕਰਨ ਵਾਲੇ ਵਿਅਕਤੀਆਂ, ਪਰਿਵਾਰਾਂ ਅਤੇ ਸਮੂਹ ਜਥੇਬੰਦੀਆਂ ਨੂੰ ਸ਼ਰਧਾਂਜਲੀ ਸਮਾਰੋਹ ਵਿਚ ਸ਼ਾਮਲ ਹੋਣ ਦੀ ਅਪੀਲ ਕਰਦੇ ਹਾਂ।

1 ਜੂਨ ਦਿਨ ਸ਼ਨਿਚਰਵਾਰ ਦੁਪਹਿਰ 12 ਵਜੇ ਤੋਂ ਸ਼ਾਮ 3 ਵਜੇ ਤੱਕ ਵੱਖ ਵੱਖ ਬੁਲਾਰਿਆਂ ਵੱਲੋਂ ਇਸ ਨਰਸੰਹਾਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। ਹੋਰ ਜਾਣਕਾਰੀ ਲਈ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ 916-420-2390 ਜਾਂ ਸਕੱਤਰ ਗਿਆਨ ਸਿੰਘ ਬਿਲਗਾ ਨਾਲ 661-397-7330 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਪਸਾ ਬੇ ਏਰੀਆ ਵਲੋਂ ਸੁਰਜੀਤ ਸਖੀ ਨਾਲ ਰੂ-ਬ-ਰੂ

ਵਿਪਸਾ ਬੇ ਏਰੀਆ ਦੀ ਮਾਸਿਕ ਮਿਲਣੀ ਮਿਲਣੀ ਮਈ 19, 2019 ਨੂੰ ਗੋਲਡਨ ਇੰਡੀਅਨ ਕੁਜ਼ੀਨ, ਫਰੀਮੌਂਟ ਵਿਖੇ ਆਯੋਜਿਤ ਕੀਤੀ ਗਈ। ਇਸ ਮਿਲਣੀ ਦੇ ਆਰੰਭ ਵਿੱਚ ਅਕੈਡਮੀ ਦੇ ਪ੍ਰਧਾਨ, ਸੁਰਿੰਦਰ ਸੀਰਤ ਨੇ ਉਪਸਥਿਤ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਮਹਿਮਾਨ ਸਰੋਤਿਆਂ ਦਾ ਜੀ ਸੁਰਿੰਦਰ ਸੀਰਤ ਨੇ ਉਪਸਥਿਤ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਮਹਿਮਾਨ ਸਰੋਤਿਆਂ ਦਾ ਜੀ ਆਇਆਂ ਕਿਹਾ ਅਤੇ ਸਾਹਿਤਕ ਬੈਠਕਾਂ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਦੇਣ ਦੀ ਵਚਨ ਬਧੱਤਾ ਨੂੰ ਨਿਭਾਉਣ ਅਤੇ ਨਿਭਾਏ ਜਾਣ ਦੀ ਪ੍ਰਥਾ ਨੂੰ ਮਹਤੱਤਾ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਵਿਪਸਾ ਦੀ ਮਾਸਿਕ ਬੈਠਕ ਹਰ ਮਹੀਨੇ ਦੇ ਤੀਜੇ ਐਤਵਾਰ ਨੂੰ ਸਮੇਂ ਸਿਰ ਦਿੱਤੀ ਜਾ ਰਹੀ ਸੂਚਨਾ ਅਨੁਸਾਰ ਨੇਪਰੇ ਚੜ੍ਹ ਰਹੀ ਹੈ। ਸੀਰਤ ਨੇ ਸੁਰਜੀਤ ਸਖੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਰੇ ਸਮੇਤ ਸਖੀ ਜੀ ਅਤੇ ਕੁਲਵਿੰਦਰ, ਪ੍ਰਿੰਸੀਪਲ ਤਖ਼ਤ ਸਿੰਘ ਜੀ ਦੇ ਸ਼ਾਗਿਰਦ ਰਹਿ ਚੁੱਕੇ ਹਨ। ਦੂਜਾ ਇਹ ਕਿ ਸੁਰਜੀਤ ਸਖੀ ਨੂੰ ਸਮੂਹ ਪੰਜਾਬੀ ਜਗਤ ਵਿਚ ਇਕ ਪ੍ਰੋੜ ਗ਼ਜ਼ਲਕਾਰ ਅਤੇ ਕਵਿਤਰੀ ਵਜੋ ਪਛਾਣ ਹਾਸਿਲ ਹੈ। ਇਹਨਾਂ ਨਾਲ ਵਿਪਸਾ ਦੇ ਵਿਸ਼ੇਸ਼ ਕਾਰਜ ਵਿਚ ਇਕ ਪ੍ਰਾਪਤੀ ਹੋਵੇਗੀ। ਉਪਰੰਤ ਵਿਪਸਾ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਸਟੇਜ ਸੰਭਾਂਲਦਿਆਂ ਬੜੇ ਹੀ ਸਲੀਕੇ ਅਤੇ ਸਤਿਕਾਰ ਨਾਲ ਸੁਹਿੰਦਰ ਬੀਰ ਨੂੰ ਬੈਠਕ ਦੀ ਪ੍ਰਧਾਨਗੀ ਲਈ, ਸੁਰਜੀਤ ਸਖੀ ਨੂੰ ਵਿਸ਼ੇਸ਼ ਮਹਿਮਾਨ ਵਜੋਂ ਅਤੇ ਰੇਸ਼ਮ ਸਿੱਧੂ ਨੂੰ ਵਿਪਸਾ ਦੇ ਪ੍ਰਤਿਨਿੰਧ ਲੇਖਕ (ਸਾਬਕਾ ਪ੍ਰਧਾਨ) ਵਜੋਂ ਪ੍ਰਧਾਨਗੀ ਮੰਡਲ ਵਿਚ ਆਮੰਤ੍ਰਿਤ ਕੀਤਾ। ਬੈਠਕ ਦੱ ਉਪਰੰਤ, ਪ੍ਰਿੰਸੀਪਲ ਹਰਨੇਕ ਸਿੰਘ ਦੀ ਕਹਾਣੀ 'ਕਰਮੋ ਚਾਚੀ ' ਨਾਲ ਕੀਤੀ ਗਈ। ਉਨ੍ਹਾਂ ਦੀ ਕਹਾਣੀ ਦਾ ਥੀਮ ਸਲਾਹਿਆ ਗਿਆ, ਸਵਾਲ ਜਵਾਬ ਕੀਤੇ ਗਏ ਅਤੇ ਇਕ ਸਫਲ ਕਹਾਣੀ ਲਈ ਮੁਬਾਰਕਬਾਦ ਦਿੱਤੀ ਗਈ। ਉਸ ਤੋਂ ਬਾਅਦ ਸੀਰਤ ਨੇ ਇਕ ਸਿੰਬੌਲਿਕ ਮਿੰਨੀ ਕਹਾਣੀ ‘ਆਕ੍ਰੋਸ਼’ ਪੜ੍ਹੀ, ਜਿਸ ਦੁਆਰਾ ਸੱਤਾਧਾਰੀ- ਬੁਰਜਵਾ ਪ੍ਰਸਤੀ ਦੇ ਭੈਅ ਪ੍ਰਤੀ ਰੋਸ ਪ੍ਰਗਟ ਕੀਤਾ ਗਿਆ ਹੈ। ਇਸ ਤੋਂ ਬਾਦ ਸੁਰਜੀਤ ਸਖੀ ਨਾਲ ਰੂ-ਬ ਰੂ ਕੀਤੀ ਗਈ ਜੋ ਕਿ ਬਹੁਤ ਹੀ ਰੌਚਿਕ ਹੋ ਨਿਬੜੀ। ਹਰ ਕੋਈ ਉਨ੍ਹਾਂ ਦੀਆਂ ਗੱਲਾਂ ਸੁਣਨਾ ਚਾਹੁੰਦਾ ਸੀ। ਉਨ੍ਹਾਂ ਨੇ ਆਪਣੇ ਬਚਪਨ ਤੋਂ ਹੀ ਘਰ ਵਿੱਚ ਸਾਹਿਤਕ ਮਾਹੌਲ ਬਾਰੇ ਜਾਣਕਾਰੀ ਦਿੱਤੀ; ਕਿ ਕਿਵੇਂ ਉਨ੍ਹਾਂ ਦੇ ਘਰ ਵਿੱਚ ਉਸ ਵੇਲੇ ਦੇ ਮਸ਼ਹੂਰ ਕਵੀਆਂ ਨੂੰ ਪੜ੍ਹਿਆ ਜਾਂਦਾ ਸੀ ਜਿਨ੍ਹਾਂ ਵਿੱਚ ਪ੍ਰੋ. ਮੋਹਨ ਸਿੰਘ,ਇਕਬਾਲ, ਅੰਮ੍ਰਿਤਾ ਪ੍ਰੀਤਮ ਤੇ ਸਾਹਿਰ ਲੁਧਿਆਣਵੀ ਸ਼ਾਮਿਲ ਹਨ।

ਉਨ੍ਹਾਂ ਦੇ ਬਜ਼ੁਰਗਾਂ ਦਾ ਪਿੱਛਾ ਰਾਵਲਪਿੰਡੀ ਦਾ ਸੀ ਤੇ ਵੰਡ ਤੋਂ ਬਾਅਦ ਉਹ ਹੁਣ ਦੇ ਭਾਰਤ ਵਿਚ ਆਏ ਬਸੇ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦਿਨਾਂ ਵਿੱਚ ਹਰ ਇੱਕ ਦੇ ਦਿਲ ਵਿੱਚ ਦੇਸ਼ ਭਗਤੀ ਦਾ ਜਜ਼ਬਾ ਤੀਬਰਤਾ ਨਾਲ ਕਾਇਮ ਸੀ। ਉਨ੍ਹਾਂ ਨੇ ਆਪਣੀ ਪੁਰਾਣੀ ਕਵਿਤਾ 'ਪੰਜਾਬ' ਸੁਣਾਈ ਜੋ ਕਿ ਸਕੂਲ ਦੀਆਂ ਕਿਤਾਬਾਂ ਵਿੱਚ ਪੜ੍ਹਾਈ ਜਾਂਦੀ ਰਹੀ- ਇਸ ਤੋਂ ਇਲਾਵਾਂ ਉਨ੍ਹਾਂ ਨੇ ਆਪਣੀ ਪੁਰਾਣੀ ਗਜ਼ਲ ਗਾ ਕੇ ਵੀ ਸੁਣਾਈ ਤੇ ਆਪਣੀਆਂ ਨਵੀਆਂ ਗ਼ਜ਼ਲਾਂ ਵੀ ਸੁਣਾਈਆਂ। ਹਰ ਕੋਈ ਚਾਹੁੰਦਾ ਸੀ ਕਿ ਉਨ੍ਹਾਂ ਦੀਆਂ ਹੋਰ ਗਜਲਾਂ ਸੁਣੀਆਂ ਜਾਣ ਪਰ ਸਮਾਂ ਇਜਾਜ਼ਤ ਨਹੀਂ ਸੀ ਦੇ ਰਿਹਾ ਸੀ। ਇਸ ਤੋਂ ਬਾਦ ਕਵੀ ਦਰਬਾਰ ਹੋਇਆ ਜਿਸ ਵਿੱਚ ਹਜ਼ੂਰਾ ਸਿੰਘ ਨੇ ਆਪਣੀ ਗ਼ਜ਼ਲ ਤਰੁੰਨਮ ਵਿੱਚ ਸੁਣਾਈ- ਰੇਸ਼ਮ ਸਿੰਘ ਨੇ ਵੀ ਆਪਣੀ ਨਜ਼ਮ ਪੜ੍ਹ ਕੇ ਵਾਹ ਵਾਹ ਖੱਟੀ। ਹੋਰ ਜਿਨ੍ਹਾਂ ਨੇ ਅੱਜ ਦੀ ਇਕੱਤਰਤਾ ਵਿੱਚ ਸ਼ਿਰਕਤ ਕੀਤਾ ਉਨ੍ਹਾਂ ਵਿਚ ਸੁਰਿੰਦਰ ਕੌਰ, ਪਰਮਪਾਲ ਸਿੰਘ, ਜੁਗਨੂੰ ਜੀ (ਭਾਰਤ ਤੋਂ) ਸੁਖਪਾਲ ਸੰਘੇੜਾ, ਸੁਹਿੰਦਰ ਬੀਰ ਦੀ ਧਰਮ ਪਤਨੀ ਪੂਨਮ ਤੇ ਡਾਕਟਰ ਹਰਮੇਸ਼ ਕੁਮਾਰ। ਬੈਠਕ ਦੇ ਅੰਤਿਮ ਚਰਣ ਵਿਚ ਸੁਹਿੰਦਰ ਬੀਰ ਨੇ ਅੱਜ ਦੀ ਇਸ ਇਕੱਤਰਤਾ ਨੂੰ ਬਹੁਮੁੱਲੀ ਦਰਸਾਇਆ ਅਤੇ ਅੱਜ ਦੀ ਇਸ ਇਕੱਤਰਤਾ ਨੂੰ ਬਹੁਮੁੱਲੀ ਦਰਸਾਇਆ ਅਤੇ ਆਪਣਾ ਇਕ ਮਸ਼ਹੂਰ ਗੀਤ ਤਰੰਨਮ ਵਿਚ ਪੇਸ਼ ਕੀਤਾ। ਜਿਸ ਨੇ ਇਸ ਸੰਜੀਦਾ ਸਾਹਿਤਕ ਬੈਠਕ ਵਿਚ ਭਾਵਨਾ-ਰਸ ਘੋਲ ਦਿੱਤਾ।





# ਰਾਹੁਲ ਦੇ ਅਸਤੀਫ਼ੇ ਨੇ ਕਾਂਗਰਸ ਵਿਚ ਬੇਚੈਨੀ ਵਧਾਈ

**(ਸਫਾ 1 ਦੀ ਬਾਕੀ)**

ਰਾਹੁਲ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਚੋਣ ਹਾਰ ਵਿਚ ਪਾਰਟੀ ਦੇ ਦਿੱਗਜਾਂ ਦੀ ਭੂਮਿਕਾ ਤੋਂ ਨਾਖ਼ੁਸ਼ ਰਾਹੁਲ ਕੁਝ ਚੋਣਵੇਂ ਆਗੂਆਂ ਦੇ ਇਲਾਵਾ ਕਿਸੇ ਆਗੂ ਨੂੰ ਮਿਲ ਵੀ ਨਹੀਂ ਰਹੇ। ਯੂਪੀਏ ਦੇ ਸਹਿਯੋਗੀ ਦਲਾਂ ਦੇ ਆਗੂ ਵੀ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਰਾਹੁਲ ਗਾਂਧੀ ਨੂੰ ਸਲਾਹ ਦਿੰਦੇ ਹੋਏ ਕਿਹਾ ਕਿ ਅਸਤੀਫ਼ਾ ਦੇਣਾ ਭਾਜਪਾ ਦੇ ਜਾਲ ਵਿਚ ਫਸਣ ਵਰਗਾ ਹੋਵੇਗਾ।

### ਸੁਨੀਲ ਜਾਖੜ ਵੱਲੋਂ ਅਸਤੀਫ਼ਾ

ਨਵੀਂ ਦਿੱਲੀ- ਪੰਜਾਬ ਦੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਮਗਰੋਂ ਸੁਨੀਲ ਜਾਖੜ ਨੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਉਨ੍ਹਾਂ ਆਪਣੀ ਹਾਰ ਤੇ ਪੰਜਾਬ ਵਿੱਚ ਪਾਰਟੀ ਦੇ ਚੰਗਾ ਪ੍ਰਦਰਸ਼ਨ ਨਾ ਕਰਨ ਦੀ ਜ਼ਿੰਮੇਵਾਰੀ ਲੈਂਦਿਆਂ ਆਪਣਾ ਅਸਤੀਫਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜ ਦਿੱਤਾ ਹੈ। ਸੁਨੀਲ ਜਾਖੜ ਨੇ ਕਿਹਾ ਕਿ ਉਹ ਆਪਣੀ ਸੀਟ ਵੀ ਨਾ ਬਚਾ ਸਕੇ ਇਸ ਲਈ ਉਨ੍ਹਾਂ ਅਸਤੀਫ਼ਾ ਦੇਣਾ ਬਿਹਤਰ ਸਮਝਿਆ ਹੈ।

### ਖੇਰੂੰ-ਖੇਰੂੰ ਹੋਣ ਲੱਗਿਆ ਦੀਦੀ ਦਾ ਕੁਨਬਾ

ਲੋਕ ਸਭਾ ਚੋਣਾਂ 2019 ਤੋਂ ਬਾਅਦ ਪੱਛਮੀ ਬੰਗਾਲ ’ਚ ਟੀਐੱਮਸੀ ਤੇ ਸੀਪੀਐੱਮ ਨੂੰ ਵੱਡਾ ਝਟਕਾ ਲੱਗਾ ਹੈ। ਪੱਛਮੀ ਬੰਗਾਲ ਦੇ ਦੋ ਟੀਐੱਮਸੀ ਵਿਧਾਇਕ ਤੇ ਇਕ ਸੀਪੀਐੱਮ ਵਿਧਾਇਕ ਦਿੱਲੀ ’ਚ ਮੰਗਲਵਾਰ ਨੂੰ ਪਾਰਟੀ ਦੇ ਹੈੱਡਕੁਆਰਟਰ ਵਿਖੇ ਭਾਜਪਾ ’ਚ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ 50 ਤੋਂ ਜ਼ਿਅਦਾ ਕੌਂਸਲਰ ਵੀ ਭਾਜਪਾ ’ਚ ਸ਼ਾਮਲ ਹੋ ਗਏ ਹਨ। ਕੈਲਾਸ਼ ਵਿਜੈਵਰਗੀਯ ਮੁਤਾਬਿਕ, ਤਿੰਨ ਵਿਧਾਇਕ ਤੇ 50 ਤੋਂ ਜ਼ਿਆਦਾ ਕੌਂਸਲਰ ਭਾਜਪਾ ’ਚ ਸ਼ਾਮਲ ਹੋਏ ਹਨ। ਪੱਛਮੀ ਬੰਗਾਲ ’ਚ ਚੋਣਾਂ ਦੇ ਸੱਤ ਗੇੜ ਹੋਏ ਸਨ।

# SRI GURU RAVIDASS SABHA PITTSBURG (CA)

## 2150 CRESTVIEW DRIVE, Pittsburg CA 94565 Tel: (925) 439-2355

### ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜੂਨ ਮਹੀਨੇ ਦੇ ਪ੍ਰੋਗਰਾਮ

**May 26, 2019 Sukhmani Sahib Path & Langar Sewa by Gurughar - OPEN**

**June 02, 2019**

**Sukhmani Sahib Path & Langar Sewa by Bhai Joginder Singh and Bibi Gurmeet Kaur**

*Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep this family in Chardi Kala.*

**June 09, 2019**

**Sukhmani Sahib Path & Langar Sewa by Bibi Satya Dass**

*Waheguru has blessed Bibi Satya Dass with a granddaughter Sienna. Bibi Satya Dass along with Jagjit Singh, Sundeep Singh, Sonia Dass Hanson and Patrick Hanson will host Sri Sukhmani Sahib Path and Langar Sewa to thank Waheguru. May Waheguru bless Sienna with happy, healthy and long life..*

**June 16, 2019- College Graduation of Natasha Chbbara Celebreations**

**Bhai Kuldip Chhabra and Bibi Benu Chhabra**

*Sri Sukhmani Sahib Path and Langar Sewa will be hosted by Bhai Kuldip Chhabra and Bibi Benu Chhbara to celebrate graduation of their daughter Natasha Chhabra, she finished her degree "Bachelor of Science in Agriculture Technology Management. May Waheguru bless Natasha with higher education and great future..*

**June 23, 2019 Wedding Anniversary of Dalvir Kaur and Varinderjit Singh**

*Bhai Paras Ram, Bibi Jaswinder Kaur and family are celebrating wedding anniversary of their daughter Dalvir Kaur. Sri Sukhmani Sahib Path and Langar Sewa will be hosted by the family. May God Bless this couple with happy married life.*

**June 28-29-30, 2019 Pittsburg Gurughar's 34th Anniversary**

*Sri Guru Ravidass Temple Pittsburg's 34th anniversary will be celebrated on June 30, 2019. Akhand Path will start on Friday 6/28/19 at 10am and will be concluded with Bhog ceremony on Sunday 6/30/29. Path and Langar sewa will be hosted by Gurughar with the help and cooperation of entire Sangat. Entire Sangat is requested to attend the function.*

*Please contact Gurughar Commottee for STALLS or any sewa on this occasion.*

**"NANAK NAM CHARDI KALA TERE BHANE SARBAT DA BHALA**

**Please visit Gurughar website for information: WWW.SriGuruRavidassTemple.com**

**NOTE: Sewa is available for the dates with ***.**

**Please contact General Secretary at 209.834.4641 for more information.**

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |


# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਮਨਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਗੁਰੂ ਅੰਗਦ ਦੇਵ ਮਹਾਰਾਜ ਜੀ, ਧੰਨ ਧੰਨ ਸਤਿਗੁਰੂ ਗੁਰੂ ਅਮਰਦਾਸ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਗੁਰਪੁਬ ਮਿਤੀ 24, 25, 26 ਮਈ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਬੜੀ ਧੂੰਮ ਧਾਮ ਨਾਲ ਮਨਾਏ ਗਏ। ਜਿਸ ਵਿਚ 24 ਮਈ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕਿਸ਼ਨ ਸਿੰਘ ਜੀ ਨੇ ਗੁਰਬਾਦੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ (ਹੈਡ ਕੈਸ਼ੀਅਰ ਗੁਰੂ ਘਰ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਮੌਸਮ ਖਰਾਬ ਹੋਣ ਦੇ ਬਾਵਜੂਦ ਵੀ ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਜੂਨ ਮਹੀਨੇ ਦੇ ਪ੍ਰੋਗਰਾਮ**

ਗੁਰੂ ਘਰ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟਆ ਜੀ, ਬੀਬੀ ਸੰਧਿਆ ਭਾਟੀਆ ਜੀ ਪਰਿਵਾਰ ਵੱਲੋਂ ਆਪਣੇ ਪਿਤਾ ਸਵ. ਸ੍ਰੀ ਬਖਸ਼ੀ ਰਾਮ ਜੀ, ਮਾਤਾ ਸਵ. ਧੰਨ ਕੌਰ ਜੀ ਦੀ ਮਿੱਠੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ:

31 ਮਈ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ।

2 ਜੂਨ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਮਹਾਨ ਸ਼ਹੀਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ–

7 ਜੂਨ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

9 ਜੂਨ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ

ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਬੀਬੀ ਤ੍ਰਿਪਤਾ ਕੌਰ ਜੀ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਮਿਤੀ 16 ਜੂਨ ਦਿਨ ਐਤਵਾਰ ਨੂੰ ਪਾਏ ਜਾਣਗੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਗੁਰੂ ਕਬੀਰ ਮਹਾਰਾਜ ਜੀ ਦੇ ਗੁਰਪੂਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ:

21 ਜੂਨ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ।

23 ਜੂਨ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ। **(ਤਸਵੀਰਾਂ ਦੇਖੋ ਸਫਾ 12 'ਤੇ)**

# ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ, ਭਾਈਚਾਰੇ 'ਚ ਸੋਗ ਦੀ ਲਹਿਰ



**ਯੂਬਾ ਸਿਟੀ–** ਬੀਤੇ ਸ਼ਨਿਚਰਵਾਰ ਸਵੇਰ ਦੇ 9 ਕੁ ਵਜੇ ਸ. ਪਰਮਜੀਤ ਸਿੰਘ ਰੰਧਾਵਾ ਨੂੰ ਇਕ ਗੋਰੇ (ਹੈਨਰੀ) ਫਾਰਮਰ ਦੇ ਖੇਤ ਵਿਚ ਕੰਮ ਕਰਦੇ ਸਮੇਂ ਮੈਕਸੀਕੋ ਮੂਲ ਦੇ ਹਸੂਸ ਪੈਰਜ ਨਾਂ ਦੇ ਵਿਅਕਤੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪਰਮਜੀਤ ਸਿੰਘ ਰੰਧਾਵਾ ਪੰਜਾਬੀ ਕਮਿਊਨਿਟੀ ਵਿਚ ਜਾਣੀ–ਪਹਿਚਾਣੀ ਸਖਸ਼ੀਅਤ ਸਨ, ਜੋ ਕਾਫੀ ਲੰਮੇ ਸਮੇਂ ਤੋਂ ਯੂਬਾ ਸਿਟੀ ਵਿਚ ਰਹਿ ਰਹੇ ਸਨ। ਉਹਨਾਂ ਦਾ ਪਿਛਲਾ ਪਿੰਡ ਸੈਦੋਵਾਲ ਨੇੜੇ ਨੂਰਮਹਿਲ, ਜ਼ਿਲ੍ਹਾ ਜਲੰਧਰ ਹੈ। ਉਹ ਆਪਣੇ ਪਿੱਛੇ ਤਿੰਨ ਲੜਕੀਆਂ ਅਤੇ ਪਤਨੀ ਕੁਲਵਿੰਦਰ ਕੌਰ ਨੂੰ ਛੱਡ ਗਏ ਹਨ। ਸ. ਪਰਮਜੀਤ ਸਿੰਘ ਰੰਧਾਵਾ, ਸੁਤੰਤਰ ਸਿੰਘ ਰੰਧਾਵਾ ਦੇ ਵੱਡੇ ਭਰਾ ਅਤੇ ਸ. ਸਰਬਜੀਤ ਸਿੰਘ ਥਿਆੜਾ ਦੇ ਕੁੜਮ ਸਨ। ਉਹਨਾਂ ਦਾ ਅੰਤਿਮ ਸਸਕਾਰ ਸ਼ਨਿਚਰਵਾਰ 1 ਜੂਨ 2019 ਨੂੰ 11 ਵਜੇ ਤੋਂ 1 ਵਜੇ ਦੁਪਹਿਰ Ullrey Memorial Chapel, 817 Almond Street, Yuba City, CA 95991 ਵਿਖੇ ਹੋਵੇਗਾ। ਸਸਕਾਰ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ, ਬੋਗ ਰੋਡ, ਯੂਬਾ ਸਿਟੀ ਵਿਖੇ ਹੋਵੇਗੀ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਅਤੇ 'ਖੁਸ਼ਬੂ ਪੰਜਾਬ ਦੀ' ਵੱਲੋਂ ਪਰਮਜੀਤ ਸਿੰਘ ਰੰਧਾਵਾ ਦੀ ਮੌਤ ਤੇ ਦਿਲੀ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਵਾਹਿਗੁਰੂ ਇਸ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਰੰਧਾਵਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ

**– ਇੰਦਰਜੀਤ ਸਿੰਘ ਰੰਧਾਵਾ**

# ਅਮਰੀਕਾ 'ਚ ਸਾਈਬਰ ਹਮਲੇ ਕਾਰਨ ਕਈ ਥਾਂ ਇੰਟਰਨੈੱਟ ਸੇਵਾਵਾਂ ਠੱਪ ਹੋਈਆਂ

**ਸਾਨ ਫਰਾਂਸਿਸਕੋ (ਬਿਊਰੋ)–** ਹੈਕਰਸ ਨੇ ਫਿਰੌਤੀ ਲਈ ਸਾਈਬਰ ਹਮਲਾ ਕਰ ਕੇ ਅਮਰੀਕਾ ਦੇ ਬਾਲਟੀਮੋਰ ਸ਼ਹਿਰ ਦਾ ਇੰਟਰਨੈੱਟ ਠੱਪ ਕਰ ਦਿੱਤਾ ਹੈ। ਸੱਤ ਮਈ ਨੂੰ ਹੋਏ ਰੈਨਸਮਵੇਅਰ ਹਮਲੇ ਨਾਲ ਸ਼ਹਿਰ ਦੇ ਸਾਰੇ ਕੰਪਿਊਟਰ ਸਿਸਟਮ ਪ੍ਰਭਾਵਿਤ ਹਨ। ਈ-ਮੇਲ ਨਾਲ ਆਨਲਾਈਨ ਪੈਮੇਂਟ ਪਲੇਟਫਾਰਮ ਵੀ ਕੰਮ ਨਹੀਂ ਕਰ ਰਹੇ। ਹੈਕਰਸ ਨੇ ਕੰਪਿਊਟਰ ਸਿਸਟਮ ਨੂੰ ਰੈਨਸਮਵੇਅਰ ਵਾਇਰਸ ਤੋਂ ਮੁਕਤ ਕਰਨ ਲਈ ਬਿਟਕੁਆਇਨ ਦੇ ਰੂਪ ਵਿਚ 76,280 ਡਾਲਰ (ਕਰੀਬ 52 ਲੱਖ ਰੁਪਏ) ਮੰਗੇ ਹਨ। ਸ਼ਹਿਰ ਦੇ ਅਧਿਕਾਰੀਆਂ ਦਾ ਹਾਲਾਂਕਿ ਕਹਿਣਾ ਹੈ ਕਿ ਉਹ ਫਿਰੌਤੀ ਨਹੀਂ ਦੇਣਗੇ।




**'ਇੰਟਰਨਲ ਬਲੂ' ਨਾਲ ਕੀਤਾ ਗਿਆ ਹਮਲਾ**

ਇਸ ਸਾਈਬਰ ਹਮਲੇ ਲਈ ਹੈਕਰਸ ਨੇ 'ਇੰਟਰਨਲ ਬਲੂ' ਟੂਲ ਦੀ ਵਰਤੋਂ ਕੀਤੀ। ਅਮਰੀਕਾ ਦੀ ਨੈਸ਼ਨਲ ਸਕਿਓਰਿਟੀ ਏਜੰਸੀ ਨੇ ਹੀ ਇਸ ਨੂੰ ਵਿਕਸਿਤ ਕੀਤਾ ਸੀ। ਅਪ੍ਰੈਲ, 2017 ਵਿਚ ਸ਼ੈਡੋ ਬ੍ਰੋਕਰ ਨਾਮਕ ਹੈਕਿੰਗ ਸਮੂਹ ਨੇ ਇਸ ਟੂਲ ਨੂੰ ਲੀਕ ਕਰ ਦਿੱਤਾ ਸੀ। ਮਈ, 2017 ਵਿਚ ਵਿਸ਼ਵ ਭਰ 'ਚ ਹੋਏ ਰੈਨਮਸਵੇਅਰ ਹਮਲੇ ਵਿਚ ਇਸੇ ਟੂਲ ਦੀ ਵਰਤੋਂ ਕੀਤੀ ਗਈ ਸੀ। ਉਸ ਹਮਲੇ ਨੂੰ ਬਨਾਕ੍ਰਾਏ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਕ ਮੀਡੀਆ ਰਿਪੋਰਟ ਅਨੁਸਾਰ ਤਾਜ਼ਾ ਹਮਲੇ ਵਿਚ ਹੈਕਰਸ ਨੇ ਵਿੰਡੋ ਐਕਸਪੀ ਅਤੇ ਵਿਸਟਾ ਸਿਸਟਮ ਨੂੰ ਨਿਸ਼ਾਨਾ ਬਣਾਇਆ ਹੈ। ਵਾਇਰਸ ਤੋਂ ਪ੍ਰਭਾਵਿਤ ਕੰਪਿਊਟਰ 'ਤੇ ਨੋਟ ਵੀ ਛੱਡਿਆ ਹੈ ਜਿਸ ਵਿਚ ਲਿਖਿਆ ਹੈ, 'ਅਸੀਂ ਕੋਈ ਗੱਲ ਨਹੀਂ ਕਰਾਂਗੇ, ਸਾਨੂੰ ਸਿਰਫ਼ ਪੈਸਾ ਚਾਹੀਦਾ ਹੈ'। ਰੈਨਸਮਵੇਅਰ ਹਮਲੇ ਵਿਚ ਕੰਪਿਊਟਰ ਵਾਇਰਸ ਸਿਸਟਮ ਨੂੰ ਬਲਾਕ ਜਾਂ ਉਸ ਵਿਚ ਮੌਜੂਦ ਫਾਈਲਾਂ ਨੂੰ ਇਨਕ੍ਰਿਪਟ ਕਰ ਦਿੰਦਾ ਹੈ। ਇਸ ਹਮਲੇ ਤੋਂ ਕੰਪਿਊਟਰ ਨੂੰ ਬਚਾਉਣ ਲਈ ਫਿਰੌਤੀ ਮੰਗੀ ਜਾਂਦੀ ਹੈ। ਨਿਰਧਾਰਤ ਸਮੇਂ ਅੰਦਰ ਫਿਰੌਤੀ ਨਾ ਦੇਣ 'ਤੇ ਹੈਕਰ ਸਾਰੀਆਂ ਫਾਈਲਾਂ ਨੂੰ ਨਸ਼ਟ ਕਰਨ ਦੀ ਧਮਕੀ ਦਿੰਦਾ ਹੈ।







# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਰਾਮਾਨੰਦ ਜੀ ਦੀ 10ਵੀਂ ਬਰਸੀ 'ਤੇ ਕੀਤਾ ਯਾਦ
















**ਸੈਕਰਾਮੈਂਟੋ–** ਪ੍ਰਸਿੱਧ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੇ ਵਜੀਰ ਵਜੋਂ ਜਾਣੇ ਜਾਂਦੇ ਸੰਤ ਰਾਮਾਨੰਦ ਜੀ ਨੂੰ ਉਹਨਾਂ ਦੀ 10ਵੀਂ ਬਰਸੀ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਯਾਦ ਕਰਦਿਆਂ ਉਹਨਾਂ ਦੇ ਸੇਵਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ 24 ਮਈ ਦਿਨ ਸ਼ੁੱਕਰਵਾਰ ਨੂੰ ਰਖਾਏ ਗਏ ਅਤੇ 26 ਮਈ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਜਥੇ ਭਾਈ ਜਸਪਾਲ ਸਿੰਘ ਜੰਡੂਸਿੰਘਾ, ਭਾਈ ਗੁਰਦੀਪ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਤਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ, ਉਹਨਾਂ ਦੇ ਜੀਵਨ ਕਾਲ ਦੌਰਾਨ ਕੀਤੇ ਕੰਮਾਂ ਨੂੰ ਸਰਾਹਿਆ। ਇਹਨਾਂ ਬੁਲਾਰਿਆਂ 'ਚ ਵਿਸ਼ੇਸ਼ ਤੌਰ 'ਤੇ ਸਰਵ ਸ੍ਰੀ ਹੰਸ ਰਾਜ ਕਾਜਲਾ, ਪ੍ਰੇਮ ਕੁਮਾਰ ਚੁੰਬਰ, ਕਮਲ ਦੇਵ ਜੰਡੂਸਿੰਘ, ਦੀਪਕ ਸਰੋਇਆ, ਪਾਲ ਰਵਿਦਾਸੀਆ ਆਦਿ ਦੇ ਨਾਂ ਵਰਣਨਯੋਗ ਹਨ।



ਲੰਗਰਾਂ ਦੀ ਸੇਵਾ ਸਮਾਜ ਸੇਵੀ ਚੰਦੜ ਭਰਾਵਾਂ ਸ੍ਰੀ ਆਗਿਆ ਰਾਮ ਅਤੇ ਸ੍ਰੀ ਸੁੱਖ ਰਾਮ ਚੰਦੜ ਤਾਜਪੁਰੀ ਸਮੂਹ ਪਰਿਵਾਰਾਂ ਵੱਲੋਂ ਕੀਤੀ ਗਈ। ਦੂਰੋਂ-ਨੇੜਿਉਂ ਆਈਆਂ ਸੰਗਤਾਂ ਨੇ ਵੀ ਆਪਣੀ ਸਾਂਝ ਪਾਉਂਦਿਆਂ ਆਪਣੇ-ਆਪ ਨੂੰ ਵਡਭਾਗੀ ਸਮਝਿਆ। ਡੇਰਾ ਬੱਲਾਂ ਦੇ ਸੇਵਕ ਸ੍ਰੀ ਗਿਆਨ ਚੰਦ ਕਾਜਲਾ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨਿਆ ਗਿਆ ਅਤੇ ਸ੍ਰੀ ਹੰਸ ਰਾਜ ਕਾਜਲਾ ਦੀ ਮਿਸਿਜ਼ ਸੁਰਿੰਦਰ ਕਾਜਲਾ ਨੂੰ ਗੁਰੂ ਘਰ ਦੇ ਪੈਟਰਨ ਬਣਨ ਦੀ ਖੁਸ਼ੀ ਵਿਚ ਸਿਰੋਪਾਓ ਨਾਲ ਨਿਵਾਜਿਆ ਗਿਆ। ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਕਾਹਮਾ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਸੰਗਤ ਦੇ ਨਾਲ-ਨਾਲ ਸਮੂਹ ਚੰਦੜ ਪਰਿਵਾਰਾਂ ਦਾ ਲੰਗਰ ਦੀ ਸੇਵਾ ਲਈ ਧੰਨਵਾਦ ਕੀਤਾ ਗਿਆ।

**ਤਸਵੀਰਾਂ ਅਤੇ ਵੇਰਵਾ 'ਦੇਸ਼ ਦੁਆਬਾ'**

# ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਮਨਾਏ



(ਖਬਰ ਦੇਖੋ ਸਫਾ 10 'ਤੇ)



# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੀ.ਵੀ.) ਕੈਲੇਫੋਰਨੀਆ ਦੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ






**ਫਰਿਜ਼ਨੋ-** ਬੀਤੀ 26 ਮਈ ਦਿਨ ਐਤਵਾਰ ਨੂੰ ਹਫਤਾਵਾਰੀ ਸਮਾਗਮ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ। ਭਾਈ ਹਰਬਿਲਾਸ ਸਿੰਘ ਜੀ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਵਜ਼ੀਰ ਬਾਬਾ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਅਤੇ ਨਵੀਂ ਪ੍ਰਬੰਧਕ ਕਮੇਟੀ (ਸੇਵਾਦਾਰਾਂ) ਦੀ ਚੋਣ ਸਬੰਧੀ ਅਰਦਾਸ ਕੀਤੀ।

ਮੌਜੂਦਾ ਪ੍ਰਬੰਧਕ ਕਮੇਟੀ ਦੀ ਗੁਰੂ ਘੀ ਦੀ ਸੇਵਾ ਕਰਨ ਦੀ ਮਿਆਦ ਪੂਰੀ ਹੋ ਚੁੱਕੀ ਸੀ। ਇਸ ਲਈ ਨਵੀਂ ਕਮੇਟੀ ਦੀ ਚੋਣ ਕਰਨ ਲਈ ਅੱਜ ਦੀ ਤਾਰੀਖ ਮੁਕੱਰਰ ਕੀਤੀ ਹੋਈ ਸੀ। ਗੁਰੂ ਘਰ ਦੀ ਪ੍ਰਬੰਧ ਕਮੇਟੀ ਦੇ ਪ੍ਰਧਾਨ ਸ੍ਰੀ ਕੇਵਲ ਚੌਹਾਨ ਅਤੇ ਸ੍ਰੀ ਰਾਜਿੰਦਰ ਮੋਮੀ ਚੇਅਰਮੈਨ ਨੇ ਆਪਣੇ ਕਾਰਜਕਾਲ ਵਿਚ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਨ ਅਤੇ ਸਮੁੱਚੀ ਸਾਧ ਸੰਗਤ ਜੀ ਦੇ ਤਨ, ਮਨ ਅਤੇ ਧੰਨ ਦੇ ਪੂਰਨ ਸਹਿਯੋਗ ਨਾਲ ਕੀਤੇ ਗਏ ਕਾਰਜਾਂ ਅਤੇ ਵਿੱਤੀ ਸਥਿਤੀ ਸਬੰਧੀ ਸਮੂਹ ਸਾਧ ਸੰਗਤ ਨੂੰ ਜਾਣਕਾਰੀ ਦਿੱਤੀ ਅਤੇ ਤਹਿ ਦਿਲੋਂ ਧੰਨਵਾਦ ਕੀਤਾ। ਗੁਰੂ ਘਰ ਦੇ ਵਜ਼ੀਰ ਸਤਿਕਾਰਯੋਗ ਬਾਬਾ ਰਾਮ ਸਿੰਘ ਜੀ ਅਤੇ ਬੀਬੀ ਪਰਮਜੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਤੋਂ ਉਪਰੰਤ ਇਸ ਗੁਰੂ ਘਰ ਦੀ ਪਿਛਲੀ ਪ੍ਰੰਪਰਾਵਾਂ ਨੂੰ ਮੁੱਖ ਰੱਖਦੇ ਹੋਏ ਸਮੂਹ ਸਾਧ ਸੰਗਤ ਨੇ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਇਸ ਸਮੇਂ ਵੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਬੜੇ ਪਿਆਰ ਅਤੇ ਸੂਝ-ਬੂਝ ਨਾਲ ਪ੍ਰਬੰਧਕ ਕਮੇਟੀ (ਸੇਵਾਦਾਰਾਂ) ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿਚ ਹੇਠ ਲਿਖੇ ਅਨੁਸਾਰ ਮੈਂਬਰ ਅਤੇ ਅਹੁਦੇਦਾਰ ਦੋ ਸਾਲ ਲਈ ਗੁਰੂ ਘਰ ਦੀ ਸੇਵਾ ਕਰਨ ਲਈ ਚੁਣੇ ਗਏ:

ਚੇਅਰਮੈਨ- ਸ੍ਰੀ ਪ੍ਰੇਮ ਸੋਢੀ
ਵਾਈਸ ਚੇਅਰਮੈਨ- ਬੀਬੀ ਸੁਰਿੰਦਰ ਕੌਰ ਬੰਗਡ
ਪ੍ਰਧਾਨ- ਸ. ਕਰਮ ਸਿੰਘ ਬੰਗੜ
ਵਾਈਸ ਪ੍ਰਧਾਨ- ਸ੍ਰੀ ਪਿਆਰਾ ਬਿਰਦੀ
ਜਨਰਲ ਸਕੱਤਰ- ਸ੍ਰੀ ਹਰਬੰਸ ਲਾਲ ਬੱਧਣ
ਸਹਾਇਕ ਜਨਰਲ ਸਕੱਤਰ- ਬੀਬੀ ਮਹਿੰਦਰ ਕੌਰ ਜੱਸੀ
ਕੈਸ਼ੀਅਰ- ਸ. ਕੁਲਦੀਪ ਸਿੰਘ ਬੰਗੜ
ਸਹਾਇਕ ਕੈਸ਼ੀਅਰ- ਸ੍ਰੀ ਪ੍ਰਿਥੀ ਮਹਿਮੀ
ਸਟੇਜ ਸਕੱਤਰ- ਸ੍ਰੀ ਦੇਸ ਰਾਜ ਬੰਗੜ
ਸਹਾਇਕ ਸਟੇਜ ਸਕੱਤਰ- ਸ੍ਰੀ ਸਲੀਮ
ਕਿਚਨ ਇੰਚਾਰਜ- ਸ੍ਰੀ ਲਛਮਣ ਬਾਗਲਾ, ਕੇਵਲ ਕੌਰ ਬੰਗੜ, ਸਰਬਜੀਤ ਚੁੰਬਰ, ਅਨਿਲ ਭੱਟੀ, ਨਵਜੋਤ ਸਿੰਘ ਅਤੇ ਬੀਬੀ ਪਰਮਜੀਤ ਕੌਰ।

ਨਵੀਂ ਕਮੇਟੀ ਦੀ ਚੋਣ ਤੋਂ ਬਾਅਦ ਪਹਿਲੀ ਕਮੇਟੀ ਨੂੰ ਉਹਨਾਂ ਦੀਆਂ ਗੁਰੂ ਘਰ ਦੀਆਂ ਸੇਵਾਵਾਂ ਲਈ ਸਿਰੋਪਾਓ ਅਤੇ ਸ਼ੀਲਡਾਂ (ਪਲੇਕ) ਦੇ ਕੇ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੇ ਵਜੀਰ ਸਤਿਕਾਰਯੋਗ ਬਾਬਾ ਰਾਮ ਸਿੰਘ ਜੀ ਅਤੇ ਉਹਨਾਂ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਨੂੰ ਉਹਨਾ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਚੋਣ ਦੀ ਕਾਰਵਾਈ ਸ. ਸੁਰਜੀਤ ਸਿੰਘ ਬੰਗੜ ਸਾਬਕਾ ਸਟੇਜ ਸਕੱਤਰ ਵੱਲੋਂ ਬਹੁਤ ਸੁਚੱਜੇ ਢੰਗ ਨਾਲ ਨਿਭਾਈ ਗਈ। ਬਾਅਦ ਵਿਚ ਗੁਰੂ ਘਰ ਦੇ ਵਜ਼ੀਰ ਸਤਿਕਾਰਯੋਗ ਬਾਬਾ ਰਾਮ ਸਿੰਘ ਜੀ ਨੇ ਨਵੀਂ ਚੁਣੀ ਕਮੇਟੀ ਲਈ ਅਤੇ ਸਮੂਹ ਸੰਗਤ ਲਈ ਅਰਦਾਸ ਕੀਤੀ ਗਈ ਅਤੇ ਪ੍ਰਸ਼ਾਦ ਵਰਤਾਏ ਗਏ।




## ਡਾ. ਬੀ. ਆਰ. ਅੰਬੇਦਕਰ ਜੀ ਦਾ 128ਵਾਂ ਜਨਮ ਦਿਹਾੜਾ 9 ਜੂਨ 2019 ਦਿਨ ਐਤਵਾਰ ਨੂੰ ਸੈਕਰਾਮੈਂਟੋ 'ਚ ਮਨਾਇਆ ਜਾਵੇਗਾ

ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਪੈਰੋਕਾਰਾਂ ਵੱਲੋਂ 9 ਜੂਨ 2019 ਦਿਨ ਐਤਵਾਰ ਨੂੰ ਮਾਉਂਟੇਨ ਮਾਈਕ ਪੀਜ਼ਾ (5640 ਆਬਰਨ ਬੁਲੇਵਾਰਡ, ਕੈਲੇਫੋਰਨੀਆ) ਵਿਖੇ ਬਾਅਦ ਦੁਪਹਿਰ 3 ਵਜੇ ਤੋਂ ਲੈ ਕੇ ਸ਼ਾਮ 9 ਵਜੇ ਤੱਕ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਗਿਆਨ ਭਰਪੂਰ ਚਰਚਾ ਅਤੇ ਵਿਚਾਰ ਹੋਵੇਗਾ।

ਰਮੇਸ਼ ਬੰਗੜ, ਕਸ਼ਮੀਰ ਸਿੰਘ ਹੀਰਾ, ਰਾਜ ਸੂਦ, ਸਤਨਾਮ ਸਿੰਘ ਮੰਢਾਲੀ, ਬਲਵਿੰਦਰ ਰੱਲ੍ਹ, ਸਤੀਸ਼ ਰੱਲ੍ਹ, ਅਵਤਾਰ ਸਿੱਧੂ, ਬਲਵੀਰ ਕਲੇਰ, ਮਨਜੀਤ ਭਾਰਦਵਾਜ, ਦਿਲਬਾਗ ਰਾਣਾ ਅਤੇ ਅਵਤਾਰ ਜੱਸਲ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਰਮੇਸ਼ ਬੰਗੜ 916-821-2175
ਰਾਜ ਸੂਦ 916-370-3542
ਸਤਨਾਮ ਸਿੰਘ ਮੰਢਾਲੀ 916-803-0108

# ਨਵਗਠਿਤ ਯੂਐਸਏ ਕਬੱਡੀ ਫੈਡਰੇਸ਼ਨ ਦਾ ਆਗਾਜ਼

**ਸੈਕਰਾਮੈਂਟੋ (ਡੀਡੀਬੀ)–** ਨਵਗਠਿਤ ਯੂਐਸਏ ਕਬੱਡੀ ਫੈਡਰੇਸਨ ਦੀ ਵਿਸ਼ੇਸ਼ ਪ੍ਰੈਸ ਕਾਨਫਰੰਸ 26 ਮਈ 2019 ਦਿਨ ਐਤਵਾਰ ਨੂੰ ਮੇਰਾਜ ਬੈਂਕੁਟ ਹਾਲ ਐਲਕਮੀਨੋ ਐਵਨਿਊ (ਸੈਕਰਾਮੈਂਟੋ) ਵਿਖੇ ਸੱਬਾ ਥਿਆੜਾ ਦੀ ਪ੍ਰਧਾਨਗੀ ਹੇਠ ਹੋਈ। ਉਹਨਾਂ ਦੇ ਨਾਲ ਕੁਲਵੰਤ ਸਿੰਘ ਲੱਛਰ, ਤਰਲੋਚਨ ਸਿੰਘ ਲੱਛਰ, ਸੈਮ ਪੰਨੂ, ਸੁੱਖੀ ਸੇਖੋਂ ਅਤੇ ਸੀਤਲ ਨਿੱਜਰ, ਆਦਿ ਸ਼ੁਸੋਭਿਤ ਸਨ।

ਇਸ ਮੌਕੇ ਦੂਰੋਂ-ਨੇੜਿਉਂ ਕਬੱਡੀ ਖੇਡ ਪ੍ਰੇਮੀਆਂ ਅਤੇ ਪ੍ਰਮੋਟਰ ਸਾਹਿਬਾਨ ਨੇ ਭਾਗ ਲਿਆ। ਸਟੇਜ ਦੀ ਸੇਵਾ ਨਿਭਾਉਂਦਿਆਂ ਫੈਡਰੇਸ਼ਨ ਦੇ ਜਨਰਲ ਸਕੱਤਰ ਸੈਮ ਪੰਨੂ ਨੇ ਸਭ ਤੋਂ ਪਹਿਲਾਂ ਪ੍ਰਧਾਨ ਸੱਬਾ ਥਿਆੜਾ ਨੂੰ ਆਪਣੇ ਵਿਚਾਰ ਰੱਖਣ ਲਈ ਸੱਦਾ ਦਿੱਤਾ। ਇਸ ਉਪਰੰਤ ਕ੍ਰਮਵਾਰ ਚੇਅਰਮੈਨ ਕੁਲਵੰਤ ਸਿੰਘ ਲੱਛਰ, ਤਰਲੋਚਨ ਸਿੰਘ ਲੱਛਰ, ਖਜਾਨਚੀ ਸ. ਸੀਤਲ ਸਿੰਘ ਨਿੱਜਰ ਅਤੇ ਉਪ ਪ੍ਰਧਾਨ ਸੁੱਖੀ ਸੇਖੋਂ ਨੇ ਫੈਡਰੇਸ਼ਨ ਪ੍ਰਤੀ ਜਾਣਕਾਰੀ ਕਬੱਡੀ ਖੇਡ ਪ੍ਰੇਮੀਆਂ ਨਾਲ ਸਾਂਝੀ ਕੀਤੀ।

ਕੁੱਲ ਮਿਲਾ ਕੇ ਯੂਐਸਏ ਕਬੱਡੀ ਫੈਡਰੇਸ਼ਨ ਦਾ ਮੁੱਖ ਗੱਲਬਾਤ ਦਾ ਧੁਰਾ ਸੀ ਕਿ ਕਬੱਡੀ ਖੇਡ ਵਿਸ਼ਵ ਪੱਧਰ ਤੇ ਖੇਡੀ ਤਾਂ ਜਾਂਦੀ ਹੈ ਪਰ ਅੱਜ ਤੱਕ ਇਸ ਦੇ ਰੂਲਜ਼ ਅਤੇ ਰੈਗੂਲੇਸ਼ਨ ਇਕੋ ਜਿਹੇ ਨਹੀਂ ਬਣ ਸਕੇ ਹੈ।




ਫੈਡਰੇਸ਼ਨ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਕਬੱਡੀ ਵਿਚ ਨਸ਼ੇ ਵਰਗੀਆਂ ਅਲਾਮਤਾਂ ਆ ਗਈਆਂ ਹਨ ਤੇ ਨਿਆਂ ਦੀ ਘਾਟ ਵੀ ਕਿਤੇ ਨਾ ਕਿਤੇ ਖੜਕਦੀ ਹੈ। ਯੂਐਸਏ ਕਬੱਡੀ ਫੈਡਰੇਸ਼ਨ ਦੀ ਇਹ ਵਿਸ਼ੇਸ਼ਤਾ ਰਹੇਗੀ ਕਿ ਕਬੱਡੀ ਨੂੰ ਜਿੱਥੇ ਵਿਸ਼ਵ ਪੱਧਰ ਤੇ ਹੋਰ ਅੱਗੇ ਵਧਾਉਣਾ ਹੈ, ਉਥੇ ਕਬੱਡੀ ਖੇਡ 'ਚ ਸਾਰੇ ਖਿਡਾਰੀਆਂ ਨੂੰ ਪੂਰਾ ਇਨਸਾਫ ਵੀ ਮਿਲੇ ਅਤੇ ਇਸ ਦੇ ਨਾਲ-ਨਾਲ ਖਿਡਾਰੀਆਂ ਨੂੰ ਨਸ਼ੇ ਤੋਂ ਦੂਰ ਤੇ ਕਬੱਡੀ ਖੇਡ ਨੂੰ ਨਸ਼ਾ ਰਹਿਤ ਬਣਾਇਆ ਜਾਵੇਗਾ।

ਇਸ ਮੌਕੇ 'ਦੇਸ਼ ਦੁਆਬਾ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਯੂਐਸਏ ਫੈਡਰੇਸ਼ਨ ਦੀ ਕਬੱਡੀ ਖੇਡ ਨੂੰ ਡ੍ਰਗ ਮੁਕਤ ਰੱਖਣ ਲਈ ਟੂਰਨਾਮੈਂਟਾਂ 'ਚ ਹਿੱਸਾ ਲੈਣ ਵਾਲਿਆਂ ਖਿਡਾਰੀਆਂ ਦਾ ਪਹਿਲਾਂ ਡਰੱਗ ਟੈਸਟ ਕਰਵਾਇਆ ਜਾਇਆ ਕਰੇਗਾ। ਜੇਕਰ ਕੋਈ ਵੀ ਖਿਡਾਰੀ ਨਸ਼ਾ ਕੀਤਾ ਪਾਇਆ ਗਿਆ ਤਾਂ ਉਸ ਨੂੰ ਟੂਰਨਾਮੈਂਟ ਵਿਚ ਖਿਡਾਇਆ ਨਹੀਂ ਜਾਵੇਗਾ।

ਦੂਜਾ, ਉਹਨਾਂ ਕਿਹਾ ਕਿ ਕਬੱਡੀ ਖੇਡ ਸਾਡੀ ਮਾਂ ਖੇਡ ਹੈ। ਅਸੀਂ ਇਸ ਨੂੰ ਐਸਾ ਮਾਹੌਲ ਬਣਾ ਕੇ ਦੇਣਾ ਕਿ ਸਾਡੀ ਮਾਂ ਖੇਡ ਕਬੱਡੀ ਇਕ ਪਰਿਵਾਰਕ ਹੋਵੇ, ਜਿੱਥੇ ਸਾਡੀਆਂ ਧੀਆਂ, ਭੈਣਾਂ, ਮਾਵਾਂ ਵੀ ਬਰਾਬਰ ਬੈਠ ਕੇ ਕਬੱਡੀ ਦਾ ਆਨੰਦ ਮਾਣ ਸਕਣ। ਤਾਂ ਕਿ ਉਹ ਆਪਣੇ ਬੱਚਿਆਂ ਨੂੰ ਵੀ ਕਬੱਡੀ ਖੇਡ ਲਈ ਤਿਆਰ ਕਰ ਸਕਣ।

ਯੂਐਸਏ ਫੈਡਰੇਸਨ ਕਬੱਡੀ ਦੇ ਰੂਲਜ਼ ਅਤੇ ਰੈਗੂਲੇਸ਼ਨ ਲਈ ਫੈਡਰੇਸ਼ਨ ਦੀ ਵੈਬ ਸਾਈਟ ਦੇਖੋ:

www.usakabaddifederation.com




# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing


AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop

# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM



# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## ਸ਼ਹੀਦ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੇ ਜਨਮ ਦਿਨ 'ਤੇ ਵਿਸ਼ੇਸ਼

# 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ'



ਪ੍ਰੋ: ਐਚ.ਐਲ.ਕਪੂਰ

ਸਰਾਭਾ ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਦਾ ਇਕ ਬਹੁਤ ਹੀ ਮਸ਼ਹੂਰ ਪਿੰਡ ਹੈ। ਲੁਧਿਆਣਾ ਸ਼ਹਿਰ ਤੋਂ ਕੋਈ ਇਹ ਪਿੰਡ 23-24 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਨੂੰ ਵਸਾਉਣ ਵਾਲੇ ਦੋ ਭਰਾ ਸਨ ਜਿਹਨਾਂ ਦੇ ਨਾਂ ਰਾਮ ਤੇ ਸੱਦਾ ਸੀ। ਪਿੰਡ ਵਿਚ ਤਿੰਨ ਪੱਤੀਆਂ ਹਨ- ਸੱਤਾ ਪੱਤੀ, ਰਾਮਾ ਪੱਤੀ ਤੇ ਅਰਾਈਆਂ ਪੱਤੀ। ਸਰਾਭਾ ਪਿੰਡ ਕੋਈ ਤਿੰਨ ਸੌ ਸਾਲਾ ਪੁਰਾਣਾ ਪਿੰਡ ਹੈ ਅਤੇ 1947 ਤੋਂ ਪਹਿਲਾਂ ਇਸ ਦੀ ਆਬਾਦੀ ਕੋਈ ਦੋ ਹਜ਼ਾਰ ਦੇ ਕਰੀਬ ਸੀ। ਇਸ ਵਿਚ 7-8 ਸੌ ਦੇ ਕਰੀਬ ਮੁਸਲਮਾਨਾਂ ਦੀ ਆਬਾਦੀ ਵੀ ਸੀ। ਇਸ ਸਮੇਂ ਪਿੰਡ ਦੀ ਆਬਾਦੀ ਕੋਈ ਚਾਰ ਹਜ਼ਾਰ ਦੇ ਕਰੀਬ ਹੈ। ਪਿੰਡ 'ਚ 10+2 ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ, ਜਿਸ ਦਾ ਅੱਜਕਲ੍ਹ ਨਾਂ 'ਕਰਤਾਰ ਸਿੰਘ ਸਰਾਭਾ ਮੈਮੋਰੀਅਲ ਸਕੂਲ' ਹੈ। ਪਿੰਡ ਵਿਚ ਪਿੰਡ ਦੇ ਹੀ ਪ੍ਰਵਾਸੀ ਭਾਰਤੀਆਂ ਨੇ, ਪਿੰਡ ਦੀ ਮਦਦ ਕਰਕੇ 'ਸਰਾਭਾ ਮੈਮੋਰੀਅਲ ਆਯੁਰਵੈਦਿਕ ਕਾਲਜ ਤੇ ਹਸਪਤਾਲ' ਬਣਾਇਆ ਹੋਇਆ ਹੈ। ਪਿੰਡ ਵਿਚ ਦੀ ਲੰਘਦੀ ਸੜਕ 'ਤੇ ਹੀ ਸਰਦਾਰ ਕਰਤਾਰ ਸਿੰਘ ਸਰਾਭੇ ਦਾ ਬੁੱਤ ਲੱਗਿਆ ਹੋਇਆ ਹੈ। ਲੁਧਿਆਣੇ ਸ਼ਹਿਰ 'ਚ ਚੌੜਾ ਬਜ਼ਾਰ ਤੇ ਘੰਟਾ ਘਰ ਦੇ ਨਜ਼ਦੀਕ ਵੀ ਸਰਦਾਰ ਕਰਤਾਰ ਸਿੰਘ ਸਰਾਭੇ ਦਾ ਬੁੱਤ ਲੱਗਾ ਹੋਇਆ ਹੈ।

ਕਰਤਾਰ ਸਿੰਘ ਜੀ ਸਰਾਭਾ ਦਾ ਜਨਮ 24 ਮਈ 1896 ਨੂੰ ਮਾਤਾ ਸ੍ਰੀਮਤੀ ਸਾਹਿਬ ਕੌਰ ਦੀ ਕੁੱਖ ਤੋਂ ਹੋਇਆ। ਉਹਨਾਂ ਦੇ ਪਿੰਡ ਸਰਦਾਰ ਮੰਗਲ ਸਿੰਘ ਗਰੇਵਾਲ ਦਾ ਕਰਤਾਰ ਸਿੰਘ ਦੇ ਬਚਪਨ 'ਚ ਹੀ ਦਿਹਾਂਤ ਹੋ ਗਿਆ ਸੀ। ਇਹ ਇਕ ਜੱਟ ਸਿੱਖ ਪਰਿਵਾਰ ਹੈ। ਕਰਤਾਰ ਸਿੰਘ ਸਰਾਭਾ ਦੀ ਇਕ ਛੋਟੀ ਭੈਣ ਵੀ ਸੀ ਜਿਸ ਦਾ ਨਾਂ ਸ੍ਰੀਮਤੀ ਧੰਨ ਕੌਰ ਜੀ ਸੀ। ਦੋਹਾਂ ਭੈਣ-ਭਰਾਵਾਂ ਦਾ ਪਾਲਣ-ਪੋਸ਼ਣ ਦਾਦਾ ਬਤਨ ਸਿੰਘ ਜੀ ਨੇ ਕੀਤਾ। ਕਰਤਾਰ ਸਿੰਘ ਸਰਾਭਾ ਦੇ ਤਿੰਨ ਚਾਚੇ- ਬਿਸ਼ਨ ਸਿੰਘ, ਵੀਰ ਸਿੰਘ ਤੇ ਬਖਸ਼ੀਸ਼ ਸਿੰਘ ਤਿੰਨੋਂ ਉੱਚ-ਪਦਵੀਆਂ ਦੀਆਂ ਸਰਕਾਰੀ ਨੌਕਰੀਆਂ ਕਰਦੇ ਸਨ। ਕਰਤਾਰ ਸਿੰਘ ਜੀ ਨੇ ਆਪਣੀ ਮੁਢਲੀ ਪ੍ਰਾਇਮਰੀ ਵਿੱਦਿਆ ਆਪਣੇ ਪਿੰਡ ਤੇ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਵਿਖੇ ਦਸਵੀਂ 'ਚ ਪੜ੍ਹਦੇ ਸਮੇਂ ਹੀ ਪੜ੍ਹਾਈ ਛੱਡ ਕੇ ਆਪਣੇ ਚਾਚੇ ਕੋਲ ਉੜੀਸਾ ਚਲੇ ਗਏ ਤੇ ਦਸਵੀਂ ਜਮਾਤ ਉਥੋਂ ਪਾਸ ਕੀਤੀ ਤੇ ਉਸ ਤੋਂ ਬਾਅਦ ਉਥੇ ਹੀ ਕਾਲਜ ਵਿਚ ਦਾਖਲਾ ਲੈ ਲਿਆ। ਉੜੀਸਾ ਉਹਨਾਂ ਦਿਨਾਂ 'ਚ ਬੰਗਾਲ ਪ੍ਰਾਂਤ ਦਾ ਹੀ ਹਿੱਸਾ ਸੀ। ਉਹਨਾਂ ਦਿਨਾਂ 'ਚ ਬੰਗਾਲ ਪ੍ਰਾਂਤ ਰਾਜਨੀਤਿਕ ਤੌਰ 'ਤੇ ਪੰਜਾਬ ਨਾਲੋਂ ਕਿਤੇ ਵੱਧ ਸੁਚੇਤ ਸੀ। ਇੱਥੇ ਕਰਤਾਰ ਸਿੰਘ ਜੀ ਸਰਾਭੇ ਨੇ ਸਕੂਲ-ਕਾਲਜ ਦੇ ਸਿਲੇਬਸ ਤੋਂ ਇਲਾਵਾ ਆਪਣਾ ਗਿਆਨ ਵਧਾਉਣ ਲਈ ਹੋਰ ਪੁਸਤਕਾਂ ਵੀ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇੱਥੇ ਪੜ੍ਹਦਿਆਂ ਹੀ ਉਹਨਾਂ ਦੇ ਪਰਿਵਾਰ ਨੇ ਕਰਤਾਰ ਸਿੰਘ ਬਾਰੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਭੇਜਣ ਦਾ ਫੈਸਲਾ ਲਿਆ ਤੇ ਉਹ 1 ਜਨਵਰੀ 1912 ਨੂੰ ਅਮਰੀਕਾ ਚਲੇ ਗਏ। ਉਸ ਸਮੇਂ ਉਹਨਾਂ ਦੀ ਉਮਰ 15 ਸਾਲਾਂ ਤੋਂ ਕੁਝ ਹੀ ਮਹੀਨੇ ਉਪਰ ਸੀ। ਇਸ ਉਮਰ 'ਚ ਸਰਾਭਾ ਜੀ ਨੇ ਉੜੀਸਾ ਦੇ ਰੇਵਨਸਾ ਕਾਲਜ ਤੋਂ ਗਿਆਰਵੀਂ ਦੀ ਪ੍ਰੀਖਿਆ ਪਾਸ ਕਰ ਲਈ ਸੀ।

ਉਹਨਾਂ ਦੇ ਪਿੰਡ ਸਰਾਭਾ ਦਾ ਹੀ ਰਹਿਣ ਵਾਲਾ ਸਰਦਾਰ ਰੁਲੀਆ ਸਿੰਘ 1908 'ਚ ਹੀ ਅਮਰੀਕਾ ਆ ਗਿਆ ਸੀ ਅਤੇ ਕਰਤਾਰ ਸਿੰਘ ਸਰਾਭਾ ਅਮਰੀਕਾ ਆ ਕੇ ਆਪਣੇ ਆਰੰਭਕ ਦਿਨਾਂ 'ਚ ਇਹਨਾਂ ਦੇ ਪਾਸ ਹੀ ਰਹੇ। ਅਮਰੀਕਾ ਆ ਕੇ ਹੀ ਉਹਨਾਂ ਨੂੰ ਦੇਸ਼ ਪਿਆਰ ਦੀ ਚਿਣਗ ਲੱਗੀ। ਇੱਥੇ ਆ ਕੇ ਹੀ ਉਹਨਾਂ ਨੇ ਮਹਿਸੂਸ ਕੀਤਾ ਕਿ ਇਕ ਆਜ਼ਾਦ ਦੇਸ਼ ਤੇ ਗੁਲਾਮ ਦੇਸ਼ 'ਚ ਕੀ ਅੰਤਰ ਹੈ। ਇਕ ਆਜ਼ਾਦ ਦੇਸ਼ ਦੀ ਰਾਸ਼ਟਰੀਅਤਾ, ਆਤਮ ਸਨਮਾਨ ਤੇ ਆਜ਼ਾਦੀ ਦੀ ਫਿਜ਼ਾ ਵਿਚ ਸਾਹ ਲੈਣਾ ਕਿੰਨਾ ਸਨਮਾਨਜਨਕ ਹੁੰਦਾ ਹੈ। ਇਸ ਗੱਲ ਦਾ ਅਹਿਸਾਸ ਉਹਨਾਂ ਨੂੰ ਉਸ ਸਮੇਂ ਹੀ ਹੋ ਗਿਆ ਸੀ ਜਦੋਂ ਉਹ ਸਾਨਫਰਾਂਸਿਸਕੋ ਵਿਖੇ ਆਪਣੇ ਸਮੁੰਦਰੀ ਜਹਾਜ਼ ਰਾਹੀਂ ਬੰਦਰਗਾਹ ਤੇ ਦਾਖਲ ਹੋਏ ਸਨ। ਉਸ ਸਮੇਂ ਬੰਦਰਗਾਹ ਤੇ ਹਾਜ਼ਰ ਇੰਮੀਗ੍ਰੇਸ਼ਨ ਅਫਸਰ ਨੇ ਉਹਨਾਂ ਤੋਂ ਅਮਰੀਕਾ ਆਉਣ ਦਾ ਕਾਰਨ ਪੁੱਛਿਆ ਤਾਂ ਸਰਾਭਾ ਜੀ ਨੇ ਕਿਹਾ ਕਿ ਉਹ 'ਬਰਕਲੇ ਯੂਨੀਵਰਸਿਟੀ' ਵਿਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਆਇਆ ਹੈ। ਅਧਿਕਾਰੀ ਨੇ ਅਮਰੀਕਾ 'ਚ ਦਾਖਲ ਹੋਣ ਤੋਂ ਨਾਂਹ ਕਰਨ ਤੇ ਕਰਤਾਰ ਸਿੰਘ ਸਰਾਭੇ ਦੇ ਤਰਕਸੰਗਤ ਉੱਤਰ ਨੇ ਉਸ ਦੀ ਤਸੱਲੀ ਕਰਵਾ ਦਿੱਤੀ ਤੇ ਉਸ ਨੇ ਅਮਰੀਕਾ 'ਚ ਦਾਖਲ ਹੋਣ ਦੀ ਆਗਿਆ ਦੇ ਦਿੱਤੀ। ਅਮਰੀਕਾ 'ਚ ਰਹਿੰਦਿਆਂ ਤਿੰਨ-ਚਾਰ ਮਹੀਨਿਆਂ ਦੇ ਅੰਦਰ ਹੀ ਜਦੋਂ ਦੇਖਿਆ ਕਿ ਇੱਥੇ ਨਸਲਵਾਦ ਤੇ ਭਾਰਤ ਇਕ ਗੁਲਾਮ ਦੇਸ਼ ਹੋਣ ਕਾਰਨ ਥਾਂ-ਥਾਂ 'ਤੇ ਭਾਰਤੀਆਂ ਦਾ ਨਿਰਾਦਰ ਹੁੰਦਾ ਹੈ ਤਾਂ ਉਸ ਵਿਚ ਆਜ਼ਾਦੀ ਦੀ ਚੇਤਨਾ ਪੈਦਾ ਹੋਣੀ ਸ਼ੁਰੂ ਹੋ ਗਈ। ਇਕ ਬਜ਼ੁਰਗ ਔਰਤ ਦੇ ਘਰ ਕਿਰਾਏ 'ਤੇ ਰਹਿੰਦੇ ਹੋਏ, ਜਦੋਂ ਅਮਰੀਕਾ ਦੇ ਆਜ਼ਾਦੀ ਵਾਲੇ ਦਿਨ, ਉਸ ਔਰਤ ਨੇ ਫੁੱਲਾਂ ਨਾਲ ਆਪਣੇ ਘਰ ਨੂੰ ਸਜਾਇਆ ਤੇ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਨਾਇਕਾਵਾਂ ਨੂੰ ਸਲਾਮ ਕੀਤਾ ਤਾਂ ਕਰਤਾਰ ਸਿੰਘ ਸਰਾਭਾ ਜੀ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਸ ਔਰਤ ਨੇ ਉੱਤਰ ਦਿੱਤਾ ਕਿ ਅਮਰੀਕਾ 'ਚ ਸਾਰੇ ਘਰਾਂ 'ਚ ਹੀ ਇਸ ਦਿਨ ਦੇ ਸਭ ਲੋਕ ਇਹਨਾਂ ਆਜ਼ਾਦੀ ਦੇ ਪਰਵਾਨਿਆਂ ਦਾ ਸਵਾਗਤ ਕਰਦੇ ਹਨ ਤੇ ਆਪਣੇ ਘਰਾਂ ਨੂੰ ਇਸੇ ਤਰ੍ਹਾਂ ਹੀ ਸਜਾਉਂਦੇ ਤੇ ਜਗਮਗਾਹਟ ਕਰਦੇ ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਔਰਤ ਦੇ ਇਸ ਉੱਤਰ ਨਾਲ ਸਰਾਭਾ ਜੀ ਦੇ ਮਨ 'ਚ ਇਹ ਭਾਵਨਾ ਜਾਗਰਿਤ ਹੋਈ ਕਿ ਸਾਡੇ ਦੇਸ਼ ਦਾ ਵੀ ਆਜ਼ਾਦੀ ਦਿਨ ਹੋਣਾ ਚਾਹੀਦਾ ਹੈ।

ਭਾਰਤ ਤੋਂ ਅਮਰੀਕਾ ਗਏ, ਉਹਨਾਂ 'ਚ ਬਹੁਗਿਣਤੀ ਪੰਜਾਬ ਤੋਂ ਗਿਆਂ ਦੀ ਸੀ। ਉਹ ਤਕਰੀਬਨ ਸਾਰੇ ਅਮਰੀਕਾ ਦੇ ਪੱਛਮੀ ਤੱਟ ਦੇ ਸ਼ਹਿਰਾਂ 'ਚ ਰਹਿੰਦੇ ਸਨ ਤੇ ਕੰਮ ਦੀ ਤਲਾਸ਼ ਕਰਦੇ ਸਨ। ਇਹਨਾਂ ਸ਼ਹਿਰਾਂ 'ਚ ਪੋਰਟਲੈਂਡ, ਸੇਂਟਜਾਨ, ਇਸਟੋਰੀਆ, ਏਬਰਟ ਆਦਿ ਸ਼ਾਮਲ ਸਨ। ਇੱਥੇ ਇਹ ਲੱਕੜੀ ਦੇ ਕਾਰਖਾਨਿਆਂ ਤੇ ਰੇਲਵੇ ਦੀਆਂ ਵਰਕਸ਼ਾਪਾਂ 'ਚ ਕੰਮ ਕਰਦੇ ਸਨ ਤੇ ਜ਼ਿਆਦਾਤਰ ਵੀਹ-ਵੀਹ, ਤੀਹ-ਤੀਹ ਦੀਆਂ ਟੋਲੀਆਂ 'ਚ ਰਹਿੰਦੇ ਸਨ। ਭਾਰਤੀਆਂ ਦੇ ਨਾਲ ਇਸ ਨਸਲੀ ਵਿਵਹਾਰ ਕਰਨ ਦੇ ਵਿਰੁੱਧ ਕੈਨੇਡਾ ਵਿਚ ਸੰਤ ਤੇਜਾ ਸਿੰਘ ਜੀ ਸੰਘਰਸ਼ ਕਰ ਰਹੇ ਸਨ ਤੇ ਅਮਰੀਕਾ 'ਚ ਸਰਦਾਰ ਜਵਾਲਾ ਸਿੰਘ ਠੱਠੀਆਂ ਸੰਘਰਸ਼ ਕਰ ਰਹੇ ਸਨ। ਇਹਨਾਂ ਨੇ ਭਾਰਤ ਤੋਂ ਆਏ ਵਿਦਿਆਰਥੀਆਂ ਨੂੰ ਪੜ੍ਹਨ ਲਈ ਆਪਣੀ ਜੇਬ 'ਚੋਂ ਮਦਦ ਕਰਨ ਲਈ ਵਜ਼ੀਫੇ ਵੀ ਦਿੱਤੇ।

ਕਰਤਾਰ ਸਿੰਘ ਜੀ ਸਰਾਭਾ ਆਪਣੇ ਪਿੰਡ ਦੇ ਸਰਦਾਰ ਰੁਲੀਆ ਸਿੰਘ ਜੀ ਪਾਸ ਥੋੜ੍ਹੇ ਸਮੇਂ ਲਈ ਅਸਟੋਰੀਆ 'ਚ ਰਹੇ। 1912 ਦੇ ਆਰੰਭ 'ਚ ਪੋਰਟਲੈਂਡ 'ਚ ਭਾਰਤੀ ਮਜ਼ਦੂਰਾਂ ਦਾ ਇਕ ਬੜਾ ਵੱਡਾ ਸੰਮੇਲਨ ਹੋਇਆ, ਜਿਸ ਵਿਚ ਬਾਬਾ ਸੋਹਨ ਸਿੰਘ ਜੀ ਭਕਨਾ, ਹਰਨਾਮ ਸਿੰਘ ਜੀ ਟੁੰਡੀਲਾਟ, ਕਾਸ਼ੀ ਰਾਮ ਆਦਿ ਲੋਕਾਂ ਨੇ ਹਿੱਸਾ ਲਿਆ। ਇਹ ਸਾਰੇ ਲੋਕ ਬਾਅਦ 'ਚ 'ਗਦਰ ਪਾਰਟੀ' ਦੇ ਇਕ ਮਹਾਨ ਨੇਤਾ ਬਣ ਕੇ ਉੱਭਰੇ। ਇਸ ਸਮੇਂ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੀ ਮੁਲਾਕਾਤ ਸਰਦਾਰ ਜਵਾਲਾ ਸਿੰਘ ਜੀ ਠੱਠੀਆਂ ਨਾਲ ਹੋਈ। ਉਹਨਾਂ ਨੇ ਕਰਤਾਰ ਸਿੰਘ ਜੀ ਸਰਾਭਾ ਨੂੰ 'ਬਰਕਲੇ ਯੂਨੀਵਰਸਿਟੀ' ਵਿਚ ਦਾਖਲਾ ਲੈਣ ਲਈ ਪ੍ਰੇਰਿਤ ਕੀਤਾ ਤੇ ਉਹਨਾਂ ਨੇ ਇੱਥੇ 'ਰਸਾਇਣ ਸ਼ਾਸਤਰ' (ਕਮਿਸਟਰੀ) ਦੇ ਵਿਦਿਆਰਥੀ ਵਜੋਂ ਦਾਖਲਾ ਲੈ ਲਿਆ। ਬਰਕਲੇ ਯੂਨੀਵਰਸਿਟੀ ਵਿਖੇ ਕਰਤਾਰ ਸਿੰਘ ਸਰਾਭਾ ਜੀ ਨੇ ਪੰਜਾਬੀ ਹੋਸਟਲ ਵਿਚ ਆਪਣੀ ਰਿਹਾਇਸ਼ ਰੱਖੀ। ਇਸ ਯੂਨੀਵਰਸਿਟੀ 'ਚ ਉਸ ਸਮੇਂ ਤਕਰੀਬਨ 30 ਵਿਦਿਆਰਥੀ ਪੜ੍ਹ ਰਹੇ ਸਨ ਤੇ ਇਹਨਾਂ 'ਚ ਜ਼ਿਆਦਾਤਰ ਪੰਜਾਬੀ ਤੇ ਬੰਗਾਲੀ ਲੋਕ ਸਨ। ਇਹ ਸਾਰੇ ਵਿਦਿਆਰਥੀ 1912 'ਚ ਲਾਲਾ ਹਰਦਿਆਲ ਜੀ ਦੇ ਸੰਪਰਕ 'ਚ ਆਏ, ਇਹ ਉਸ ਸਮੇਂ ਇਹਨਾਂ ਵਿਦਿਆਰਥੀਆਂ ਨੂੰ ਭਾਸ਼ਣ ਦੇਣ ਲਈ ਆਏ ਸਨ। ਲਾਲਾ ਹਰਦਿਆਲ ਜੀ ਨੇ ਇਹਨਾਂ ਭਾਰਤੀ ਵਿਦਿਆਰਥੀਆਂ ਨੂੰ ਭਾਰਤ ਦੀ ਗੁਲਾਮੀ ਸਬੰਧੀ ਬੜਾ ਜੋਸ਼ੀਲਾ ਭਾਸ਼ਣ ਦਿੱਤਾ। ਭਾਸ਼ਣ ਤੋਂ ਬਾਅਦ ਲਾਲਾ ਹਰਦਿਆਲ ਜੀ ਨੇ ਇਹਨਾਂ ਵਿਦਿਆਰਥੀਆਂ ਨਾਲ ਵਿਅਕਤੀਗਤ ਰੂਪ 'ਚ ਵੀ ਗੱਲ ਕੀਤੀ। ਲਾਲਾ ਹਰਦਿਆਲ ਜੀ ਤੇ ਭਾਈ ਪਰਮਾਨੰਦ ਜੀ ਨੇ ਭਾਰਤੀ ਵਿਦਿਆਰਥੀਆਂ ਦੇ ਦਿਲਾਂ 'ਚ ਭਾਰਤ ਤੇ ਰਾਜ ਕਰ ਰਹੀ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਭਾਵਨਾਵਾਂ ਪੈਦਾ ਕਰਨ ਲਈ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਈ। ਭਾਈ ਪਰਮਾਨੰਦ ਜੀ ਬਾਅਦ ਵਿਚ ਵੀ ਕਰਤਾਰ ਸਿੰਘ ਸਰਾਭਾ ਜੀ ਦੇ ਸੰਪਰਕ 'ਚ ਰਹੇ। ਇਸ ਤੋਂ ਬਾਅਦ ਹੀ ਹੌਲੀ-ਹੌਲੀ ਸਰਾਭਾ ਜੀ ਦੇ ਮਨ 'ਚ ਦੇਸ਼ ਭਗਤੀ ਦੀ ਪ੍ਰਬੱਲ ਭਾਵਨਾ ਪੈਦਾ ਹੋਈ ਤੇ ਉਹ ਆਪਣੇ ਦੇਸ਼ ਲਈ ਮਰ ਮਿਟਣ ਦੇ ਸੰਕਲਪ ਵੱਲ ਅੱਗੇ ਵਧਿਆ।



ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਅੱਗੇ ਝੁਕਦਾ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ 'ਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦਾ ਨਾਮ ਹੀ ਲਿਆ ਜਾਂਦਾ ਹੈ।

ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਦੇਸ਼ ਦੇ ਨੌਜਵਾਨਾਂ 'ਚ ਊਰਜਾ ਦਾ ਐਸਾ ਗਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾਅ ਕੇ, ਅੱਗ ਨਾਲ ਆਜ਼ਾਦੀ ਦੀ ਲੜਾਈ ਲਈ ਕੁੱਦਣ ਵਾਲੇ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇਕਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਤੇ ਉਹਨਾਂ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਸਹਿਯੋਗ ਦਿੱਤਾ ਹੁੰਦਾ ਤਾਂ ਦੇਸ਼ ਅੱਜ ਤੋਂ ਕਾਫੀ ਸਾਲ ਪਹਿਲਾਂ ਆਜ਼ਾਦ ਹੋਇਆ ਹੁੰਦਾ ਤੇ ਉਸ ਸਮੇਂ ਹੋਰ ਮਾਣ ਮਹਿਸੂਸ ਕਰਦੇ। ਪ੍ਰੰਤੂ ਦੇਸ਼ ਦੇ ਇਸ ਨੌਜਵਾਨ ਕ੍ਰਾਂਤੀਕਾਰੀ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਨੂੰ ਸਾਢੇ 19 ਸਾਲ ਦੀ ਭਰ ਜਵਾਨੀ ਦੀ ਉਮਰ 'ਚ 16 ਨਵੰਬਰ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਲੇਕਿਨ ਮਰਨ ਤੋਂ ਬਾਅਦ ਵੀ ਉਹ ਮਰੇ ਨਹੀਂ ਸਗੋਂ ਸਾਡੇ 'ਚ ਹਮੇਸ਼ਾ ਲਈ ਅਮਰ ਹਨ। ਅੱਜ ਦੇ ਨੇਤਾਵਾਂ ਵਿਚ ਜਿੱਥੇ ਅਸੀਂ ਛਲ ਤੇ ਕਪਟ ਦੀ ਭਾਵਨਾ ਦੇਖਦੇ ਹਾਂ, ਜਿਹੜੇ ਮੁੰਬਈ ਹਮਲੇ ਤੋਂ ਬਾਅਦ ਵੀ ਆਪਣੇ ਸਵੈਮਾਣ ਤੇ ਗੁੱਸੇ ਨੂੰ ਤਾਕ 'ਤੇ ਰੱਖ ਕੇ ਬੈਠੇ ਹਨ। ਉਹਨਾਂ ਲਈ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਇਕ ਆਦਰਸ਼ ਸ਼ਖਸੀਅਤ ਹਨ, ਜਿਹਨਾਂ ਨੂੰ ਉਹਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਸ਼ਹੀਦ ਕਰਤਾਰ ਸਿੰਘ ਜੀ ਸਰਾਭਾ ਤੇ ਉਹਨਾਂ ਦੇ ਸਾਥੀਆਂ ਨੇ ਉਸ ਸਮੇਂ ਭਾਰਤ ਤੇ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੂੰ ਜੜ੍ਹੋਂ ਉਖਾੜ ਦੇਣ ਲਈ, ਅਮਰੀਕਾ ਤੇ ਕੈਨੇਡਾ 'ਚ ਵੱਸੇ ਭਾਰਤੀਆਂ ਨੂੰ ਇੱਕਜੁਟ ਕਰਨ ਦਾ ਕੰਮ ਕੀਤਾ ਸੀ। ਵੈਸੇ ਤਾਂ 'ਗਦਰ ਪਾਰਟੀ' ਦੀ ਹੋਂਦ 1913 ਵਿਚ ਆ ਗਈ ਸੀ ਪਰ ਗਦਰ ਦੀ ਸ਼ੁਰੂਆਤ 19 ਫਰਵਰੀ 1915 ਨੂੰ ਸ਼ੁਰੂ ਕੀਤੀ ਗਈ ਸੀ। ਸਰਦਾਰ ਕਰਤਾਰ ਸਿੰਘ ਸਰਾਭਾ ਤੇ ਉਹਨਾਂ ਦੇ ਸਾਥੀ ਅੰਗਰੇਜ਼ 'ਤੇ ਹਥਿਆਰਾਂ ਨਾਲ ਹਮਲਾ ਕਰਕੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਯੋਜਨਾ ਬਣਾ ਰਹੇ ਸਨ। ਇਹ ਕਿਹਾ ਜਾਂਦਾ ਹੈ ਕਿ 1857 ਤੋਂ ਬਾਅਦ ਅੰਗਰੇਜ਼ਾਂ ਤੇ ਹਥਿਆਰਾਂ ਨਾਲ ਹਮਲਾ ਕਰਕੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਇਹ ਦੂਸਰੀ ਕੋਸ਼ਿਸ਼ ਸੀ। ਇਸ 'ਚ 200 ਤੋਂ ਜ਼ਿਆਦਾ ਲੋਕ ਸ਼ਹੀਦ ਹੋਏ ਲੇਕਿਨ ਇਸ ਨਾਲ ਆਜ਼ਾਦੀ ਪ੍ਰਾਪਤ ਕਰਨ ਦੇ ਉਦੇਸ਼ ਨੂੰ ਹੋਰ ਤਾਕਤ ਮਿਲੀ। ਸਰਦਾਰ ਕਰਤਾਰ ਸਿੰਘ ਸਰਾਭਾ ਆਪਣੇ ਥੋੜ੍ਹੇ ਜਿਹੇ ਹੀ ਰਾਜਨੀਤਿਕ ਜੀਵਨ 'ਚ ਆਪਣੇ ਆਜ਼ਾਦੀ ਪ੍ਰਾਪਤ ਕਰਨ ਲਈ ਕੀਤੇ ਕੰਮਾਂ ਕਾਰਨ, ਛੋਟੀ ਉਮਰ 'ਚ ਹੀ ਇਕ ਲੋਕ ਨਾਇਕ ਦੇ ਰੂਪ 'ਚ ਉੱਭਰੇ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਉਹਨਾਂ ਨੂੰ ਆਪਣਾ ਆਦਰਸ਼ ਮੰਨਦੇ ਸਨ।

ਸਰਦਾਰ ਕਰਤਾਰ ਸਿੰਘ ਸਰਾਭਾ ਤੇ ਉਹਨਾਂ ਦੇ ਛੇ ਸਾਥੀਆਂ ਸਰਦਾਰ ਬਖਸ਼ੀਸ਼ ਸਿੰਘ ਜ਼ਿਲ੍ਹਾ ਅੰਮ੍ਰਿਤਸਰ, ਸਰਦਾਰ ਹਰਨਾਮ ਸਿੰਘ ਜ਼ਿਲ੍ਹਾ ਸਿਆਲਕੋਟ, ਸਰਦਾਰ ਜਗਤ ਸਿੰਘ ਜ਼ਿਲ੍ਹਾ ਲਾਹੌਰ, ਸਰਦਾਰ ਸੁਰੈਣ ਸਿੰਘ-1, ਸਰਦਾਰ ਸੁਰੈਣ ਸਿੰਘ-2, ਦੋਵੇਂ ਜ਼ਿਲ੍ਹਾ ਅੰਮ੍ਰਿਤਸਰ ਤੇ ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਂਰਾਸ਼ਟਰ) ਨੂੰ ਇਕ ਸਾਥ ਫਾਂਸੀ ਲਗਾ ਕੇ ਮਿਤੀ 16 ਨਵੰਬਰ 1915 ਨੂੰ ਸ਼ਹੀਦ ਕਰ ਦਿੱਤਾ ਗਿਆ। ਇਹਨਾਂ ਵਿਚੋਂ ਤਿੰਨ ਅੰਮ੍ਰਿਤਸਰ ਜ਼ਿਲ੍ਹੇ ਦੇ ਗਿੱਲਾਂਵਾਲੀ ਪਿੰਡ ਦੇ ਸਨ। ਇਹਨਾਂ ਸ਼ਹੀਦਾਂ ਤੇ ਇਹਨਾਂ ਦੇ ਸਾਥੀਆਂ ਨੇ ਭਾਰਤ ਤੇ ਰਾਜ ਕਰ ਰਹੀ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ 19 ਫਰਵਰੀ 1915 ਨੂੰ 'ਗਦਰ' ਦੀ ਸ਼ੁਰੂਆਤ ਕੀਤੀ ਸੀ। ਇਸ 'ਗਦਰ' ਯਾਨਿ ਭਾਰਤ ਨੂੰ ਆਜ਼ਾਦ ਕਰਾਉਣ ਦੀ ਯੋਜਨਾ, ਅਮਰੀਕਾ ਵਿਖੇ 1913 ਨੂੰ ਹੋਂਦ ਵਿਚ ਆਈ 'ਗਦਰ ਪਾਰਟੀ' ਨੇ ਬਣਾਈ ਸੀ ਤੇ ਇਸ 'ਚ ਕੋਈ ਅੱਠ ਹਜ਼ਾਰ ਭਾਰਤੀ ਜੋ ਅਮਰੀਕਾ ਤੇ ਇੰਗਲੈਂਡ 'ਚ ਆਪਣੀ ਸੁੱਖ ਭਰੀ ਜ਼ਿੰਦਗੀ ਨੂੰ ਛੱਡ ਕੇ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਸਮੁੰਦਰੀ ਜਹਾਜ਼ ਰਾਹੀਂ ਭਾਰਤ ਪਹੁੰਚੇ ਸਨ। 'ਗਦਰ' ਇਕ ਸ਼ਾਂਤੀਪੂਰਨ ਅੰਦੋਲਨ ਨਹੀਂ ਸੀ, ਇਹ ਇਕ ਹਥਿਆਰਬੰਦ, ਆਜ਼ਾਦੀ ਲਈ ਕ੍ਰਾਂਤੀਕਾਰੀ ਵਿਦਰੋਹ ਸੀ ਪਰ 'ਗਦਰ ਪਾਰਟੀ' ਨੇ ਇਸ ਨੂੰ ਗੁਪਤ ਨਾਂ ਰੱਖਦੇ ਹੋਏ, ਖੁੱਲ੍ਹੇਆਮ ਅੰਗਰੇਜ਼ਾਂ ਨੂੰ ਹਥਿਆਰਾਂ ਨਾਲ ਮਾਰ ਕੇ ਭਾਰਤ ਦੇਸ਼ ਆਜ਼ਾਦ ਕਰਾਉਣ ਦਾ ਐਲਾਨ ਸੀ ਅਤੇ ਇਹ ਐਲਾਨ 'ਗਦਰ ਪਾਰਟੀ' ਦੇ ਪੰਜਾਬੀ, ਹਿੰਦੀ, ਉਰਦੂ ਤੇ ਗੁਜਰਾਤੀ ਭਾਸ਼ਾਵਾਂ 'ਚ ਛਪਦੇ ਅਖ਼ਬਾਰ 'ਗਦਰ' 'ਚ ਛਾਪ ਕੇ ਭਾਰਤ ਦੀ ਸਮੁੱਚੀ ਜਨਤਾ ਨੂੰ ਇਸ 'ਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ। ਅਮਰੀਕਾ ਦੀ ਸੁਤੰਤਰ ਧਰਤੀ ਤੋਂ ਪ੍ਰੇਰਿਤ ਹੋ ਕੇ ਆਪਣੀ ਧਰਤੀ ਨੂੰ ਸੁਤੰਤਰ ਕਰਾਉਣ ਲਈ 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਤੋਂ ਪ੍ਰੇਰਿਤ ਸੀ ਤੇ ਅੰਗਰੇਜ਼ ਸਰਕਾਰ ਨੇ ਇਸੇ ਸੁਤੰਤਰਤਾ ਸੰਗਰਾਮ ਨੂੰ 'ਗਦਰ' ਦਾ ਨਾਮ ਦੇ ਕੇ ਅਲੰਕ੍ਰਿਤ ਕੀਤਾ ਤੇ ਇਸੇ 'ਗਦਰ' ਸ਼ਬਦ ਨੂੰ ਹੀ ਅਮਰੀਕਾ 'ਚ ਵੱਸੇ ਦੇਸ਼ ਭਗਤ ਭਾਰਤੀਆਂ ਨੇ ਆਪਣੀ ਪਾਰਟੀ ਤੇ ਅਖ਼ਬਾਰ ਦਾ ਨਾਮ 'ਗਦਰ' ਸ਼ਬਦ 'ਤੇ ਹੀ ਰੱਖਿਆ। ਜਿਸ ਤਰ੍ਹਾਂ 1857 ਦੇ 'ਗਦਰ' ਯਾਨਿ ਭਾਰਤ ਦੀ ਪਹਿਲੀ ਆਜ਼ਾਦੀ ਦੀ ਲੜਾਈ ਦੀ ਕਹਾਣੀ ਬੜੀ ਰੋਚਕ ਹੈ। ਠੀਕ ਇਸੇ ਤਰ੍ਹਾਂ ਹੀ ਭਾਰਤ ਦੀ ਆਜ਼ਾਦੀ ਲਈ ਲੜੀ ਗਈ ਦੂਸਰੀ 'ਹਥਿਆਰਬੰਦ' ਲੜਾਈ ਭਾਵੇਂ ਇਸ 'ਚ ਸਫਲਤਾ ਪ੍ਰਾਪਤ ਨਹੀਂ ਹੋਈ, ਇਸ ਦੀ ਕਹਾਣੀ ਵੀ ਕੋਈ ਘੱਟ ਰੋਚਕ ਨਹੀਂ ਹੈ।

ਕੌਮਾਂਤਰੀ ਪੱਧਰ 'ਤੇ ਚੱਲੇ ਇਸ ਅੰਦੋਲਨ 'ਚ ਕੋਈ ਦੋ ਸੌ ਤੋਂ ਉਪਰ ਲੋਕ ਸ਼ਹੀਦ ਹੋਏ। 'ਗਦਰ' ਤੇ ਇਸ ਨਾਲ ਸਬੰਧਤ ਘਟਨਾਵਾਂ 'ਚ 315 ਤੋਂ ਜ਼ਿਆਦਾ ਲੋਕਾਂ ਨੇ ਅੰਡੇਮਾਨ ਜੈਸੀ ਜਗ੍ਹਾ ਤੇ ਕਾਲੇ ਪਾਣੀ ਦੀ ਲੰਬੀ ਉਮਰ ਕੈਦ ਦੀ ਸਜ਼ਾ ਭੁਗਤੀ ਤੇ 122 ਲੋਕਾਂ ਨੇ ਕੁਝ ਘੱਟ ਸਜ਼ਾ ਭੁਗਤੀ। ਸੈਂਕੜਿਆਂ ਦੀ ਗਿਣਤੀ 'ਚ ਪੰਜਾਬੀ ਨੌਜਵਾਨਾਂ ਨੇ ਕਈ ਸਾਲਾਂ ਤੱਕ ਪਿੰਡਾਂ ਤੇ ਸ਼ਹਿਰਾਂ 'ਚ ਨਜ਼ਰਬੰਦੀ ਦੀ ਸਜ਼ਾ ਭੁਗਤੀ। ਇਸ ਅੰਦੋਲਨ 'ਚ ਬੰਗਾਲ ਤੋਂ ਰਾਸ ਬਿਹਾਰੀ ਬੋਸ ਤੇ ਸੁਰਿੰਦਰ ਨਾਥ ਸਨਿਆਲ, ਮਹਾਂਰਾਸ਼ਟਰ ਤੋਂ ਵਿਸ਼ਨੂੰ ਗਣੇਸ਼ ਪਿੰਗਲੇ ਤੇ ਡਾਕਟਰ ਖਾਨਖੋਜੇ, ਦੱਖਣੀ ਭਾਰਤ ਤੋਂ ਡਾਕਟਰ ਚਿਨਚਅੱਪਾ ਤੇ ਪੰਕਜ ਰਮਨ ਪਿੱਲੇ ਤੇ ਭੂਪਾਲ ਤੋਂ ਬਰਕਤ ਉੱਲਾ ਆਦਿ ਵਰਗੇ ਦੇਸ਼ ਭਗਤਾਂ ਨੇ ਹਿੱਸਾ ਲੈ ਕੇ ਇਕ ਰਾਸ਼ਟਰੀ ਰੂਪ ਦਿੱਤਾ ਤੇ ਸ਼ੰਘਾਈ, ਸਿੰਗਾਪੁਰ, ਮਨੀਲਾ ਆਦਿ ਤੇ ਹੋਰ ਕਈ ਵਿਦੇਸ਼ੀ ਸ਼ਹਿਰਾਂ 'ਚ ਹੋਏ ਵਿਦਰੋਹ ਨੇ ਇਸ ਨੂੰ ਅੰਤਰ ਰਾਸ਼ਟਰੀ ਰੂਪ ਵੀ ਦਿੱਤਾ। ਜਿਹੜਾ 1857 'ਚ ਗਦਰ ਅੰਦੋਲਨ ਸੀ, ਉਹ ਇਕ ਧਰਮ ਨਿਰਪੱਖ ਤੇ ਇਕ ਰਾਸ਼ਟਰੀ ਅੰਦੋਲਨ ਸੀ, ਜਿਸ 'ਚ ਸਭ ਧਰਮਾਂ ਤੇ ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ।

'ਗਦਰ ਪਾਰਟੀ ਅੰਦੋਲਨ' ਦੀ ਇਕ ਇਹ ਵਿਸ਼ੇਸ਼ਤਾ ਵੀ ਹੈ ਕਿ ਇਸ ਦੀ ਅਸਫਲਤਾ ਦੇ ਬਾਅਦ ਵੀ ਇਹ 'ਗਦਰ ਪਾਰਟੀ' ਖਤਮ ਨਹੀਂ ਹੋਈ, ਸਗੋਂ ਇਸ ਨੇ ਆਪਣਾ ਅੰਤਰ ਰਾਸ਼ਟਰੀ ਵਜੂਦ ਬਚਾਈ ਵੀ ਰੱਖਿਆ। ਇਸ ਨੇ ਆਪਣੇ ਆਪ ਨੂੰ 'ਭਾਰਤ ਦੀ ਆਜ਼ਾਦੀ ਦੀ ਮੁੱਖ ਧਾਰਾ' ਵਿਚ ਸ਼ਾਮਲ ਕਰਕੇ ਵਿਦੇਸ਼ਾਂ ਵਿਚ ਆਪਣੀ ਹੋਂਦ ਨੂੰ ਅਲੱਗ ਸੁਰੱਖਿਅਤ ਰੱਖ ਕੇ 'ਗਦਰ ਪਾਰਟੀ' ਨੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ 'ਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅੱਗੇ ਚੱਲ ਕੇ ਪੰਜਾਬ ਦਾ ਨੌਜਵਾਨ ਵਰਗ ਵਿਦਰੋਹ 1925-26 'ਚ ਜਿਸਦੀ ਅਗਵਾਈ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਨੇ ਕੀਤੀ 'ਚ ਤਬਦੀਲ ਹੋ ਗਿਆ, ਜਿਹੜਾ ਕਿ 'ਗਦਰ ਪਾਰਟੀ' ਤੇ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਤੋਂ ਪ੍ਰਭਾਵਿਤ ਸੀ। ਇਸ ਤਰ੍ਹਾਂ ਨਾਲ ਸਰਦਾਰ ਭਗਤ ਸਿੰਘ ਜੀ ਦਾ ਵਿਅਕਤਿਤਵ ਤੇ ਚਿੰਤਨ 'ਗਦਰ ਪਾਰਟੀ' ਦੀ ਪ੍ਰੰਪਰਾ ਨੂੰ ਅਪਣਾ ਕੇ ਇਸ 'ਗਦਰ ਲਹਿਰ' ਦੇ ਭਵਿੱਖ ਲਈ, ਵਿਕਾਸ ਦੇ ਆਗਾਮੀ ਰੂਪ 'ਚ ਤਬਦੀਲ ਹੋ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਯੁਕਤ ਰਿਹਾ।

ਸਰਦਾਰ ਕਰਤਾਰ ਸਿੰਘ ਜੀ ਸਰਾਭਾ 'ਗਦਰ ਪਾਰਟੀ' ਦੇ ਇਕ ਨਾਇਕ ਦੇ ਰੂਪ 'ਚ ਉਭਰੇ, ਇਸੇ ਹੀ ਤਰ੍ਹਾਂ 1925-31 ਦੇ ਦੌਰਾਨ ਸਰਦਾਰ ਭਗਤ ਸਿੰਘ ਜੀ ਵੀ ਇਸ ਕ੍ਰਾਂਤੀਕਾਰੀ ਅੰਦੋਲਨ ਦੇ ਮਹਾਂ-ਨਾਇਕ ਦੇ ਰੂਪ 'ਚ ਉਭਰੇ ਤੇ ਉਹ ਹਮੇਸ਼ਾ ਕਰਤਾਰ ਸਿੰਘ ਜੀ ਦੀ ਫੋਟੋ ਆਪਣੇ ਕੋਲ ਰੱਖਦੇ ਸਨ ਅਤੇ ਨੌਜਵਾਨ ਭਾਰਤ ਸਭਾ ਨਾਮਕ ਸੰਗਠਨ ਦੇ ਮਾਧਿਅਮ ਨਾਲ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੇ ਜੀਵਨ ਨੂੰ 'ਸਲਾਈਡ ਸ਼ੋਅ' ਦੁਆਰਾ ਪੰਜਾਬ ਦੇ ਨੌਜਵਾਨਾਂ 'ਚ ਆਜ਼ਾਦੀ ਦੀ ਪ੍ਰੇਰਨਾ ਦੇਣ ਲਈ ਦਿਖਾਉਂਦੇ ਸਨ। ਨੌਜਵਾਨ ਭਾਰਤ ਸਭਾ ਦੀ ਹਰ ਜਨਸਭਾ 'ਚ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦੀ ਫੋਟੋ ਨੂੰ ਮੰਚ 'ਤੇ ਰੱਖ ਕੇ, ਉਸ ਨੂੰ ਫੁੱਲਾਂ ਦੇ ਹਾਰ ਪਾ ਕੇ, ਸਵਾਗਤ ਕਰਕੇ ਯਾਦ ਕੀਤਾ ਜਾਂਦਾ ਸੀ।

ਸਰਦਾਰ ਕਰਤਾਰ ਸਿੰਘ ਜੀ ਸਰਾਭਾ 'ਗਦਰ ਪਾਰਟੀ' ਦੇ ਅੰਦੋਲਨ ਦੇ ਲੋਕ-ਨਾਇਕ ਦੇ ਰੂਪ 'ਚ ਆਪਣੇ ਬਹੁਤ ਹੀ ਥੋੜ੍ਹੇ ਰਾਜਨੀਤਿਕ ਜੀਵਨ ਦੀਆਂ ਸਰਗਰਮੀਆਂ ਕਾਰਨ ਉੱਭਰੇ। ਉਹਨਾਂ ਨੇ ਦੋ-ਤਿੰਨ ਸਾਲ ਦੇ ਥੋੜ੍ਹੇ ਹੀ ਸਮੇਂ 'ਚ ਆਪਣੇ ਵਿਅਕਤਿਤਵ ਦੀ ਅਜਿਹੀ ਛਾਪ ਛੱਡੀ, ਜਿਸ ਦੀਆਂ ਕਿਰਨਾਂ ਨੇ ਦੇਸ਼ ਦੇ ਨੌਜਵਾਨਾਂ ਦੀ ਆਤਮਾ 'ਚ ਦੇਸ਼ ਪਿਆਰ ਦਾ ਜਜ਼ਬਾ ਜਗਮਗਾ ਦਿੱਤਾ। ਅਜਿਹੇ ਨੌਜਵਾਨ ਨੂੰ ਨਿਆਇਕ ਜੱਜ ਵੀ ਫਾਂਸੀ ਦੇਣ ਤੋਂ ਬਚਣਾ ਚਾਹੁੰਦੇ ਸਨ ਅਤੇ ਉਹਨਾਂ ਨੂੰ ਅਦਾਲਤ 'ਚ ਆਪਣੇ ਦਿੱਤੇ ਗਏ, ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਬਿਆਨਾਂ ਨੂੰ, ਹਲਕਾ ਕਰਨ ਲਈ ਸਲਾਹ ਵੀ ਦਿੱਤੀ ਗਈ ਤੇ ਸਮਾਂ ਵੀ ਦਿੱਤਾ ਗਿਆ ਪਰ ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਨ ਵਾਲੇ ਇਸ ਬੀਰ ਨਾਇਕ ਨੇ ਆਪਣੇ ਬਿਆਨ ਹਲਕੇ ਕਰਨ ਦੀ ਬਜਾਏ, ਹੋਰ ਸਖ਼ਤ ਕਰ ਦਿੱਤੇ ਅਤੇ ਫਾਂਸੀ ਦੀ ਸਜ਼ਾ ਪਾ ਕੇ ਖੁਸ਼ੀ 'ਚ ਆਪਣਾ ਭਾਰ ਵਧਾਉਂਦੇ ਹੋਏ, ਹੱਸਦੇ-ਹੱਸਦੇ ਫਾਂਸੀ ਦੇ ਰੱਥੇ ਨੂੰ ਚੁੰਮਿਆ ਤੇ ਗਲੇ 'ਚ ਪਾ ਕੇ ਝੂਲ ਗਿਆ। ਉਹ ਜੇਲ੍ਹ 'ਚ ਹਰ ਸਮੇਂ ਅਕਸਰ ਇਹੀ ਦੋ ਗੀਤ ਗਾਇਆ ਕਰਦੇ ਸਨ ਤੇ ਫਾਂਸੀ ਲੱਗਣ ਸਮੇਂ ਵੀ ਇਹੀ ਦੋਵੇਂ ਗੀਤ ਭਾਰਤ ਦੇ ਨੌਜਵਾਨਾਂ ਨੂੰ ਸੰਬੋਧਨ ਕਰਕੇ ਗਾਏ ਕਿ ਉਹ ਭਾਰਤ ਦੀ ਆਜ਼ਾਦੀ ਲਈ ਉਹਨਾਂ ਵੱਲੋਂ ਪਾਏ ਗਏ ਪੂਰਨਿਆਂ ਤੇ ਹਮੇਸ਼ਾ ਚੱਲਦੇ ਰਹਿਣ। ਗੀਤਾਂ ਦੀਆਂ ਸੱਤਰਾਂ ਇਸ ਤਰ੍ਹਾਂ ਹਨ:-

(ੳ) ਸੇਵਾ ਦੇਸ਼ ਦੀ ਜਿੰਦੜੀਏ, ਬੜੀ ਔਖੀ,<br>
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।<br>
ਜਿੰਨ੍ਹਾਂ ਦੇਸ਼ ਸੇਵਾ 'ਚ ਪੈਰ ਪਾਇਆ,<br>
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

(ਅ) ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,<br>
ਕਿਤੇ ਦਿਲਾਂ ਤੋਂ ਨਹੀਂ ਭੁਲਾਅ ਦੇਣਾ।<br>
ਖਾਤਰ ਵਤਨ ਦੀ, ਲੱਗੇ ਹਾਂ ਚੜ੍ਹਨ ਫਾਂਸੀ,<br>
ਇਸੇ ਰਸਤੇ, ਤੁਸੀਂ ਵੀ ਆ ਜਾਣਾ।

ਅੱਜ ਅਸੀਂ ਆਜ਼ਾਦ ਹਾਂ, ਭਾਰਤ ਨੂੰ ਅੰਗਰੇਜ਼ਾਂ ਤੋਂ 1947 'ਚ ਆਜ਼ਾਦੀ ਮਿਲੀ ਸੀ। ਲੇਕਿਨ ਇਹ ਆਜ਼ਾਦੀ ਵੀ ਬੜੀਆਂ ਮੁਸ਼ਕਿਲਾਂ ਨਾਲ ਮਿਲੀ ਸੀ। ਇਸ ਆਜ਼ਾਦੀ ਦਾ ਅਸੀਂ ਬਹੁਤ ਵੱਡਾ ਮੁੱਲ ਵੀ ਚੁਕਾਇਆ ਹੈ। ਅੱਜ ਇਸ ਰਾਸ਼ਟਰੀ ਤੇ ਅੰਤਰ ਰਾਸ਼ਟਰੀ 'ਗਦਰ ਅੰਦੋਲਨ' ਨੂੰ ਕਈ ਇਤਿਹਾਸਕਾਰ

**(ਬਾਕੀ ਅਗਲੇ ਸਫੇ 'ਤੇ)**

### ਵਿਸ਼ਵ ਤੰਬਾਕੂ ਵਿਰੋਧੀ ਦਿਵਸ ਸਬੰਧੀ ਵਿਸ਼ੇਸ਼

# ਸਰਕਾਰ ਦੀ ਸਖਤੀ ਦੇ ਬਾਵਜੂਦ ਰੁਕਣ ਦਾ ਨਾਮ ਨਹੀਂ ਲੈ ਰਹੀ ਤੰਬਾਕੂ ਦੀ ਵਰਤੋਂ



ਕੁਲਦੀਪ ਚੰਦ
91-94175-63054

ਅੱਜ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ। ਮੁਗਲਕਾਲ ਦੇ ਸਮੇਂ 17ਵੀਂ ਸਦੀ ਵਿੱਚ ਪੱਛਮ ਤੋਂ ਆਏ ਤੰਬਾਕੂ ਨੇ ਭਾਰਤੀਆ ਨੂੰ ਅਜਿਹਾ ਜਕੜਿਆ ਕਿ ਅੱਜ ਦੇਸ਼ ਦੀ ਕਾਫੀ ਆਬਾਦੀ ਕਿਸੇ ਨਾਂ ਕਿਸੇ ਰੂਪ ਵਿੱਚ ਤੰਬਾਕੂ ਦਾ ਸੇਵਨ ਕਰਦੀ ਹੈ। ਤੰਬਾਕੂ ਵਿੱਚ ਲਗਭੱਗ 4000 ਹਜ਼ਾਰ ਤੋਂ ਵੱਧ ਜ਼ਹਿਰੀਲੇ ਤੱਤ ਹਨ ਜੋ ਕਿ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਸ ਵਿੱਚ ਨਿਕੋਟੀਨ (ਕੀੜਿਆਂ ਨੂੰ ਮਾਰਨ ਲਈ ਵਰਤਿਆਂ ਜਾਣ ਵਾਲਾ), ਅਮੋਨੀਆਂ (ਫਰਸ਼ ਸਾਫ ਕਰਨ ਲਈ ਵਰਤਿਆਂ ਜਾਣ ਵਾਲਾ), ਆਰਸੈਨਿਕ (ਸਫੈਦ ਕੀੜੀਆ ਦਾ ਜ਼ਹਿਰ), ਕਾਰਬਨ ਮੋਨੋਆਕਸਾਈਡ (ਕਾਰ ਦੇ ਧੂੰਏ ਵਿਚਲੀ ਭਿਆਨਕ ਗੈਸ), ਹਾਈਡਰੋਜਨ ਸਾਈਆਨਾਈਡ (ਗੈਸ ਚੈਂਬਰਾਂ ਵਿੱਚ ਵਰਤੀ ਜਾਣ ਵਾਲੀ ਜ਼ਹਿਰੀਲੀ ਗੈਸ), ਨੈਪਥਾਲੀਨ (ਫਿਨਾਈਲ ਦੀਆਂ ਗੋਲੀਆਂ ਇਸ ਤੋਂ ਬਣਾਈਆਂ ਜਾਂਦੀਆ ਹਨ), ਤਾਰ (ਸੜਕਾਂ ਉੱਪਰ ਵਰਤਿਆਂ ਜਾਣ ਵਾਲਾ ਲੇਸਲਾ ਪਦਾਰਥ), ਰੇਡੀਓਐਕਟਿਵ ਤੱਤ (ਪ੍ਰਮਾਣੂ ਹਥਿਆਰਾਂ ਵਿੱਚ ਵਰਤਿਆਂ ਜਾਣ ਵਾਲਾ) ਅਤੇ ਹੋਰ ਬਹੁਤ ਸਾਰੇ ਜ਼ਹਿਰੀਲੇ ਤੱਤ ਤੰਬਾਕੂ ਵਿੱਚ ਹੁੰਦੇ ਹਨ। ਤੰਬਾਕੂ ਖੈਣੀ, ਜ਼ਰਦਾ, ਗੁਟਕਾ, ਪਾਨ ਮਸਾਲਾ, ਸਿਗਰਟ ਅਤੇ ਬੀੜੀ ਆਦਿ ਦੇ ਰੂਪ ਵਿੱਚ ਮਿਲਦਾ ਹੈ। ਸਿਗਰਟ ਜਾਂ ਬੀੜੀ ਪੀਣ ਵਾਲੇ ਲੋਕਾਂ ਵੱਲੋਂ ਛੱਡੇ ਗਏ ਧੂਏ ਦਾ ਅਸਰ ਜੋ ਕਿ ਸਿਗਰਟ ਜਾਂ ਬੀੜੀ ਨਹੀਂ ਪੀਂਦੇ ਉਹਨਾਂ ਦੀ ਸਿਹਤ ਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕੈਂਸਰ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਹੁਤੀਆਂ ਦਾ ਕਾਰਨ ਤੰਬਾਕੂ ਹੀ ਹੈ। ਹਰ ਸਾਲ ਕਰੀਬ 3,00,000 ਲੋਕ ਤੰਬਾਕੂ ਕਾਰਨ ਇਹ ਅਲਾਮਤ ਸਹੇੜਦੇ ਹਨ ਜਦ ਕਿ ਛਾਤੀ ਦੇ ਕੈਂਸਰ ਦੇ ਕਰੀਬ 80,000 ਕੇਸ ਪ੍ਰਤੀ ਸਾਲ ਮਿਲ ਰਹੇ ਹਨ ਤੇ ਬੱਚੇਦਾਨੀ ਨਾਲ ਸਬੰਧਤ ਅਤੇ ਹੋਰ ਕਿਸਮਾਂ ਦੇ ਕੈਂਸਰ ਦੇ ਕਰੀਬ 1,00,000 ਕੇਸ ਸਾਲਾਨਾ ਹਨ। ਤੰਬਾਕੂ ਨਾਲ ਭਾਰਤ ਵਿੱਚ ਰੋਜ਼ਾਨਾ ਲੱਗਭੱਗ 3500 ਲੋਕਾਂ ਦੀ ਮੌਤ ਹੁੰਦੀ ਹੈ ਅਤੇ ਤੰਬਾਕੂ ਦੀ ਵਰਤੋਂ ਕਾਰਨ ਭਾਰਤ ਵਿੱਚ ਸਿਰ, ਗਲਾ ਅਤੇ ਫੇਫੜਿਆਂ ਦੇ ਸਭ ਤੋਂ ਵੱਧ ਕੈਂਸਰ ਕੇਸ ਹੁੰਦੇ ਹਨ। ਕੈਂਸਰ ਦੇ ਸਮੁੱਚੇ ਕੇਸਾਂ ਵਿੱਚੋਂ 40ਗ਼ ਤੰਬਾਕੂ ਕਾਰਨ ਹੁੰਦੇ ਹਨ। ਤੰਬਾਕੂ ਪੀਣ ਵਾਲੇ 89ਗ਼ ਵਿਅਕਤੀ 18 ਸਾਲ ਦੀ ਉਮਰ ਤੱਕ ਇਸ ਦੇ ਆਦੀ ਹੋ ਜਾਂਦੇ ਹਨ। ਤੰਬਾਕੂ ਪੀਣ ਵਾਲੇ 50ਗ਼ ਤੋਂ ਵੱਧ ਨੌਜੁਆਨ ਤੰਬਾਕੂ ਜਨਕ ਬੀਮਾਰੀਆਂ ਕਾਰਨ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਦੇ ਮੁਕਾਬਲੇ ਪੀਣ ਵਾਲੇ ਦੀ ਜ਼ਿੰਦਗੀ 22 ਤੋਂ 26 ਸਾਲ ਤੱਕ ਘਟ ਜਾਂਦੀ ਹੈ। ਤੰਬਾਕੂ ਦੀ ਵਰਤੋਂ ਮੂੰਹ, ਗਲਾ, ਫੇਫੜਿਆਂ, ਘੰਡੀ, ਭੋਜਨ-ਨਲੀ, ਪਿਸ਼ਾਬ ਦਾ ਬਲੈਡਰ, ਗੁਰਦਾ, ਪਾਚਕ ਰਸ ਗਿਲਟੀ ਅਤੇ ਗਰਦਨ ਦੇ ਕੈਂਸਰ ਦਾ ਕਾਰਨ ਬਣਦੀ ਹੈ। ਤੰਬਾਕੂ ਕਾਰਨ ਸਾਹ ਨਲੀ ਦੀ ਸੋਜ ਅਤੇ ਪੇਟ ਗੈਸ ਹੁੰਦੀ ਹੈ ਜਿਸ ਨਾਲ ਸਾਹ ਲੈਣ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਤੰਬਾਕੂ ਨਾਲ ਦਿਲ ਅਤੇ ਖੂਨ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਤੰਬਾਕੂ ਕਾਰਨ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਹਨ। ਤੰਬਾਕੂ ਪੀਣ ਵਾਲੇ ਦੇ ਧੂੰਏ ਤੋ ਦੂਜੇ ਲੋਕਾਂ ਨੂੰ ਫੇਫੜਿਆਂ ਅਤੇ ਨੱਕ ਦੀ ਸਾਹ ਨਲੀ ਦਾ ਕੈਂਸਰ, ਦਿਲ ਦਾ ਦੋਰਾ, ਅੱਖਾਂ-ਨੱਕ ਤੇ ਗਲੇ ਵਿੱਚ ਜਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਤੰਬਾਕੂ ਦਾ ਧੂੰਆਂ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ। ਇਸ ਨਾਲ ਨਮੋਨੀਆ ਅਤੇ ਸਾਹ ਦੀ ਨਲੀ ਦੀ ਸੋਜ, ਦਮਾ, ਫੇਫੜਿਆਂ ਦੇ ਵਿਕਾਸ ਵਿੱਚ ਕਮੀ, ਜਨਮ ਵੇਲੇ ਬੱਚਿਆਂ ਦੇ ਵਜ਼ਨ ਦੀ ਕਮੀ, ਅਚਾਨਕ ਮੌਤ ਅਤੇ ਕਈ ਹੋਰ ਪੇਚੀਦਗੀਆ ਪੈਦਾ ਹੋ ਸਕਦੀਆਂ ਹਨ। ਹਰੇਕ ਪੀਤੀ ਗਈ ਸਿਗਰਟ ਜ਼ਿੰਦਗੀ ਦੇ 4 ਮਿੰਟ ਘਟਾ ਦਿੰਦੀ ਹੈ। ਇਸ ਨਸ਼ੇ ਦੀ ਭਿਅੰਕਰਤਾ ਨੂੰ ਮੁੱਖ ਰੱਖਦਿਆਂ ਹੋਇਆ ਵਿਸ਼ਵ ਸਿਹਤ ਸੰਸਥਾ ਵੱਲੋਂ ਹਰ ਸਾਲ 31 ਮਈ ਨੂੰ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਮਾਰੂ ਪ੍ਰਭਾਵਾਂ ਨੂੰ ਵੇਖਦਿਆਂ ਹੀ ਸਰਕਾਰ ਨੇ 2003 ਵਿੱਚ ਤੰਬਾਕੂ ਕੰਟਰੋਲ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਦੇ ਵਿਉਪਾਰ, ਪ੍ਰਚਾਰ ਆਦਿ ਤੇ ਨਿਯੰਤਰਣ ਕੀਤਾ ਗਿਆ ਹੈ। ਇਸ ਐਕਟ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਜਾਂਦੀ ਰਹੀ ਹੈ। ਇਸ ਐਕਟ ਅਨੁਸਾਰ ਕਿਸੇ ਵੀ ਤੰਬਾਕੂ ਉਤਪਾਦਨ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਵਿਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਨ ਨਹੀਂ ਵੇਚੇ ਜਾ ਸਕਦੇ ਹਨ। ਨਾਬਾਲਗ ਬੱਚਿਆਂ ਨੂੰ ਤੰਬਾਕੂ ਉਤਪਾਦਨ ਵੇਚਣਾ ਕਾਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ। ਤੰਬਾਕੂ ਉਤਪਾਦਾਂ ਸਬੰਧੀ ਸੱਖਤ ਨਿਯਮ ਬਣਾਏ ਗਏ ਹਨ। 2 ਅਕਤੂਬਰ 2008 ਤੋਂ ਜਨਤਕ ਸਥਾਨਾਂ ਤੇ ਸਿਗਰਟਨੋਸ਼ੀ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਰਾਸ਼ਟਰ ਪੱਧਰ ਤੇ ਤੰਬਾਕੂ ਕੰਟਰੋਲ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਪੰਜਾਬ ਵਿੱਚ ਸਰਕਾਰ ਵਲੋਂ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਤੰਬਾਕੂ ਕੰਟਰੋਲ ਸੈਲ ਬਣਾਏ ਗਏ ਹਨ। ਇਸ ਸਬੰਧੀ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿਹਤ ਵਿਭਾਗ, ਵਿੱਤ ਵਿਭਾਗ, ਲੇਬਰ ਵਿਭਾਗ, ਕਾਮਰਸ, ਗ੍ਰਹਿ ਵਿਭਾਗ, ਪਬਲਿਕ ਰਿਲੇਸ਼ਨ ਵਿਭਾਗ, ਸਿਖਿਆ ਵਿਭਾਗ, ਕਾਨੂੰਨ ਅਤੇ ਖੇਤੀਬਾੜੀ ਵਿਭਾਗ ਤੋਂ ਇਲਾਵਾ ਗੈਰ ਸਰਕਾਰੀ ਸੰਸਥਾਵਾਂ ਦੇ ਨੁੰਮਾਇਦੇ ਨੌਜਵਾਨ ਆਦਿ ਸ਼ਾਮਿਲ ਕੀਤੇ ਗਏ ਹਨ। ਇਸ ਐਕਟ ਦੀ ਉਲੰਘਣਾ ਕਰਕੇ ਵਪਾਰ ਕਰਨ ਅਤੇ ਉਤਪਾਦਨ ਵੇਚਣ ਵਾਲੇ ਵਿਅਕਤੀ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜਾ ਅਤੇ 1000/- ਰੁਪਏ ਜੁਰਮਾਨਾ ਹੋ ਸਕਦਾ ਹੈ ਅਤੇ ਦੁਬਾਰਾ ਪਕੜੇ ਜਾਣ ਤੇ 5 ਸਾਲ ਤੱਕ ਦੀ ਕੈਦ ਅਤੇ 5000/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਨੁਸਾਰ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਨੂੰ 200/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਨੁਸਾਰ ਪੰਜਾਬ ਸਰਕਾਰ ਨੇ ਕਾਰਵਾਈ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 21/51/95-5 ਐਚ ਬੀ ਵੀ /1022 ਮਿਤੀ 24 ਮਈ 2010 ਨੂੰ ਪੰਜਾਬ ਦੇ ਰਾਜਪਾਲ ਵਲੋਂ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਇਸ ਐਕਟ ਅਧੀਨ ਲੱਗਭੱਗ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਹਨ। ਇਸ ਅਨੁਸਾਰ ਰਾਜ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਕਿਸੇ ਵਿ-ਦਅਕ ਅਦਾਰੇ ਦੇ 100 ਗਜ਼ ਘੇਰੇ ਵਿੱਚ ਆਂਦੇ ਤੰਬਾਕੂ ਉਤਪਾਦਨ ਵੇਚਣ ਵਾ਼ਲੀਆਂ ਦੁਕਾਨਾ ਹਟਾ ਦਿੱਤੀਆਂ ਗਈਆਂ ਹਨ। ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਉਹ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਮਨਾਹੀ ਬੌਰਡ ਲਗਾਉਣੇ ਯਕੀਨੀ ਬਣਾਉਣ। ਇਸ ਸਬੰਧੀ ਹੋਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਫੂਡ ਸੇਫਟੀ ਕਮਿਸ਼ਨਰ ਕਮ ਸਕੱਤਰ ਨੇ ਪੱਤਰ ਨੰਬਰ 11/10/12-3 ਐਚ ਬੀ 4/2524 ਮਿਤੀ 05.09.2012 ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਤੰਬਾਕੂ, ਪਾਨ ਮਸਾਲਾ ਅਤੇ ਨਿਕੋਟੀਨ ਯੁਕਤ ਪਦਾਰਥਾਂ ਦੇ ਉਤਪਾਦਨ, ਸਟੋਰ ਕਰਨ ਅਤੇ ਵਿਕਰੀ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਸਾਲ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਆਬਾਦੀ 2.75 ਕਰੋੜ ਹੈ ਜਿਸ ਵਿੱਚੋਂ 12ਗ਼ ਆਬਾਦੀ ਭਾਵ ਲੱਗਭੱਗ 33 ਲੱਖ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਪੰਜਾਬ ਨੂੰ ਤੰਬਾਕੂ ਮੁਕਤ ਰਾਜ ਬਣਾਉਣ ਦੀ ਮੁਹਿੰਮ ਅਧੀਨ 31 ਮਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਪੰਜਾਬ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਸੀ ਅਤੇ ਮਿਤੀ 6 ਜੁਲਾਈ 2011 ਨੂੰ ਸਾਹਿ-ਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਸਮੋਕ ਫਰੀ ਬਣਾਉਣ ਲਈ ਮੁਹਿੰਮ ਚਲਾਈ ਗਈ ਅਤੇ 23 ਫਰਵਰੀ 2012 ਨੂੰ ਰਾਜ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਇਸ ਸਬੰਧੀ ਕਾਰਵਾਈ ਕਰਦਿਆਂ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾ-ਲਿਆਂ ਖਿਲਾਫ ਕਾਰਵਾਈ ਸ਼ੁਰੂ ਕੀਤੀ ਗਈ ਹੈ ਅਤੇ ਚਲਾਨ ਕੱਟੇ ਜਾ ਰਹੇ ਹਨ। ਪੰਜਾਬ ਵਿੱਚ ਐਂਟੀ ਤੰਬਾਕੂ ਟਾਸਕ ਫੋਰਸ ਬਣਾਈ ਗਈ ਹੈ ਜੋ ਕਿ ਸਰਵਜਨਕ ਸਥਾਨਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਦੀ ਹੈ। ਸਰਕਾਰੀ ਰਿਪੋਰਟ ਅਨੁਸਾਰ ਪੰਜਾਬ ਵਿੱਚ 2008 ਤੋਂ ਲੈ ਕੇ 2013 ਤੱਕ 21450 ਚਲਾਨ ਕੱਟੇ ਗਏ ਹਨ, ਸਾਲ 2013-2014 ਵਿੱਚ 24463, 2014-2015 ਵਿੱਚ 25247, 2015-2016 ਵਿੱਚ 20910, 2016-2017 ਵਿੱਚ 26909, 2017-2018 ਵਿੱਚ 25139 ਅਤੇ ਸਾਲ 2018 ਵਿੱਚ ਨਵੰਬਰ, 2018 ਤੱਕ 14556 ਚਲਾਨ ਕੱਟੇ ਗਏ ਹਨ। ਪੰਜਾਬ ਸਰਕਾਰ ਵਲੋਂ ਸੂਬੇ ਵਿੱਚ 729 ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸ਼ਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੀਤੇ ਗਏ ਕੰਮਾਂ ਕਾਰਨ ਹੀ ਵਿਸ਼ਵ ਸਿਹਤ ਸੰਗਠਨ ਵਲੋਂ 2015 ਵਿੱਚ ਵਿਸ਼ੇਸ ਤੋਰ ਤੇ ਸਨਮਾਨਿਤ ਕੀਤਾ ਗਿਆ ਹੈ।

ਪੰਜਾਬ ਦੀ ਕੁੱਲ ਆਬਾਦੀ ਵਿੱਚੋਂ 33 ਲੱਖ ਦੀ ਆਬਾਦੀ ਤੰਬਾਕੂ ਦਾ ਸੇਵਨ ਕਰਦੀ ਹੈ ਜਦਕਿ ਚਲਾਨ ਸਿਰਫ 158674 ਹੀ ਕੱਟੇ ਗਏ ਹਨ। ਇਸਤੋਂ ਪਤਾ ਲੱਗਦਾ ਹੈ ਕਿ ਚਲਾਨ ਕੱਟ ਕੇ ਸਿਰਫ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ ਅਤੇ ਸਰਕਾਰ ਤੰਬਾਕੂਨੋਸ਼ੀ ਤੇ ਪਾਬੰਦੀ ਸਬੰਧੀ ਉਦਾਸੀਨ ਰਵੱਈਆ ਅਪਨਾ ਰਹੀ ਹੈ। ਭਾਵੇਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਦਫ਼ਤਰਾਂ, ਬੱਸਾਂ ਅਤੇ ਹੋਰ ਸਰਵਜਨਕ ਥਾਵਾਂ ਤੇ ਸਿਗਰਟ, ਬੀੜੀ ਪੀਣ ਉੱਤੇ ਪਾਬੰਦੀ ਲਗਾਈ ਹੈ ਪਰ ਇਸ ਉਤੇ ਬਹੁਤ ਘੱਟ ਅਮਲ ਹੋ ਰਿਹਾ ਹੈ।

ਅਜੇ ਵੀ ਦਫ਼ਤਰਾਂ, ਬੱਸਾਂ, ਰੇਲਾਂ ਅਤੇ ਸਰਵਜਨਕ ਥਾਵਾਂ ਤੇ ਸਿਗਰਟ ਅਤੇ ਬੀੜੀਆਂ ਪੀਤੀਆਂ ਜਾਂਦੀਆ ਹਨ। ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸਦੀ ਵਰਤੋਂ ਤੇ ਮੁਕੰਮਲ ਪਬੰਦੀ ਲਗਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ। ਸਰਕਾਰ ਨੂੰ ਸਵੈ-ਸੇਵੀ ਸੰਸਥਾਵਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਨਾਲ ਲੈਕੇ ਤੰਬਾਕੂ ਅਤੇ ਹੋਰ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ।




# ਜਰਖੜ ਖੇਡਾਂ- 9ਵਾਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ

## ਸੀਨੀਅਰ ਵਰਗ ਵਿੱਚ ਫਰਿਜ਼ਨੋ ਫੀਲਡ ਹਾਕੀ ਕਲੱਬ, ਜੂਨੀਅਰ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਸੈਮੀਫਾਈਨਲ 'ਚ ਪੁੱਜੇ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਸਟ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ ਨੌਵੇਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 7ਵੇਂ ਦਿਨ ਜਿੱਥੇ ਫਰਿਜਨੋ ਫੀਲਡ ਹਾਕੀ ਕਲੱਬ ਅਤੇ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਆਪੋ ਆਪਣੇ ਵਰਗਾਂ ਵਿੱਚ ਸੈਮੀਫਾਈਨਲ 'ਚ ਆਪਣੀ ਜਗ੍ਹਾ ਪੱਕੀ ਕੀਤੀ। ਉੱਥੇ ਗਰੇਵਾਰ ਕਲੱਬ ਕਿਲਾ ਰਾਏਪੁਰ ਨੇ ਸ਼ੇਰੇ ਸੁਲਤਾਨਪੁਰ ਨੂੰ 18-1 ਨਾਲ ਹਰਾ ਕੇ ਕੁਆਟਰ ਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ।

ਜਰਖੜ ਖੇਡ ਸਟੇਡੀਅਮ ਵਿਖੇ ਫਲੱਡ ਲਾਇਟਾਂ ਦੀ ਰੌਸ਼ਨੀ ਵਿੱਚ ਖੇਡੇ ਜਾ ਰਹੇ ਇਸ ਫੈਸਟੀਵਲ ਦੇ ਪਹਿਲੇ ਮੁਕਾਬਲੇ ਵਿਚ ਫਰਿਜਨੋ ਫੀਲਡ ਹਾਕੀ ਕਲੱਬ ਨੇ ਬਹੁਤ ਹੀ ਫਸਵੇ ਅਤੇ ਰੋਮਾਂਚਿਕ ਮੁਕਾਬਲੇ ਵਿਚ ਅਕਾਲਗੜ੍ਹ ਨੂੰ 6-3 ਨਾਲ ਹਰਾ ਕੇ ਆਖਰੀ ਚਾਰਾਂ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਜੇਤੂ ਟੀਮ ਵੱਲੋਂ ਗੁਰਸਤਿੰਦਰ ਸਿੰਘ ਪਰਗਟ ਨੇ ਅਤੇ ਲਵਜੀਤ ਸਿੰਘ ਨੇ 2-2, ਹੁਕਮ ਸਿੰਘ ਅਤੇ ਜੁਗਿੰਦਰ ਸਿੰਘ ਨੇ 1-1 ਗੋਲ ਕੀਤਾ। ਜਦੋਂ ਕਿ ਅਕਾਲਗੜ੍ਹ ਵੱਲੋਂ ਕੁਲਵਿੰਦਰ ਸਿੰਘ ਨੇ 2 ਦਲਜੀਤ ਸਿੰਘ ਨੇ 1 ਗੋਲ ਕੀਤਾ।

ਸੀਨੀਅਰ ਵਰਗ ਦੇ ਹੀ ਦੂਸਰੇ ਮੁਕਾਬਲੇ ਵਿੱਚ ਗਰੇਵਾਲ ਕਲੱਬ ਕਿਲਾ ਰਾਏਪੁਰ ਨੇ ਸ਼ੇਰੇ ਸੁਲਤਾਨਪੁਰ ਕਲੱਬ ਖਿਲਾਫ਼ ਮੈਚ ਨੂੰ ਇੱਕ ਤਰਫਾ ਕਰਦਿਆਂ 18-1 ਦੀ ਕਰਾਰੀ ਮਾਤ ਦਿੱਤੀ। ਜੂਨੀਅਰ ਵਰਗ ਅੰਡਰ 17 ਸਾਲ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਕਿਲਾ ਰਾਏਪੁਰ ਸਕੂਲ ਨੂੰ ਇੱਕ ਫਸਵੇਂ ਮੁਕਾਬਲੇ 'ਚ 6-5 ਨਾਲ ਹਰਾ ਕੇ ਸੈਮੀਫਾਈਨਲ 'ਚ ਆਪਣੀ ਜਗ੍ਹਾ ਬਣਾਈ।




ਅੱਜ ਦੇ ਮੈਚਾਂ ਦੌਰਾਨ ਕਮਲਜੀਤ ਸਿੰਘ ਬਰਾੜ ਜਨਰਲ ਸਕੱਤਰ ਪੰਜਾਬ ਯੂਥ ਕਾਂਗਰਸ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਸ. ਬਰਾੜ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਬੋਲਦਿਆਂ ਆਖਿਆ ਜਰਖੜ ਖੇਡ ਸਟੇਡੀਅਮ ਪੰਜਾਬ ਦੇ ਖੇਡ ਸੱਭਿਆਚਾਰ ਦੀ ਇੱਕ ਵਿਰਾਸਤ ਬਣ ਚੁੱਕਾ ਹੈ। ਪੰਜਾਬ ਸਰਕਾਰ ਇਸ ਸਟੇਡੀਅਮ ਅਤੇ ਜਰਖੜ ਹਾਕੀ ਅਕੈਡਮੀ ਦੀ ਬਿਹਤਰੀ ਲਈ ਹਰ ਤਰ੍ਹਾਂ ਦੀ ਮਦਦ ਕਰੇਗੀ। ਇਸ ਮੌਕੇ ਜਰਖੜ ਖੇਡ ਟਰੱਸਟ ਦੇ ਪ੍ਰਬੰਧਕਾਂ ਵੱਲੋਂ ਕਮਲਜੀਤ ਸਿੰਘ ਬਰਾੜ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਗੁਰਜੀਤ ਸਿੰਘ ਚੂਹੜਚੱਕ ਕੋਲਕਾਤਾ, ਸਰਪੰਚ ਰਣਬੀਰ ਸਿੰਘ ਮਹਿਮੀ ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਟੀਮਾਂ ਨਾਲ ਜਾਣ-ਪਹਿਚਾਣ ਕੀਤੀ। ਮੁੱਖ ਪ੍ਰਬੰਧ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਇਸ ਮੌਕੇ ਜਸਪਾਲ ਸਿੰਘ ਸ਼ੰਕਰ, ਜਸਪ੍ਰੀਤ ਸਿੰਘ ਕਿਸ਼ਨਗੜ੍ਹ, ਮਨਪ੍ਰੀਤ ਸਿੰਘ ਮਾਨ, ਗੁਰਪ੍ਰੀਤ ਸਿੰਘ ਬੇਰ ਕਲਾਂ, ਰਣਜੀਤ ਸਿੰਘ ਦੁਲੇਅ, ਅਜੀਤ ਸਿੰਘ ਲਾਦੀਆਂ, ਗੁਰਮਨਪ੍ਰੀਤ ਸਿੰਘ ਚੂਹੜਚੱਕ, ਗੁਰਦੀਪ ਸਿੰਘ ਲੁਧਿਆਣਾ, ਸ਼ਿੰਗਾਰਾ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ ਆਦਿ ਹੋਰ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਜਗਰੂਪ ਸਿੰਘ ਜਰਖੜ ਨੇ ਦੱਸਿਆ ਇਸ ਹਾਕੀ ਫੈਸਟੀਵਲ ਦੇ 29 ਮਈ ਨੂੰ ਅੰਡਰ 17 ਦੇ ਸੈਮੀਫਾਈਨਲ ਮੁਕਾਬਲੇ ਪੀਪੀਐੱਸ ਨਾਭਾ ਬਨਾਮ ਘਵੱਦੀ ਸਕੂਲ, ਦੂਸਰਾ ਮੈਚ ਜਰਖੜ ਅਕੈਡਮੀ ਬਨਾਮ ਅਮਰਗੜ੍ਹ ਸਕੂਲ, ਇਸ ਤੋਂ ਇਲਾਵਾ ਸੀਨੀਅਰ ਵਰਗ ਦੇ ਕੁਆਟਰ ਫਾਈਨਲ ਮੁਕਾਬਲੇ ਕਿਲਾ ਰਾਏਪੁਰ ਬਨਾਮ ਜੰਗ ਕਲੱਬ ਉਟਾਲਾਂ, ਆਖਰੀ ਮੈਚ ਅਮਰਗੜ੍ਹ ਬਨਾਮ ਅਜ਼ਾਦ ਕਲੱਬ ਹਠੂਰ ਵਿਚਕਾਰ ਮੈਚ ਖੇਡੇ ਜਾਣਗੇ। ਜਦੋਂ ਕਿ 30 ਮਈ ਨੂੰ ਸਬ ਜੂਨੀਅਰ ਦੇ ਕੁਆਟਰ ਫਾਈਨਲ ਅਤੇ ਸੈਮੀਫਾਈਨਲ ਮੁਕਾਬਲੇ ਹੋਣਗੇ।

# 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ'

(ਸਫਾ 15 ਦੀ ਬਾਕੀ)

ਤੇ ਜਥੇਬੰਦੀਆਂ ਭਾਰਤ ਦੀ ਆਜ਼ਾਦੀ ਲਈ ਲੜੀ ਗਈ, ਇਸ ਹਥਿਆਰਬੰਦ ਲੜਾਈ ਨੂੰ ਨਿਰੋਲ 'ਸਿੱਖ ਲਹਿਰ' ਦੀ ਰੰਗਤ ਦੇ ਕੇ ਦੇਖਣ ਤੇ ਕਹਿਣ ਲੱਗ ਪਏ ਹਨ, ਜਿਸ ਨੂੰ ਕਦੀ ਵੀ ਤੇ ਕਿਸੇ ਵੀ ਤਰ੍ਹਾਂ ਇਤਿਹਾਸਕ ਤੇ ਠੀਕ ਨਹੀਂ ਮੰਨਿਆ ਜਾ ਸਕਦਾ, ਹਾਂ ਇਹ ਗੱਲ ਜ਼ਰੂਰ ਦਰੁੱਸਤ ਹੈ ਕਿ ਇਸ 'ਗਦਰ ਅੰਦੋਲਨ' 'ਚ ਭਾਰਤ ਨੂੰ ਆਜ਼ਾਦ ਕਰਾਉਣ ਲਈ, ਪੰਜਾਬੀ ਸਿੱਖ ਨੌਜਵਾਨਾਂ ਦੀਆਂ ਕੁਰਬਾਨੀਆਂ ਦੇਣ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਸ 'ਗਦਰ ਅੰਦੋਲਨ' 'ਚ ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ 'ਚ ਰਹਿੰਦੇ ਸਭ ਵਰਗਾਂ ਦੇ ਹਜ਼ਾਰਾਂ ਲੋਕਾਂ ਨੇ ਹੱਸਦੇ-ਰੱਸਦੇ ਆਪਣੀ ਜਾਨ ਨਸ਼ਾਵਰ ਕੀਤੀ ਸੀ। ਦੇਸ਼ ਦੇ ਅਜਿਹੇ ਨੌਜਵਾਨਾਂ ਵਿਚੋਂ ਸ਼ਹੀਦ ਸਰਦਾਰ ਕਰਤਾਰ ਸਿੰਘ ਜੀ ਸਰਾਭਾ ਦਾ ਨਾਮ ਸਿਰਮੌਰ ਹੈ। ਸਰਾਭਾ ਜੀ ਦਾ ਨਾਮ ਆਉਂਦਿਆਂ ਹੀ ਇਕ ਅਜਿਹੇ ਸੁਤੰਰਤਤਾ ਸੈਨਾਨੀ ਦਾ ਨਾਂ ਸਾਹਮਣੇ ਆਉਂਦਾ ਹੈ, ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕ੍ਰਾਂਤੀ ਦਾ ਰਸਤਾ ਚੁਣਿਆ ਤੇ ਫਾਂਸੀ ਨੂੰ ਹੱਸਦੇ-ਹੱਸਦੇ ਸਵੀਕਾਰ ਕੀਤਾ। ਸਰਾਭਾ ਨੇ ਉਸ ਸਮੇਂ ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ ਵਿਚ ਵੱਸਦੇ ਭਾਰਤੀ ਨੌਜਵਾਨਾਂ ਦੇ ਦਿਲਾਂ 'ਚ ਜੋ ਕ੍ਰਾਂਤੀ ਦੀ ਮਿਸਾਲ ਜਗਾਈ ਸੀ, ਉਸਨੂੰ ਅਦੁੱਤੀ ਮੰਨਿਆ ਜਾਂਦਾ ਹੈ। ਸਰਾਭਾ ਜੀ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਰਸਤਾ ਹੀ ਸਭ ਤੋਂ ਵਧੀਆ ਮੰਨਿਆ ਤੇ ਖੁਦ ਵੀ ਇਸੇ ਰਸਤੇ 'ਤੇ ਚੱਲਦੇ ਹੋਏ, ਸ਼ਹੀਦ ਹੋਏ ਤੇ ਆਪਣੇ ਆਪ ਨੂੰ ਸ਼ਹੀਦ-ਏ-ਆਜ਼ਮ ਅਖਵਾਇਆ ਪਰ ਇੱਥੇ ਇਹ ਵੀ ਕਹਿਣਾ ਜ਼ਰੂਰੀ ਹੈ ਕਿ ਇਹਨਾਂ ਗਦਰੀ ਯੋਧਿਆਂ ਨੇ ਜਿਸ ਤਰ੍ਹਾਂ ਦਾ ਆਪਣੇ ਦੇਸ਼ ਨੂੰ ਸਿਰਜਣ ਦਾ ਸੁਪਨਾ ਲਿਆ ਸੀ, ਉਹ ਪੂਰਾ ਨਹੀਂ ਹੋਇਆ। ਅੱਜ ਭਾਰਤ ਦੇਸ਼ 'ਚ 40 ਪ੍ਰਤੀਸ਼ਤ ਤੋਂ ਉਪਰ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਸਰ ਕਰ ਰਹੇ ਹਨ। 'ਭ੍ਰਿਸ਼ਟ ਰਾਜਨੀਤਿਕ ਲੋਕ' ਤੇ 'ਆਪੇ ਬਣੇ ਰੱਬ', ਸਾਧ-ਫਕੀਰ ਧਰਮਾਂ ਦੇ ਨਾਂ 'ਤੇ ਦੋਹਾਂ ਹੱਥਾਂ ਨਾਲ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਗੁੰਮਰਾਹ ਤੇ ਮੂਰਖ ਬਣਾ ਕੇ, ਲੁੱਟ ਕੇ ਅਮੀਰ ਹੋਈ ਜਾ ਰਹੇ ਹਨ ਤੇ ਇਹੀ ਲੋਕਾਂ ਦੀ ਵਿਗਿਆਨਕ ਸੋਚ ਬਣਨ 'ਚ ਵੱਡਾ ਰੋੜਾ ਬਣੀ ਬੈਠੇ ਹਨ। ਅੱਜ ਅਜਿਹੇ ਲੋਕਾਂ ਦੇ ਵਿਰੁੱਧ ਲਾਮਬੰਦ ਹੋਣ ਦਾ ਸਮਾਂ ਹੈ ਤਾਂ ਜੋ ਗਦਰੀ ਬਾਬਿਆਂ ਦੇ ਆਪਣੇ ਦੇਸ਼ ਪ੍ਰਤੀ ਸੰਜੋਏ ਗਏ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਅੱਜਕਲ੍ਹ ਦੇ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਦੀਵਾਨਿਆਂ ਦੀ ਪ੍ਰੇਰਨਾ ਦਾ ਇਕ ਕਹਾਣੀਆਂ ਜਾਨਣ ਤੇ ਸਮਝਾਉਣ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ਰੂਰਤ ਹੈ।

ਭਾਰਤ ਸਰਕਾਰ ਨੂੰ ਵੀ ਅਜਿਹੇ ਸ਼ਹੀਦ ਸੂਰਬੀਰ ਯੋਧਿਆਂ ਦੀ ਯਾਦ 'ਚ ਡਾਕ ਟਿਕਟ ਵੀ ਜਾਰੀ ਕਰਨੀ ਚਾਹੀਦੀ ਹੈ ਤਾਂ ਜੋ ਉਹਨਾਂ ਦੀ ਕੁਰਬਾਨੀ ਨੂੰ ਸਦਾ ਲਈ ਯਾਦ ਰੱਖਿਆ ਜਾ ਸਕੇ। ਇਹ ਉਹਨਾਂ ਲਈ ਇਕ ਸੱਚੀ-ਸੁੱਚੀ ਸ਼ਰਧਾਂਜਲੀ ਵੀ ਹੋਵੇਗੀ। ਮੈਂ ਸਮੁੱਚੇ ਭਾਰਤ ਵਾਸੀਆਂ ਨੂੰ ਜੋ ਦੇਸ਼ਾਂ ਤੇ ਵਿਦੇਸ਼ਾਂ ਵਿਚ ਰਹਿੰਦੇ ਹਨ, ਉਹਨਾਂ ਦੇ 123ਵੇਂ ਜਨਮ ਦਿਨ 'ਤੇ ਲੱਖ-ਲੱਖ ਵਧਾਈ ਦਿੰਦਾ ਹਾਂ।

# ਮੁਸਲਮਾਨਾਂ, ਸਿੱਖਾਂ, ਈਸਾਈਆਂ, ਬੋਧੀਆਂ ਦਾ ਕਤਲੇਆਮ ਕਿਉਂ?

ਭਾਰਤ ਨੂੰ ਅੰਗਰੇਜ਼ਾਂ ਹੱਥੋਂ ਆਜ਼ਾਦ ਹੋਇਆਂ 70 ਸਾਲ ਹੋਣ ਬਾਵਜੂਦ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਜਾਤਾਂ, ਧਰਮਾਂ, ਬੋਲੀਆਂ ਬੋਲਣ ਵਾਲਿਆਂ ਵੱਲੋਂ ਇਹ ਸ਼ਿਕਾਇਤ ਕੀਤੀ ਜਾ ਰਹੀ ਹੈ ਕਿ ਉਹਨਾਂ ਨੂੰ ਕੋਈ ਆਜ਼ਾਦੀ ਦਾ ਆਰਾਮ ਨਹੀਂ ਮਿਲਿਆ। ਉਹਨਾਂ ਦੀ ਖੁਸ਼ਹਾਲੀ ਅਤੇ ਸਵੈਮਾਨ ਦਿਨੋਂ ਦਿਨ ਖੁਰਦਾ ਜਾ ਰਿਹਾ ਹੈ। ਉਹ ਲੋਕ ਕੌਣ ਹਨ, ਜਿਹਨਾਂ ਦਾ ਆਜ਼ਾਦ ਦੇਸ਼ ਦੇ ਨਾਗਰਿਕ ਹੁੰਦਿਆਂ ਵੀ ਖੁਸ਼ਹਾਲੀ ਅਤੇ ਸਵੈਮਾਨ ਦਿਨੋਂ-ਦਿਨ ਖੁਰ ਰਿਹਾ ਹੈ। ਉਹ ਲੋਕ ਕੌਣ ਹਨ ਜੋ ਇਸ ਦੇ ਜ਼ਿੰਮੇਵਾਰ ਹਨ?

ਮੋਟੇ ਤੌਰ 'ਤੇ ਅਨੁਸੂਚਿਤ ਜਾਤੀਆਂ ਇਸ ਜ਼ੁਲਮ ਦਾ ਸ਼ਿਕਾਰ ਹਨ। ਹਿੰਦੂ ਚਤੁਰ ਵਰਣ-ਵਿਵਸਥਾ ਅਨੁਸਾਰ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਦੇ ਹੱਥ ਰਾਜ-ਸੱਤਾ ਹੈ, ਉਹਨਾਂ ਸਦੀਆਂ ਤੋਂ ਦੇਸ਼ ਦੇ ਆਦਿਵਾਸੀਆਂ, ਜਿਹਨਾਂ ਨੂੰ ਮੌਜੂਦਾ ਸੰਵਿਧਾਨ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ-ਜਾਤੀਆਂ ਕਿਹਾ ਗਿਆ ਹੈ ਅਤੇ ਜੋ ਬਾਕੀ ਦੀਆਂ ਆਦਿਵਾਸੀ ਜਾਤਾਂ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਲਿਸਟ ਵਿਚ ਰੱਖਿਆ ਹੈ। ਉਸ ਤੋਂ ਬਿਨਾਂ ਜੱਟ, ਕਾਇਸਥ ਆਦਿ ਨੂੰ ਕੁਚਲਿਆ। ਸੰਵਿਧਾਨ ਵਿਚ ਦਰਜ ਐਸ. ਸੀ., ਐਸ. ਟੀ. ਅਤੇ ਪੱਛੜੀਆਂ ਸ਼੍ਰੇਣੀਆਂ, ਜੱਟ, ਕਾਇਸਥ ਨੂੰ ਹਿੰਦੂਆਂ ਨੇ ਏਨਾ ਨਹੀਂ ਦਰੜਿਆ ਜਿੰਨਾ ਇਹ ਵਿੱਦਿਆ ਅਤੇ ਸੋਝੀ ਦੀ ਅਣਹੋਂਦ ਕਾਰਨ ਆਪਸ ਵਿਚ ਇਕ ਦੂਜੇ ਦੀਆਂ ਦੁਸ਼ਮਣ ਬਣੀਆਂ ਜਾਂ ਬਣਾਈਆਂ ਗਈਆਂ ਹਨ। ਕੀ ਇਹ ਵਰਣ ਇਤਿਹਾਸਕ ਤੌਰ 'ਤੇ ਇਕ ਹਨ? ਇਸ ਬਾਰੇ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਇਹ ਸਾਰੇ ਸਕੇ ਭੈਣ-ਭਰਾ ਹੀ ਹਨ ਪਰ ਸਮੇਂ ਦੇ ਥਪੇੜਿਆਂ ਨੇ ਇਹਨਾਂ ਨੂੰ ਆਪਣਾ ਪਿਛੋਕੜ ਭੁਲਾ ਦਿੱਤਾ ਜਾਂ ਜਿਹੜੀ ਜਾਤੀ ਕੋਲ ਜ਼ਰਾ ਜਿਹਾ ਧਨ, ਧਰਤੀ ਆ ਗਏ ਤਾਂ ਆਪਣੇ ਮੂਲ ਨੂੰ ਛੱਡ ਕੇ ਆਪਣੇ ਪਿੱਛੇ, ਰਾਜਪੂਤਾਂ, ਕਸ਼ੱਤਰੀਆਂ, ਬ੍ਰਾਹਮਣਾਂ ਨਾਲ ਜੋੜਨ ਲੱਗ ਪਏ। ਸ਼ਿਵਾ ਜੀ ਮਰਹੱਟਾ, ਮਹਾਰਾਜਾ ਰਣਜੀਤ ਸਿੰਘ, ਰਾਣਾ ਪ੍ਰਤਾਪ ਅਤੇ ਅਸ਼ੋਕ ਆਦਿ ਨੂੰ ਰਾਜ-ਸੱਤਾ ਦੱਬੇ ਕੁਚਲੇ ਲੋਕਾਂ ਨੇ ਦਿਵਾਈ ਪਰ ਉਹ ਪਰੋਹਿਤਾਂ ਨੂੰ ਵੱਢੀਆਂ ਦੇ ਕੇ ਉੱਚ ਜਾਤੀਏ ਬਣ ਗਏ। ਪਰ ਹੋਇਆ ਕੀ? 'ਕਊਆ ਚਲਾ ਹੰਸ ਕੀ ਚਾਲ, ਆਪਣੀ ਭੀ ਭੂਲ ਗਿਆ।' ਜਿਹੜੇ ਬ੍ਰਾਹਮਣਾਂ ਨੇ ਵੱਢੀ ਲੈ ਕੇ ਸ਼ਿਵਾ ਜੀ ਨੂੰ ਰਾਜ ਤਿਲਕ ਲਾਇਆ, ਉਹਨਾਂ ਨੇ ਹੀ ਉਸ ਦੀ ਔਲਾਦ ਤੋਂ ਰਾਜ ਖੋਹ ਕੇ ਪੇਸ਼ਵਾ ਰਾਜ ਸਥਾਪਤ ਕੀਤਾ। ਜਿਹਨਾਂ ਬ੍ਰਾਹਮਣਾਂ ਤੇਜਾ ਸਿੰਘ, ਲਾਲ ਸਿੰਘ ਅਤੇ ਡੋਗਰਿਆਂ ਹਰੀ ਸਿੰਘ, ਧਿਆਨ ਸਿੰਘ ਨੇ ਪੰਜ ਕਕਾਰ ਧਾਰਨ ਕਰਕੇ ਮੰਤਰੀ ਬਣੇ, ਉਹਨਾਂ ਨੇ ਹੀ ਉਸੇ ਰਣਜੀਤ ਸਿੰਘ ਔਲਾਦ ਨੂੰ ਕੋਹ-ਕੋਹ ਕੇ ਮਰਵਾਇਆ ਅਤੇ ਉਸ ਦੇ ਬਚੇ ਪੁੱਤਰ ਦਲੀਪ ਸਿੰਘ ਨੂੰ ਈਸਾਈ ਬਣਾ ਦਿੱਤਾ ਅਤੇ ਆਪਣਾ ਮਤਲਬ ਸਿੱਧ ਹੋਣ ਤੇ ਕੇਸ ਦਾਹੜੀਆਂ ਕਟਵਾ ਕੇ ਹੁਣ ਡਾ. ਕਰਨ ਸਿੰਘ ਦੇ ਰੂਪ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਬਣ ਕੇ ਸਿੱਖਾਂ ਨੂੰ 'ਅੱਤਵਾਦੀ' ਕਹਿੰਦੇ ਹਨ। ਜਿਸ ਰਾਣਾ ਪ੍ਰਤਾਪ ਨੂੰ ਭਾਮਾ ਸ਼ਾਹ ਭੀਲ ਜਿਹਾਂ ਨੇ ਦੁਬਾਰਾ ਜਿੰਦਾ ਕੀਤਾ ਅਤੇ ਚਿਤੌੜ ਆਜ਼ਾਦ ਕਰਾ ਕੇ ਦਿੱਤਾ, ਉਹੀ ਭੀਲ ਅੱਜ ਗਧੀਲਿਆਂ ਦੇ ਰੂਪ ਵਿਚ ਦਰ-ਦਰ ਭਟਕ ਰਹੇ ਹਨ। ਜਿਸ ਅਸ਼ੋਕ ਨੇ ਕਲਿੰਗਾ ਦੀ ਲੜਾਈ ਵਿਚ ਲੱਖਾਂ ਆਦਿਵਾਸੀਆਂ ਨੂੰ ਕਤਲ ਕੀਤਾ ਅਤੇ ਫਿਰ ਔਰੰਗਜ਼ੇਬ ਵਾਂਗ ਧਰਮ ਦਾ ਬੁਰਕਾ ਪਾ ਕੇ ਪੁਰੋਹਿਤਾਂ ਨੂੰ ਖੁਸ਼ ਕਰਕੇ 'ਧਰਮ ਪੁਰਸ਼' ਬਣ ਗਿਆ ਪਰ ਉਸੇ ਅਸ਼ੋਕ ਦੇ ਖਾਨਦਾਨ ਦੇ ਰਾਜੇ ਬ੍ਰਹਦਰਥ ਨੂੰ ਉਸਦੇ ਬ੍ਰਾਹਮਣ ਮੰਤਰੀ ਪੁਸ਼ਯਮਿੱਤਰ ਨੇ ਕਤਲ ਕਰਕੇ ਬੋਧੀਆਂ ਦੇ ਰੂਪ ਵਿਚ ਸ਼ੂਦਰਾਂ ਦੇ ਸਿਰਾਂ ਦਾ ਮੁੱਲ ਪਾਇਆ।

ਸ਼ੂਦਰਾਂ ਦੀਆਂ ਕੁਰਬਾਨੀਆਂ ਦੇ ਪੌੜਿਆਂ 'ਤੇ ਚੜ੍ਹ ਕੇ ਬਾਅਦ ਵਿਚ ਸ਼ੂਦਰਾਂ ਦੀ ਹੀ ਖੁਸ਼ਹਾਲੀ ਅਤੇ ਸਵੈਮਾਨ ਨੂੰ ਨਸ਼ਟ ਕੀਤਾ ਅਤੇ ਬ੍ਰਾਹਮਣਵਾਦ ਦੀ ਖੁਸ਼ਹਾਲੀ ਅਤੇ ਸਵੈਮਾਣ ਨੂੰ ਚਾਰ ਚੰਦ ਲਾ ਕੇ ਧਰਮ ਪੁਰਸ਼ ਦੇ ਖਿਤਾਬ ਲਾਏ ਗਏ। ਅੱਜ ਕੀ ਹੋ ਰਿਹਾ ਹੈ? ਅੱਜ ਆਰੀਆ ਸਾਮਰਾਜਵਾਦ ਅਧੀਨ ਸਿੱਖਾਂ, ਮੁਸਲਮਾਨਾਂ, ਇਸਾਈਆਂ, ਬੋਧੀਆਂ ਦਾ ਕਤਲੇਆਮ ਹੋ ਰਿਹਾ ਹੈ? ਕਿਉਂਕਿ ਇਹਨਾਂ ਸਿੱਖਾਂ, ਮੁਸਲਮਾਨਾਂ, ਇਸਾਈ, ਬੋਧੀਆਂ ਦੇ ਰੂਪ ਵਿਚ ਛੁਪੇ ਸ਼ੂਦਰਾਂ ਨੂੰ ਆਰੀਆ ਰਾਜ ਪ੍ਰਬੰਧ ਮੁੜ ਸ਼ੂਦਰ ਬਣਾ ਕੇ ਚੌਥੇ ਦਰਜੇ ਦੇ ਨਾਗਰਿਕ ਬਣਾ ਕੇ ਚਤਰ ਵਰਣ ਵਿਵਸਥਾ ਲਾਗੂ ਕਰ ਰਿਹਾ ਹੈ। ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤ ਫਰੰਟ, ਦਲਿਤ-ਮੁਸਲਿਮ ਫਰੰਟ, ਦਲਿਤ-ਇਸਾਈ ਫਰੰਟ ਇਤਿਹਾਸ ਦੇ ਪਹੀਏ ਨੂੰ ਘੁੰਮਾ ਰਹੇ ਹਨ। ਪਰ ਹਕੀਕਤ ਇਹ ਹੈ ਕਿ ਇਹਨਾਂ ਧਰਮਾਂ ਵਿਚ ਗੈਰ-ਸ਼ੂਦਰ ਇਸ ਸੰਘਰਸ਼ ਵਿਚ ਆਰੀਆ ਨਾਲ ਜਾ ਮਿਲਣਗੇ ਅਤੇ ਇਹਨਾਂ ਧਰਮਾਂ ਵਿਚਲੇ ਸਾਬਕਾ-ਸ਼ੂਦਰ ਅਤੇ ਮੌਜੂਦਾ ਸ਼ੂਦਰ ਇਕ ਹੋ ਜਾਣਗੇ। ਇਸ ਤੋਂ ਪਹਿਲਾਂ ਕਿ ਅਜਿਹਾ ਹੋਵੇ, ਸਾਨੂੰ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਸੀਂ ਸ਼ੂਦਰ ਸਾਰੇ ਇਕੋ ਮਾਤਾ-ਪਿਤਾ ਦੀ ਔਲਾਦ ਹਾਂ ਅਤੇ ਇਕੋ ਨੂਰ ਤੋਂ ਪ੍ਰਗਟੇ ਹਾਂ।

ਇਸ ਪਿਛੋਕੜ ਨੂੰ ਜਾਨਣ ਲਈ ਅਸੀਂ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਜਾਰੀ ਲਿਸਟ ਤੋਂ ਸਿੱਧ ਕਰਾਂਗੇ ਕਿ ਨਾ ਸਿਰਫ਼ ਇਹ ਜਾਤਾਂ ਇਕੋ ਹੀ ਹਨ, ਸਗੋਂ ਬਹੁਤ ਜਗ੍ਹਾ ਤਾਂ ਇਕੋ ਜਾਤ ਨੇ ਵੱਖ-ਵੱਖ ਨਾਂ ਧਾਰਨ ਕਰ ਲਏ। ਅਸੀਂ ਇਹ ਸਿੱਧ ਕਰਨ ਲਈ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਪੱਛੜੀਆਂ ਸ਼੍ਰੇਣੀਆਂ ਦਰਅਸਲ ਵਿਚ ਸਾਬਕਾ ਅਛੂਤ ਜਾਂ ਅਨੁਸੂਚਿਤ ਜਾਤੀਆਂ ਹੀ ਹਨ, ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਵਿਚ ਅਨੁਸੂਚਿਤ ਜਾਤੀਆਂ ਦੀ ਜਾਰੀ ਲਿਸਟ ਦਾ ਸਹਾਰਾ ਲਵਾਂਗੇ ਅਤੇ ਜਾਤਾਂ ਦੀ ਉਤਪੱਤੀ ਸਬੰਧੀ ਪੁਸਤਕਾਂ ਦਾ ਵੀ ਸਹਾਰਾ ਲਵਾਂਗੇ।

ਪਹਿਲੋਂ ਅਸੀਂ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਘੋਸ਼ਿਤ ਕੀਤੀਆਂ ਜਾਤਾਂ ਨੂੰ ਅਨੁਸੂਚਿਤ ਜਾਤੀਆਂ ਸਿੱਧ ਕਰਾਂਗੇ। ਫਿਰ ਅਨੁਸੂਚਿਤ ਜਾਤੀਆਂ ਨੂੰ ਇਕ ਸਿੱਧ ਕਰਾਂਗੇ ਅਤੇ ਉਸ ਤੋਂ ਬਾਅਦ ਮੌਜੂਦਾ ਜੱਟਾਂ ਨੂੰ ਸ਼ੂਦਰ ਸਿੱਧ ਕਰਾਂਗੇ।

ਇਹਨਾਂ ਪੱਛੜੀਆਂ ਸ਼੍ਰੇਣੀਆਂ ਨੂੰ ਆਰਥਿਕ ਪੱਛੜੇਪਣ ਅਤੇ ਉਹਨਾਂ ਦੇ ਕਿੱਤੇ ਦੇ ਸਮਾਜਿਕ ਪੱਧਰ ਤੇ ਆਧਾਰ 'ਤੇ ਪੱਛੜੀਆਂ ਸ਼੍ਰੇਣੀਆਂ ਘੋਸ਼ਿਤ ਕੀਤਾ ਹੈ।

ਅਹੀਰੀਆ, ਅਹੀਰੀ, ਹੇਰੀ, ਨਾਇਕ, ਥੋਰੀ ਜਾਂ ਤੂਰੀ ਨੂੰ ਰਾਜਸਥਾਨ ਵਿਚ ਐਸ. ਸੀ. ਐਲਾਨਿਆ ਗਿਆ ਹੈ। (1) ਚੰਗਰ ਨੂੰ 1881 ਦੀ ਮਰਦਮਸ਼ੁਮਾਰੀ ਵਿਚ ਅਛੂਤ ਮੰਨਿਆ ਗਿਆ। (2ੳ) 1911 ਦੀ ਜਨਗਣਨਾ ਵਿਚ ਵੀ ਚੰਗਰ ਨੂੰ ਚਮਾਰ, ਚੂਹੜਾ ਆਦਿ ਜਾਤੀਆਂ ਨਾਲ ਅਛੂਤ ਮੰਨਿਆ ਗਿਆ ਹੈ। (2) ਐਚ. ਏ. ਰੋਜ਼ ਚੰਗਰਾਂ ਦਾ ਮੁੱਢ ਡੂਮ, ਮਿਰਾਸੀ, ਚੂਹੜਾ ਅਤੇ ਝੀਉਰ ਨਾਲ ਸਾਂਝਾ ਦੱਸਦਾ ਹੈ। (3) ਦੇਈਆ ਹਰਿਆਣੇ ਵਿਚ ਐਸ. ਸੀ. ਐਲਾਨੀ ਗਈ ਹੈ। (4) ਕੰਜਰ ਜਾਂ ਕੰਚਨ ਨੂੰ ਬਿਹਾਰ, ਰਾਜਸਥਾਨ, ਯੂ. ਪੀ., ਦਿੱਲੀ, ਪੱਛਮੀ ਬੰਗਾਲ ਵਿਚ ਐਸ. ਸੀ. ਐਲਾਨਿਆ ਹੈ। (5) ਕਈ ਜਗ੍ਹਾ ਕੰਜਰ ਜਾਤੀ ਨੂੰ ਬੰਗਾਲੀ ਵੀ ਕਿਹਾ ਜਾਂਦਾ ਹੈ। (6) ਐਸ. ਸੀ. ਐਲਾਨੀ ਸਾਸੀ ਜਾਤੀ ਨੂੰ ਰੋਹਤਕ ਇਲਾਕੇ ਵਿਚ ਕੰਜਰ-ਸਾਂਸੀ ਜਾਂ ਸਿਰਫ਼ ਕੰਜਰ ਵੀ ਕਿਹਾ ਜਾਂਦਾ ਹੈ। (7) 1911 ਈ: ਦੀ ਜਨਗਣਨਾ ਵਿਚ ਕੰਚਨ (ਕੰਜਰ) ਨੂੰ ਅਛੂਤ ਮੰਨਿਆ ਗਿਆ ਹੈ। (7ੳ) ਨਰ ਜਾਤੀ ਦਾਗੀ ਜਾਂ ਕੋਲੀ ਜਾਤੀ ਦਾ ਹੀ ਰੂਪ ਹੈ। (8) ਦਾਗੀ ਅਤੇ ਕੋਲੀ ਪੰਜਾਬ ਵਿਚ ਐਸ. ਸੀ. ਹਨ। (9) ਦਾਗੀ ਜਾਤੀ ਦਾ ਵਿਅਕਤੀ ਜੁੱਤੀਆਂ ਬਣਾਉਣ ਨਾਲ ਚਮਾਰ ਬਣ ਜਾਂਦਾ ਹੈ। (10) ਇਸ ਤਰ੍ਹਾਂ ਨਰ ਜਾਤੀ ਐਸ. ਸੀ. ਸਿੱਧ ਹੁੰਦੀ ਹੈ।

ਪੰਜਾਬ ਵਿਚ ਐਲਾਨੀ ਘੀਰਥ, ਚਾਂਗ, ਬਾਹਤੀ ਪੱਛੜੀ ਸ਼੍ਰੇਣੀ ਨੂੰ ਮੱਧ ਭਾਰਤ ਵਿਚ ਕੁਰਮੀ ਕਿਹਾ ਜਾਂਦਾ ਹੈ। (11) ਇਬਿਸਟਨ ਨੇ ਕੁਰਮੀ ਨੂੰ ਕੋਰੀ ਤੇ ਪਾਸੀ ਸਮਾਨ ਕੰਮੀ ਮੰਨਿਆ ਹੈ। (12) ਕੋਰੀ ਅਤੇ ਪਾਸੀ ਪੰਜਾਬ ਵਿਚ ਐਸ. ਸੀ. ਐਲਾਨੀਆ ਹਨ। (13) ਇਸ ਤਰ੍ਹਾਂ ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ ਐਲਾਨੀਆਂ ਘੀਰਥ, ਚਾਂਗ, ਬਾਹਤੀ ਅਤੇ ਕੁਰਮੀ ਜਾਤਾਂ ਐਸ. ਸੀ. ਸਿੱਧ ਹੁੰਦੀਆਂ ਹਨ।

ਕਹਾਰ, ਝੀਂਦਵਰ, ਧੀਂਵਰ (ਲੜੀ ਨੰ: 13) ਭੜਭੁੱਜਾ, ਭੜਭੁੰਜਾ (ਲੜੀ ਨ: 29) ਧੀਮਰ, ਮਲਾਹ, ਕਸ਼ਯਪ ਰਾਜਪੂਤ (ਲੜੀ ਨੰ: 35) ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ ਐਲਾਨੀਆਂ ਹਨ। (14) 1911 ਈ: ਦੀ ਜਨਗਣਨਾ ਵਿਚ ਝੀਵਰ, ਕਹਾਰ, ਮਾਛੀ ਨੂੰ ਬਟਵਾਲ ਜਾਤੀ ਨਾਲ ਕੰਮੀ ਮੰਨਿਆ ਹੈ। (15) ਪੰਜਾਬ ਵਿਚ ਬਟਵਾਲ ਜਾਤੀ ਐਸ. ਸੀ. ਮੰਨੀ ਗਈ ਹੈ। ਐਸ. ਏ. ਰੋਜ਼ ਨੇ ਝੀਵਰ, ਕਹਾਰ, ਮਹਿਰਾ, ਮਾਛੀ, ਭਿਸਤੀ, ਮਾਛਕੀ, ਭਟਿਆਰਾ, ਭੜਭੁੰਜਾ, ਮਲਾਹ ਨੂੰ ਇਕੋ ਜਾਤੀ ਮੰਨਿਆ ਹੈ। (16) ਰੋਜ਼ ਨੇ ਝੀਵਰ (ਝੀਉਰ) ਅਤੇ ਮਾਛੀ ਦਾ ਮੁੱਢ ਚੂਹੜਾ, ਮਿਰਾਸੀ ਅਤੇ ਚੰਗਰ ਜਾਤੀ ਨਾਲ ਦੱਸਿਆ ਹੈ। (17) ਇਸ ਤਰ੍ਹਾਂ ਕਹਾਰ, ਝੀਂਦਵਰ, ਧੀਂਵਰ, ਭੜਭੁੰਜਾ, ਭੜਭੁੱਜਾ, ਧੀਮਰ, ਮਲਾਹ, ਕਸ਼ਯਪ ਰਾਜਪੂਤ ਐਸ. ਸੀ. ਸਿੱਧ ਹੁੰਦੇ ਹਨ। ਐਸ. ਸੀ. ਲਿਸਟ ਵਿਚ ਵੀ ਤ੍ਰਿਪੁਰਾ 'ਚ ਕਹਾਰ ਅਤੇ ਦਿੱਲੀ ਵਿਚ ਮਲਾਹ ਵਜੋਂ ਇਸ ਜਾਤੀ ਨੂੰ ਸ਼ਾਮਲ ਕੀਤਾ ਗਿਆ ਹੈ। (18) ਪੰਜਾਬ ਵਿਚ ਐਲਾਨੀ ਇਕ ਹੋਰ ਪੱਛੜੀ ਸ਼੍ਰੇਣੀ ਘਾਸੀ, ਘਸਿਆਰਾ ਅਤੇ ਘੋਸੀ ਮੱਧ ਪ੍ਰਦੇਸ਼, ਉੜੀਸਾ, ਤ੍ਰਿਪੁਰਾ, ਪੱਛਮੀ ਬੰਗਾਲ ਅਤੇ ਮਹਾਂਰਾਸ਼ਟਰ ਵਿਚ ਐਸ. ਸੀ. ਐਲਾਨੀ ਗਈ ਹੈ। ਇਕ ਹੋਰ ਪੰਜਾਬ ਵਿਚਲੀ ਪੱਛੜੀ ਸ਼੍ਰੇਣੀ ਬਾਗੜੀ ਰਾਜਸਥਾਨ ਵਿਚ ਐਸ. ਸੀ. ਐਲਾਨੀ ਗਈ ਹੈ।

ਪੱਛੜੀ ਸ਼੍ਰੇਣੀ ਐਲਾਨੀ ਜੁਲਾਹਾ ਜਾਤੀ ਪੇਸ਼ਾਵਰ ਸ਼੍ਰੇਣੀ ਹੈ। ਇਸ ਬਾਰੇ ਸਾਨੂੰ ਐਚ. ਏ. ਰੋਜ਼ ਸਪਸ਼ਟ ਦੱਸਦੇ ਹਨ, ''ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕੋਲੀ-ਜੁਲਾਹੇ, ਚਮਾਰ-ਜੁਲਾਹੇ, ਮੋਚੀ-ਜੁਲਾਹੇ, ਰਮਦਾਸੀ-ਜੁਲਾਹੇ ਅਤੇ ਇਸੇ ਤਰ੍ਹਾਂ ਹੋਰ ਅਤੇ ਇਹ ਸੁਭਾਵਿਕ ਹੈ ਕਿ ਕੁਝ ਪੀੜ੍ਹੀਆਂ ਬਾਅਦ ਇਹ ਵਿਅਕਤੀ ਅਗਹਤਰ ਸ਼ਬਦ (ਕੋਲੀ, ਚਮਾਰ, ਮੋਚੀ, ਰਮਦਾਸੀ ਆਦਿ) ਹਟਾ ਦੇਣਗੇ, ਜਿਹੜੇ ਉਹਨਾਂ ਦੇ ਘਟੀਆ ਪਿਛੋਕੜ ਦੱਸਦੇ ਹਨ ਅਤੇ ਉਹ ਜੁਲਾਹੇ ਅਤੇ ਸਿਰਫ਼ ਜੁਲਾਹੇ ਬਣ ਜਾਣਗੇ। (19) ਜੁਲਾਹਾ ਵਰਗ ਨੂੰ ਹਿਮਾਚਲ ਪ੍ਰਦੇਸ਼, ਹਰਿਆਣਾ, ਜੰਮੂ ਕਸ਼ਮੀਰ, ਦਿੱਲੀ ਅਤੇ ਚੰਡੀਗੜ੍ਹ ਵਿਚ ਐਸ. ਸੀ. ਐਲਾਨਿਆ ਗਿਆ ਹੈ। (20) ਕੁਮਹਾਰ (ਲੜੀ ਨ: 20) ਠਠੇਰਾ, ਟਮੇਰਾ (ਲੜੀ ਨੰ: 47), ਨੂਨਗਰ (ਲੜੀ ਨੰ: 54) ਪੰਜਾਬ ਵਿਚ ਪੱਛੜੀ ਸ਼੍ਰੇਣੀ ਐਲਾਨੇ ਹਨ। (21) ਰੋਜ਼ ਨੇ ਕੁਮਹਾਰ, ਘੁਮਿਆਰ, ਘੁਮਾਰ, ਖੁਬਾਰ, ਕੁਭਾਰ, ਖੁਹਾਰ, ਕੁਬਾਰ, ਪਰਜਾਪਤ ਨੂੰ ਇਕ ਜਾਤੀ ਦੇ ਨਾਂ ਲਿਖਿਆ ਹੈ। (22) ਨੂਨਗਰ (23) ਅਤੇ ਕੁਲਾਲ ਜਾਂ ਕਲਾਲ ਵੀ ਇਸੇ ਜਾਤੀ ਦੇ ਨਾਂ ਹਨ। (24) ਕਲਾਲ ਨੂੰ ਆਹਲੂਵਾਲੀਆ ਵੀ ਕਿਹਾ ਜਾਂਦਾ ਹੈ। ਇਸ ਜਾਤੀ ਨੂੰ ਕੁਮਹਾਰ ਜੋ ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਵਿਚ ਠਠਿਆਰ, ਠਠੇਰਾ ਵਜੋਂ ਐਸ. ਸੀ. ਐਲਾਨਿਆ ਗਿਆ ਹੈ। (25) ਪੰਜਾਬ ਵਿਚ ਪੱਛੜੀ ਸ਼੍ਰੇਣੀ ਐਲਾਨੀ ਲਬਾਣਾ ਜਾਤੀ ਨੂੰ 1911 ਈ: ਦੀ ਜਨਗਣਨਾ ਵਿਚ ਕੰਚਨ (ਕੰਜਰ), ਚੰਗਰ, ਚਮਾਰ, ਖਟੀਕ, ਚੂਹੜਾ, ਮਜ਼ਬੀ, ਮੇਘ ਆਦਿ ਨਾਲ ਅਛੂਤ ਜਾਤੀ ਮੰਨਿਆ ਹੈ। (26) ਲਬਾਣਾ ਜਾਤੀ ਨੂੰ ਬਨਜਾਰਾ, ਬਹਿਰੂਪੀਆ ਵੀ ਕਿਹਾ ਜਾਂਦਾ ਹੈ। (27) ਇਸ ਜਾਤੀ ਨੂੰ ਬਟਜਾਰਾ ਵਜੋਂ ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਕਰਨਾਟਕ ਵਿਚ ਐਸ. ਸੀ. ਅਤੇ ਉੜੀਸਾ ਵਿਚ ਐਸ. ਟੀ. ਐਲਾਨਿਆ ਗਿਆ ਹੈ। (28) ਪੰਜਾਬ ਵਿਚ ਪੱਛੜੀ ਸ਼੍ਰੇਣੀ ਐਲਾਨੀ ਧੋਬੀ (ਲੜੀ ਨੰ: 22) ਅਤੇ ਛੀਂਬਾ, ਛੀਪੀ, ਛੀਂਬਾ ਦਰਜੀ, ਟਾਂਕ (ਲੜੀ ਨੰ: 33) ਇਕ ਜਾਤੀ ਹੈ। (29) ਧੋਬੀ ਵਜੋਂ ਇਸ ਜਾਤੀ ਨੂੰ ਰਾਜਸਥਾਨ, ਯੂ. ਪੀ., ਦਿੱਲੀ, ਮੱਧ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਮਨੀਪੁਰ, ਅਸਾਮ, ਮੇਘਾਲਿਆ ਅਤੇ ਉੜੀਸਾ ਵਿਚ ਅਤੇ ਹਿਮਾਚਲ ਪ੍ਰਦੇਸ਼ ਵਿਚ ਛੀਂਬਾ, ਧੋਬੀ (ਇਕੋ ਲੜੀ ਨੰ: ਤੇ ਇਕੱਠੇ ਸ਼ਾਮਲ ਕੀਤੇ ਗਏ) ਵਜੋਂ ਐਸ. ਸੀ. ਐਲਾਨੇ ਗਏ ਹਨ। (30) ਪੰਜਾਬ ਵਿਚ ਪੱਛੜੀ ਸ਼੍ਰੇਣੀ ਐਲਾਨੀ ਲੁਹਾਰ ਜਾਤੀ (ਲੜੀ ਨੰ: 51) ਪੇਸ਼ੇਵਰ ਵਰਗ ਹੈ। (31) ਬਹੁਤ ਸਾਰੇ ਸਿਕਲੀਗਰ ਲੁਹਾਰਾ ਕੰਮ ਕਰਨ ਕਾਰਨ ਲੁਹਾਰ ਜਾਤੀ ਦੱਸਦੇ ਹਨ। (32) ਰਾਮਗੜ੍ਹੀਆ ਵਰਗ ਮੁੱਖ ਤੌਰ 'ਤੇ ਲੁਹਾਰ ਹੀ ਹਨ। ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿਚ ਲੁਹਾਰ ਜਾਤੀ ਐਸ. ਸੀ. ਅਤੇ ਬਿਹਾਰ ਵਿਚ ਐਸ. ਟੀ. ਮੰਨੀ ਗਈ ਹੈ। (33) 1931 ਈ: ਦੀ ਜਨਗਣਨਾ ਤੱਕ ਲੁਹਾਰ ਜਾਤੀ ਕੰਮੀ ਮੰਨੀ ਜਾਂਦੀ ਰਹੀ। (34) ਪੰਜਾਬ ਵਿਚਲੇ ਪੱਛੜੀ ਸ਼੍ਰੇਣੀ ਗੁੱਜਰ ਜਾਤੀ ਹਿਮਾਚਲ ਪ੍ਰਦੇਸ਼ ਵਿਚ ਐਸ. ਟੀ. ਹੈ। (35) ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ ਐਲਾਨੀਆਂ ਬਰਵਾਰ, ਤੇਲੀ, ਕੰਬੋਜ, ਮੋਢੀ ਅਤੇ ਸਿੰਘੀਕਾਂਤ, ਸਿੰਘਵਾਲਾ ਕ੍ਰਮਵਾਰ ਯੂ. ਪੀ., ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਦਿੱਲੀ ਵਿਚ ਐਸ. ਸੀ. ਐਲਾਨੀਆਂ ਹਨ। (36) ਪੰਜਾਬ ਵਿਚ ਪੱਛੜੀ ਸ਼੍ਰੇਣੀ ਐਲਾਨੀ ਈਸਾਈ ਚੂਹੜਾ ਜਾਤੀ ਦੇ ਮੈਂਬਰਾਂ ਵੱਲੋਂ ਇਸਾਈ ਧਰਮ ਨੂੰ ਮੰਨਣ ਵਾਲਿਆਂ ਦਾ ਗਰੁੱਪ ਹੈ। ਇਹਨਾਂ ਵੱਲੋਂ ਆਏ ਦਿਨ ਮੰਗ ਕੀਤੀ ਜਾ ਰਹੀ ਹੈ ਕਿ ਉਹਨਾਂ ਨੂੰ ਐਸ. ਸੀ. ਐਲਾਨਿਆ ਜਾਵੇ।

ਪੰਜਾਬ ਦੀਆਂ ਪੱਛੜੀਆਂ ਸ਼੍ਰੇਣੀਆਂ ਕੂਚਬੰਦ ਰਾਜਿਸਥਾਨ ਵਿਚ ਤੇ ਭੱਟ, ਭਾਟੜਾ, ਦਰਪੀ, ਰਮੀਆ (ਲੜੀ ਨੰ: 30) ਰਾਜਸਥਾਨ ਵਿਚ ਭੰਡ ਵਜੋਂ, ਡਕੌਟ ਅਤੇ ਭਾਟੜਾ ਇਕੋ ਹੋਣ ਕਰਕੇ ਐਸ. ਸੀ. ਹਨ। ਜੋਗੀ ਨਾਥ (ਲੜੀ ਨੰ: 42) ਦਰਅਸਲ ਜੋਗੀ ਹੈ ਜੋ ਹਿਮਾਚਲ ਵਿਚ ਐਸ. ਸੀ. ਹੈ। ਜਾਂਗਰਾ ਬ੍ਰਾਹਮਣ (ਲੜੀ ਨੰ: 40) ਦਰਅਸਲ ਤਰਖਾਣ ਲੁਹਾਰ ਹਨ ਜੋ ਆਪਣਾ ਮੁੱਢ ਰਿਸ਼ੀ ਜੈਨਾ ਨਾਲ ਦੱਸਦੇ ਹਨ ਤੇ ਗੋਤ ਆਂਗਰਾ ਹੈ। ਜੈਨਾ+ਆਂਗਰਾ ਜਾਂਗਰਾ (37) ਖਾਤੀ ਜਾਤੀ (ਲੜੀ ਨੰ: 43) ਲੁਹਾਰ ਜਾਤੀ ਦਾ ਉਹ ਹਿੱਸਾ ਹੈ ਜੋ ਕਾਠ (ਲੱਕੜੀ) ਦਾ ਕੰਮ ਕਰਦੀ ਹੈ। ਮੁਲਤਾਨ ਵਿਚ ਲੱਕੜੀ ਨੂੰ ਕਾਠ ਕਿਹਾ ਜਾਂਦਾ ਹੈ। (38) ਖਾਤੀ ਮੱਧ ਪ੍ਰਦੇਸ਼ ਵਿਚ ਲੱਕੜੀ ਅਤੇ ਲੋਹੇ ਦਾ ਕੰਮ ਕਰਦੇ ਹਨ। (39) ਲੁਹਾਰ ਜਾਤੀ ਹਿਮਾਚਲ ਪ੍ਰਦੇਸ਼ ਵਿਚ ਐਸ. ਸੀ. ਹੈ।

ਪੰਜਾਬ ਦੀ ਪੱਛੜੀ ਸ਼੍ਰੇਣੀ ਮਦਾਰੀ ਕਰਨਾਟਕ, ਤਾਮਿਲਨਾਡੂ, ਦਿੱਲੀ, ਮੱਧ ਪ੍ਰਦੇਸ਼, ਉੜੀਸਾ, ਰਾਜਸਥਾਨ ਵਿਚ ਐਸ.ਸੀ. ਮੰਨੀ ਗਈ ਹੈ। ਰਾਜਸਥਾਨ ਵਿਚ ਤਾਂ ਇਸ ਨੂੰ ਬਾਜੀਗਰ ਜਾਤੀ ਨਾਲ ਲੜੀਬੱਧ ਕੀਤਾ ਹੈ। (40) ਪੰਜਾਬ ਦੀ ਪੱਛੜੀ ਸ਼੍ਰੇਣੀ ਨਾਈ (ਲੜੀ ਨੰ: 21) ਅਤੇ ਹਜ਼ਾਮ, ਨਾਈ (ਲੜੀ ਨੰ: 41) ਇਕੋ ਸ਼੍ਰੇਣੀ ਹੈ। ਮੁਸਲਿਮ ਨਾਈ ਨੂੰ ਹਜ਼ਾਮ ਕਿਹਾ ਜਾਂਦਾ ਹੈ। ਇਹ ਕਿੱਤੇ ਅਤੇ ਜਾਤ ਵਜੋਂ ਅਛੂਤ ਹਨ। (41) ਇਸ ਨੂੰ ਤਰਖਾਣ, ਲੁਹਾਰ, ਘੁਮਿਆਰ, ਜੁਲਾਹਾ ਜਾਤੀਆਂ ਸਮਾਨ ਮੰਨਿਆ ਗਿਆ ਹੈ। (42) ਇਹਨਾਂ ਜਾਤਾਂ ਨੂੰ ਅਸੀਂ ਅਛੂਤ ਸਿੱਧ ਕਰ ਚੁੱਕੇ ਹਾਂ।

ਪੰਜਾਬ ਦੀ ਪੱਛੜੀ ਸ਼੍ਰੇਣੀ ਮਿਰਾਸੀ ਦਰਅਸਲ ਡੂਮ ਹੈ। ਡੂਮ ਮੁਸਲਮਾਨ ਧਰਮ ਅਪਣਾਉਣ ਤੇ ਮਿਰਾਸੀ ਅਖਵਾਉਂਦਾ ਹੈ। (43) ਰੋਜ਼ ਮਿਰਾਸੀ, ਡੂਮ, ਚੂਹੜਾ, ਮਾਛੀ, ਝੀਊਰ ਅਤੇ ਚੰਗਰ ਦਾ ਇਕੋ ਮੁੱਢ ਦੱਸਦਾ ਹੈ। (44) ਮਿਰਾਸੀ ਡੂਮ ਵਜੋਂ ਪੰਜਾਬ ਅਤੇ ਹੋਰ ਸੂਬਿਆਂ ਵਿਚ ਐਸ. ਸੀ. ਮੰਨਿਆ ਗਿਆ ਹੈ। ਪੰਜਾਬ ਦੀ ਪੱਛੜੀ ਸ਼੍ਰੇਣੀ ਚਾਂਹਗ (ਲੜੀ ਨੰ: 32) ਅਤੇ ਪੰਜਾਬ ਦੀ ਘੀਰਥ, ਬਾਹਤੀ ਅਤੇ ਚਾਂਗ ਇਕੋ ਹਨ। (45) ਘੀਰਥ, ਬਾਹਤੀ ਅਤੇ ਚਾਂਗ ਨੂੰ ਐਸ. ਸੀ. ਸਿੱਧ ਕਰ ਚੁੱਕੇ ਹਾਂ। ਪੰਜਾਬ ਦੀ ਪੱਛੜੀ ਸ਼੍ਰੇਣੀ ਬੇਤਾ, ਹੰਸੀ ਜਾਂ ਹੋਸੀ (ਲੜੀ ਨੰ: 3) ਨੂੰ ਇਬਸਟਨ ਨੇ ਨਟ, ਬਾਜ਼ੀਗਰ, ਪੇਰਨਾ, ਗੰਧੀਲਾ ਆਦਿ ਨਾਲ ਅਛੂਤ ਮੰਨਿਆ ਹੈ। (46) ਜਦੋਂ ਕਿ ਇਹ ਸਭ ਜਾਤੀਆਂ ਪੰਜਾਬ ਦੀ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਹਨ। ਪੰਜਾਬ ਦੀ ਪੱਛੜੀ ਸ਼੍ਰੇਣੀ ਬੜਰਾ ਨੂੰ ਕੁੱਲੂ ਵੱਲ ਕੋਲੀ ਕਿਹਾ ਜਾਂਦਾ ਹੈ ਅਤੇ ਕੋਲੀ ਪੰਜਾਬ ਸਮੇਤ ਬਹੁਤ ਸਾਰਿਆਂ ਸੂਬਿਆਂ ਵਿਚ ਐਸ. ਸੀ. ਮੰਨੀ ਗਈ ਹੈ। (47) ਗਵਾਰੀਆ, ਗੌਰੀਆ ਜਾਂ ਗਵਾਰ (ਲੜੀ ਨੰ: 7) ਬਨਜਾਰਾ, ਸਾਂਸੀ ਜਾਂ ਨਟ ਜਾਤੀ ਨਾਅ ਦੇ ਹਨ। (48) ਹਾਂਸੀ, ਹਿਸਾਰ, ਭਿਵਾਨੀ ਵੱਲ ਉਹਨਾਂ ਦਾ ਬਨਜਾਰਾ ਜਾਤੀ ਨਾਲ ਰੋਟੀ ਬੇਟੀ ਦਾ ਸਬੰਧ ਹੈ। (49) ਬਨਜਾਰਾ ਜਾਤੀ ਨੂੰ ਅਸੀਂ ਐਸ. ਸੀ. ਸਿੱਧ ਕਰ ਚੁੱਕੇ ਹਾਂ।

ਰੇਹਾੜ, ਰੇਹੜ ਜਾਂ ਰੇੜ ਡੂਮ ਜਾਤੀ ਨਾਲ ਮਿਲਦੀ ਜੁਲਦੀ ਹੈ ਅਤੇ ਕਾਂਗੜਾ, ਸ਼ਿਮਲਾ ਇਲਾਕੇ ਵਿਚ ਜ਼ਿਆਦਾਤਰ ਰਹਿੰਦੇ ਹਨ। ਰੋਜ਼ ਉਹਨਾਂ ਨੂੰ ਝਾੜੂ ਫੇਰਨ ਦੀ ਗੁਲਾਮੀ ਕਰਦੇ ਹੋਏ ਦੱਸਦਾ ਹੈ। (50) ਇਕ ਹੋਰ ਪੱਛੜੀ ਸ਼੍ਰੇਣੀ ਰਿਆਇਗੜ ਦਰਅਸਲ ਰੈਗੜ ਦਾ ਹੀ ਬਿਗੜਿਆ ਉੱਚਾਰਨ ਲੱਗਦਾ ਹੈ। ਰੈਗੜ ਨੂੰ ਪੰਜਾਬ ਸਮੇਤ ਬਹੁਤ ਸਾਰਿਆਂ ਸੂਬਿਆਂ ਵਿਚ ਐਸ. ਸੀ. ਮੰਨਿਆ ਹੈ। ਚਿਰੀਮਾਰ (ਚਿੜੀਮਾਰ) ਪੱਛੜੀ ਸ਼੍ਰੇਣੀ ਨੂੰ ਕਰਨਾਟਕ ਵਿਚ ਚੇਰਾਮਾਰ ਵਜੋਂ ਐਸ. ਸੀ. ਮੰਨਿਆ ਹੈ। ਬਰਾਈ (ਭਰਾਈ), ਤਮੋਲੀ ਪੰਜਾਬ ਦੀ ਪੱਛੜੀ ਸ਼੍ਰੇਣੀ ਦੇ ਤਬੋਲੀ, ਤਮੋਲੀ, ਤਨੌਲੀ, ਤਨੌਲ, ਤੋਲ, ਥੋਲੀ, ਤਹੋਲਾ, ਤਰਨੋਲੀ ਆਦਿ ਨਾਂ ਹਨ। (51) ਤਾਨਲਾ ਨਾਂ ਥੱਲੇ ਇਹ ਜਾਤੀ ਉੜੀਸਾ ਵਿਚ ਐਸ. ਸੀ. ਹੈ।

ਇਸੇ ਤਰ੍ਹਾਂ ਪੰਜਾਬ ਵਿਚਲੀ ਬਾਕੀ ਦੀਆਂ ਪੱਛੜੀਆਂ ਸ਼੍ਰੇਣੀਆਂ ਗੋਰਖਾ, ਬਰਾਗੀ, ਬੈਰਾਗੀ, ਬਟੇਰਾ, ਭੁਹਾਲੀਆ, ਲੁਹਾਰ, ਫਕੀਰ, ਢੋਸਾਲੀ, ਡੋਸਾਲੀ, ਗਵਾਲਾ, ਗੋਵਾਲਾ, ਗਡਰੀਆ, ਰਿਛਨਾਦ, ਖਾਨਘੇਰਾ, ਲਖੇਰਾ, ਮੁਨਿਆਰ, ਨਲਬੰਦ, ਸ਼ੋਰੀਗਰ, ਪੰਜਾਬ ਪੇਂਜਾ, ਸੋਹੀ, ਸਵਰਨਕਾਰ (ਸੁਨਿਆਰਾ), ਧੋਲੀ (ਸੋਨੀ), ਅਰਾਈਂ, ਰਾਇ ਸਿੱਖ ਨੂੰ ਵੀ ਅਛੂਤ ਸਿੱਧ ਕਰਨਾ ਔਖਾ ਨਹੀਂ। ਮਨੁੱਖੀ ਅਧਿਕਾਰਾਂ ਤੋਂ ਹੀਣੇ ਕੀਤੇ ਅਤੇ ਪਸ਼ੂਆਂ ਤੋਂ ਵੀ ਘਟੀਆ ਸਮਝੇ ਜਾਂਦੇ ਵਿਅਕਤੀ ਹੀ ਅਛੂਤ ਹਨ। ਇਲਾਕਾ ਬਦਲਣ, ਧਰਮ ਬਦਲਣ, ਗੁਲਾਮੀ ਦੀ ਕਿਸਮ ਬਦਲਣ, ਉੱਚਾਰਣ ਵਿਚਲੇ ਫਰਕ ਅਤੇ ਆਪਣੇ ਆਪ ਨੂੰ ਰਾਜਪੂਤ, ਬ੍ਰਾਹਮਣ, ਕਸ਼ੱਤਰੀਆਂ ਨਾਲ ਪਿਛੋਕੜ ਮਿਲਾ ਕੇ ਹੀਣਭਾਵਨਾ ਕੱਢਣ ਦੇ ਚੱਕਰ ਨੇ ਅਛੂਤਾਂ ਦੀਆਂ ਜਾਤਾਂ ਦੇ ਅਣਗਿਣਤ ਨਾਂ ਕਰ ਦਿੱਤੇ। ਜਿੰਨੇ ਨਾ ਬਦਲੇ, ਉਨੀ ਉਹਨਾ ਵਿਚ ਫੁੱਟ ਵਧੀ। ਜਿੰਨੀ ਉਹਨਾਂ ਵਿਚ ਫੁੱਟ ਵਧੀ, ਉਨੀ ਆਰੀਆ ਸਾਮਰਾਜਵਾਦ ਦੀ ਪਕੜ ਵਧੀ। ਜਿੰਨੀ ਆਰੀਆ ਸਾਮਰਾਜਵਾਦ ਦੀ ਪਕੜ ਵਧੀ, ਉਨੀ ਇਹਨਾਂ ਅਛੂਤ ਜਾਤੀਆਂ ਦੀ ਗੁਲਾਮੀ ਵਧੀ, ਉਨੇ ਉਹ ਲਾਚਾਰ ਬਣੇ, ਜਿੰਨੇ ਲਾਚਾਰ ਬਣੇ, ਉਨੇ ਉਹ ਦੋ ਲੱਤਾਂ ਵਾਲੇ ਪਸ਼ੂ ਬਣੇ, ਜਿੰਨੇ ਉਹ ਦੋ ਲੱਤਾਂ ਵਾਲੇ ਪਸ਼ੂ ਬਣੇ, ਉਨੇ ਉਹ ਚਹੁੰ ਲੱਤਾਂ ਵਾਲਿਆਂ ਤੋਂ ਘਟੀਆ ਬਣੇ। ਇਸੇ ਘਟੀਆਪਣ ਨੂੰ ਦੇਖ ਕੇ ਬ੍ਰਾਹਮਣੋਂ ਮੁਸਲਮਾਨ ਬਣੇ ਡਾ. ਇਕਬਾਲ ਨੇ ਕਿਹਾ 'ਆਹ! ਸ਼ੂਦਰ ਕੇ ਲੀਏ ਹਿੰਦੋਸਤਾਂ ਗਮਖਾਨਾ ਹੈ।'' ਤੇ ਫਿਰ ਉਸੇ ਨੇ ਕਿਹਾ, ''ਜਿਸ ਖੇਤ ਸੇ ਦਹਿਕਾਨ ਕੋ ਮੁਯਸਰ ਨਾ ਹੋ ਰੋਟੀ, ਉਸ ਖੇਤ ਕੇ ਹਰ ਗੋਸ਼ਾ-ਏ-ਗੰਦਮ ਕੋ ਜਲਾ ਦੋ।''


ਸੀ. ਐਲ. ਚੁੰਬਰ

ਇਸੇ ਘਟੀਆਪਣ ਨੂੰ ਦੂਰ ਕਰਨ ਲਈ ਜੰਗਲ ਵਿਚ ਤਪੱਸਿਆ ਕਰਦੇ ਰੱਬ ਪ੍ਰਾਪਤੀ ਲਈ ਭੁੱਖੇ ਰਹਿਣ ਕਾਰਨ ਨਢਾਲ ਹੋਏ ਗੌਤਮ ਬੁੱਧ ਨੂੰ ਆਦਿਵਾਸੀ ਔਰਤ ਸੁਜਾਤਾ ਨੇ ਖੀਰ ਖਿਲਾ ਕੇ ਕਿਹਾ ''ਉੱਠੋ! ਰੱਬ ਸਰੀਰ ਨੂੰ ਦੁੱਖ ਦੇਣ ਨਾਲ ਨਹੀਂ ਮਿਲਦਾ। ਰੱਬ ਦੁਖੀਆਂ, ਨਿਆਸਰਿਆਂ, ਨਿਓਟਿਆਂ ਦੀ ਬਿਹਤਰੀ ਕਰਨ ਨਾਲ ਮਿਲਦਾ ਹੈ।'' ਤੇ ਗੌਤਮ ਬੁੱਧ ਬ੍ਰਾਹਮਣਵਾਦ ਦੇ ਵਿਰੋਧ 'ਚ ਖੜ੍ਹੇ ਹੋ ਗਏ। ਇਸੇ ਘਟੀਆਪਣ ਨੂੰ ਦੂਰ ਕਰਨ ਲਈ ਮਹਾਂਰਿਸ਼ੀ ਵਾਲਮੀਕਿ ਨੇ ਸ਼ੰਬੂਕ ਰਿਸ਼ੀ ਦੇ ਕਾਤਲ ਰਾਮ ਚੰਦਰ ਨੂੰ ਆਪਣੇ ਸ਼ਾਗਿਰਦਾਂ ਲਵ ਕੁਸ਼ ਤੋਂ ਨੈਤਿਕ ਅਤੇ ਬਲ ਦੋਹਾਂ ਨਾਲ ਹਰਾਇਆ ਕਿ ਰਾਮ ਚੰਦਰ ਸ਼ਰਮ ਦੇ ਮਾਰੇ ਡੁੱਬ ਕੇ ਮਰ ਗਏ। (ਵਾਲਮੀਕ ਰਮਾਇਣ, ਗੀਤਾ ਪ੍ਰੈਸ, ਗੋਰਖਪੁਰ, ਉੱਤਰਕਾਂਡ)। ਇਸੇ ਘਟੀਆਪਣ ਨੂੰ ਦੂਰ ਕਰਨ ਲਈ ਸਤਿਗੁਰੂ ਨਾਮਦੇਵ ਨੇ ਮਹਾਂਰਾਸ਼ਟਰ ਤੋਂ ਪੰਜਾਬ ਤੱਕ ਅਤੇ ਸਤਿਗੁਰੂ ਰਵਿਦਾਸ ਅਤੇ ਸਤਿਗੁਰ ਕਬੀਰ ਦੀ ਮਨੁੱਖੀ ਅਧਿਕਾਰਾਂ ਦੀ ਅਲੰਬਰਦਾਰ ਜੋੜੀ ਨੇ ਭਾਰਤ ਭਰ ਵਿਚ ਦੱਬੇ ਕੁਚਲੇ ਸਮਾਜ ਨੂੰ ਜਾਗਰਿਤ ਕੀਤਾ। ਇਸ ਦੀ ਮਿਸਾਲ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਥਾਂ ਉਹਨਾਂ ਦੀ ਕੀਤੀ ਵਡਿਆਈ ਗਵਾਹ ਹੈ।

ਇਸੇ ਘਟੀਆਪਣ ਨੂੰ ਦੂਰ ਕਰਨ ਲਈ ਸਤਿਗੁਰ ਨਾਨਕ 'ਨੀਚਾਂ ਦੇ ਸਾਥੀ' ਬਣ ਗਏ। ਇਸੇ ਘਟੀਆਪਣ ਨੂੰ ਦੂਰ ਕਰਨ ਲਈ ਲੱਖਾਂ ਅਛੂਤਾਂ 'ਚੋਂ ਸਜੇ ਸਿੱਖਾਂ ਨੇ ਗੁਰੂਆਂ ਦਾ ਸਾਥ ਦਿੱਤਾ ਕਿਉਂਕਿ ਸਿੱਖ ਗੁਰੂਆਂ ਨੇ ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ ਨੂੰ ਅੱਗੇ ਤੋਰਿਆ। ਜਿਸ ਦਾ ਸਿੱਟਾ ਮਹਾਰਾਜਾ ਰਣਜੀਤ ਸਿੰਘ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਜੱਸਾ ਸਿੰਘ ਆਹਲੂਵਾਲੀਆ ਦੇ ਰਾਜ ਦੇ ਰੂਪ 'ਚ ਨਿਕਲਿਆ। ਇਹ ਰਾਜ ਕਿਉਂ ਹੱਥੋਂ ਗਿਆ? ਸ਼ਿਵਾ ਜੀ ਦਾ ਰਾਜ ਕਿਉਂ ਹੱਥੋਂ ਗਿਆ? ਕਿਵੇਂ ਗਿਆ? ਇਹ ਸੋਚਣਾ, ਘੋਖ ਕਰਨੀ ਅਤੇ ਇਸ ਘੋਖ ਤੋਂ ਸਾਹਮਣੇ ਆਈਆਂ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨਾ ਹੀ ਸਿੱਖਾਂ, ਮੁਸਲਮਾਨਾਂ, ਬੋਧੀਆਂ, ਈਸਾਈਆਂ ਦੇ ਅਛੂਤਪਣ ਨੂੰ ਦੂਰ ਕਰ ਸਕਦਾ ਹੈ। ਵਰਨਾ ਇਹਨਾਂ ਨੂੰ ਮੁੜ ਸ਼ੂਦਰ ਭਾਵ ਚੌਥੇ ਦਰਜੇ ਦੇ ਨਾਗਰਿਕ ਆਰੀਆਂ ਨੇ ਬਣਾ ਦੇਣਾ ਸ਼ਰਤੀਆ ਹੈ।

ਰੋਜ਼ਾਨਾ ਵੀਰ ਪ੍ਰਤਾਪ ਦੇ ਸੰਪਾਦਕ ਅਤੇ ਆਰਯਾ ਪ੍ਰਤੀਨਿਧ ਸਭਾ, ਪੰਜਾਬ ਦੇ ਪ੍ਰਧਾਨ ਵਰਿੰਦਰ ਦੀ ਸੰਪਾਦਕੀ ਹੇਠ ਛਪਦੇ ਸਪਤਾਹਿਕ 'ਆਰਯਾ ਮਰਯਾਦਾ' ਦੇ 12 ਜੂਨ 1988 ਦੇ ਅੰਕ ਵਿਚ ਇਕ ਲੇਖ, ''ਏਕ ਚੇਤਾਵਨੀ- ਆਰਯੋ (ਆਰਯਾਵਰਤ' ਬਨਾਨੇ ਕਾ ਸਮਯ ਆ ਗਯਾ ਹੈ'' ਛਪਿਆ। ਜਿਸ ਦੇ ਲੇਖਕ ਸ੍ਰੀ ਭੋਲਾ ਨਾਥ ਦਿਲਾਵਰੀ ਲਿਖਦੇ ਹਨ। ''ਆਓ! ਆਰੀਆਵਰਤ ਹਿੰਦੂ ਰਾਸ਼ਟਰ ਦਾ ਮਿਲ ਕੇ ਬੀਜ ਬੀਜੀਏ। ਕਸ਼ਮੀਰ, ਉੱਤਰ ਪ੍ਰਦੇਸ਼, ਕੇਰਲ ਆਦਿ ਵਿਚ ਮੁਸਲਮਾਨ, ਪੰਜਾਬ ਵਿਚ ਸਿੱਖ, ਉੱਤਰ ਪੂਰਵੀ ਇਲਾਕਿਆਂ ਨਾਗਾਲੈਂਡ, ਮਿਜ਼ੋਰਮ, ਮੇਘਾਲਿਆ, ਤ੍ਰਿਪੁਰਾ ਆਦਿ ਵਿਚ ਇਸਾਈ। ਇਹਨਾਂ ਘੱਟ ਗਿਣਤੀਆਂ ਦੇ ਹੌਸਲੇ ਅਸੀਂ ਇੰਨੇ ਵਧਾ ਦਿੱਤੇ ਹਨ ਕਿ ਇਹ ਸਾਡੀ ਬਹੁਗਿਣਤੀ ਦੀਆਂ ਮਾਨਤਾਵਾਂ ਨੂੰ ਪੈਰਾਂ ਥੱਲੇ ਕੁਚਲ ਰਹੇ ਹਨ।''

ਇਹ ਮੁਸਲਮਾਨ, ਸਿੱਖ, ਇਸਾਈ, ਬੋਧੀ ਕੌਣ ਹਨ? ਇਹ ਸ਼ੂਦਰ ਹੀ ਹਨ ਜੋ ਬ੍ਰਾਹਮਣਵਾਦ ਦੇ ਜ਼ੁਲਮਾਂ ਤੋਂ ਬਚਣ ਲਈ ਅਤੇ ਰਾਜ ਸੱਤਾ ਦੀ ਛਤਰ-ਛਾਇਆ ਲੈਣ ਲਈ ਸਿੱਖ, ਮੁਸਲਮਾਨ, ਇਸਾਈ, ਬੋਧੀ ਬਣੇ। ਹੁਣ ਇਹਨਾਂ ਧਰਮਾਂ ਦੇ ਪੈਰੋਕਾਰਾਂ ਹੱਥ ਰਾਜ ਸੱਤਾ ਨਹੀਂ, ਜੋ ਕਿਧਰੇ ਹੈ ਵੀ ਤਾਂ ਖੋਹੀ ਜਾ ਰਹੀ ਹੈ। ਜਿਸ ਨਾਲ ਇਹ ਇਹਨਾਂ ਧਰਮਾਂ ਵਿਚਲੇ ਸਾਬਕਾ ਸ਼ੂਦਰ ਮੌਜੂਦਾ ਸ਼ੂਦਰਾਂ ਨਾਲ ਮਿਲ ਕੇ ਆਰੀਆ ਸਾਮਰਾਜਵਾਦੀਆਂ ਹੱਥੋਂ ਰਾਜ-ਸੱਤਾ ਖੋਹ ਕੇ ਸਿੰਧੂ ਘਾਟੀ ਦੀ ਸਭਿਅਤਾ ਬਹਾਲ ਕਰਨਗੇ, ਜਿਸ ਦਾ ਨਕਸ਼ਾ ਗੁਰੂ ਰਵਿਦਾਸ ਨੇ 'ਬੇਗਮਪੁਰਾ ਸਹਰ ਕੋ ਨਾਓ' ਸ਼ਬਦ ਵਿਚ ਬੜਾ ਵਿਸਥਾਰ ਨਾਲ ਖਿੱਚਿਆ ਹੈ ਅਤੇ ਗੁਰੂ ਅਰਜਨ ਦੇਵ ਨੇ ਇਸ ਨੂੰ 'ਹਲੀਮੀ ਰਾਜ' ਕਿਹਾ ਹੈ।

ਅਗਲੇ ਅੰਕ ਵਿਚ ਅਸੀਂ ਅਨਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਨਜਾਤੀਆਂ ਅਤੇ ਜੱਟਾਂ ਦਾ ਇਕੋ ਪਿਛੋਕੜ ਸਿੱਧ ਕਰਕੇ ਸਿੱਧ ਕਰਾਂਗੇ ਕਿ ਕਿਵੇਂ ਮੇਲੇ ਵਿਚ ਇਹ ਸਾਰੇ ਭਰਾ ਵਿੱਛੜ ਕੇ ਜੁਦਾ ਜੁਦਾ ਹੋ ਗਏ। ਆਓ ਦੇਸ਼ ਵਿਚ ਸਹੀ ਲੋਕਤੰਤਰ ਲਿਆਈਏ, ਜਿੱਥੇ ਕੋਈ ਜਾਤ, ਧਰਮ, ਭਾਸ਼ਾ, ਇਲਾਕੇ, ਰੰਗ ਜਾਂ ਨਸਲ ਦੇ ਆਧਾਰ ਤੇ ਕਿਸੇ ਦੀ ਹੇਠੀ ਕਰਨ ਦੀ ਜ਼ੁਰਅਤ ਨਾ ਕਰ ਸਕੇ।

**(ਕੌਮੀ ਉਡਾਰੀਆਂ,**
**ਜੁਲਾਈ 1988 ਵਿਚੋਂ ਧੰਨਵਾਦ ਸਹਿਤ)**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਰਾਹਤ ਦੀ ਥਾਂ ਤਣਾਅ ਦਾ ਘੇਰਾ

ਅੰਗ-ਸੰਗ



ਸ਼ਾਮ ਸਿੰਘ
98141-13338

ਸਮਾਜ ਵਿਕਸਤ ਹੋਏ ਤਾਂ ਰਾਜੇ, ਬਾਦਸ਼ਾਹ ਅਤੇ ਤਾਨਾਸ਼ਾਹਾਂ ਨੇ ਆਪਣੇ ਹੀ ਲੋਕਾਂ 'ਤੇ ਹੁਕਮ ਚਲਾਉਣੇ ਸ਼ੁਰੂ ਕਰ ਦਿੱਤੇ। ਇਹ ਮਨਮਰਜ਼ੀਆਂ ਦੇ ਮਾਲਕ ਸਨ, ਜਿਸ ਕਾਰਨ ਲੋਕਾਂ ਦੇ ਹਿੱਤ ਵਿੱਚ ਨਾ ਹੋਣ ਕਾਰਨ ਲੋਕ-ਦਿਲਾਂ ਵਿੱਚ ਥਾਂ ਨਹੀਂ ਬਣਾ ਸਕੇ। ਅਸਫ਼ਲ ਹੋਏ ਅਤੇ ਕਈ ਥਾਂ ਰੋਹ ਜਾਗੇ ਅਤੇ ਬਗਾਵਤਾਂ ਹੋਈਆਂ। ਵੱਖ-ਵੱਖ ਸਮਿਆਂ 'ਚ ਵੱਖ-ਵੱਖ ਥਾਵਾਂ 'ਤੇ ਰਾਜ ਕਰਨ ਵਾਲੀਆਂ ਹਕੂਮਤਾਂ ਦੇ ਢੰਗ-ਤਰੀਕੇ ਕਰਵਟ ਲੈਣ ਲੱਗੇ ਅਤੇ ਬਦਲਣੇ ਸ਼ੁਰੂ ਹੋ ਗਏ। ਚੰਗੇਰੇ ਵੀ ਅਤੇ ਮਾੜੇ ਵੀ।

ਸਿੱਖਿਆ ਨਾਲ ਲੋਕ ਸੂਝਵਾਨ ਹੁੰਦੇ ਗਏ ਅਤੇ ਆਪਣੇ ਹੱਕਾਂ ਬਾਰੇ ਜਾਗਰੂਕ ਹੋਣ ਲੱਗ ਪਏ। ਵੱਖ-ਵੱਖ ਦੇਸ਼ਾਂ ਵਿੱਚ ਹੌਲੀ-ਹੌਲੀ ਲੋਕਤੰਤਰ ਪੈਰ ਪਸਾਰਨ ਲੱਗ ਪਿਆ, ਜਿਸ ਵਿੱਚ ਲੋਕਾਂ ਦੀ ਪੁੱਛ-ਪ੍ਰਤੀਤ ਵੀ ਹੋਣ ਲੱਗੀ ਅਤੇ ਉਨ੍ਹਾਂ ਨੂੰ ਰਾਹਤ ਵੀ ਮਿਲਣ ਲੱਗ ਪਈ। ਲੋਕਾਂ ਦੁਆਰਾ ਚੁਣੇ ਜਾਂਦੇ ਨੁਮਾਇੰਦੇ ਆਪਣੇ ਲੋਕਾਂ ਦੀ ਖੈਰ ਸੁੱਖ ਮੰਗਦੇ ਭਲਾਈ ਕਰਨ ਲੱਗੇ।

ਆਪਣੀ ਸ਼ਮੂਲੀਅਤ ਕਾਰਨ ਲੋਕਾਂ ਨੇ ਸੁੱਖ ਦਾ ਸਾਹ ਲਿਆ ਅਤੇ ਉਤਸ਼ਾਹ ਵਿੱਚ ਉਨ੍ਹਾਂ ਲੋਕਾਂ ਦੀ ਹਮਾਇਤ ਕਰਨ ਲੱਗ ਪਏ, ਜਿਨ੍ਹਾਂ ਨੇ ਮੁਲਕ ਨੂੰ ਅੱਗੇ ਲਿਜਾਣ ਦਾ ਭਰੋਸਾ ਦਿੱਤਾ। ਪਹਿਲਾਂ-ਪਹਿਲ ਹੋਇਆ ਵੀ। ਜਿੱਥੇ-ਜਿੱਥੇ ਵੀ ਲੋਕਰਾਜ ਸਥਾਪਤ ਹੋਇਆ, ਉੱਥੇ-ਉੱਥੇ ਸਮਾਜ ਤਰੱਕੀ ਦੇ ਰਾਹ ਪੈ ਗਏ। ਲੋਕਾਂ ਨੂੰ ਦੇਸ਼ ਭਗਤੀ ਕਾਰਨ ਮੁਲਕ ਖੁਦ ਦਾ ਜਾਪਣ ਲੱਗ ਪਿਆ, ਪਰ ਜਦ ਹੌਲੀ-ਹੌਲੀ ਹਕੂਮਤ ਪਰਵਾਰਾਂ ਤੱਕ ਹੀ ਸੀਮਤ ਹੋ ਗਈ ਤਾਂ ਜਨਤਾ ਸ਼ੱਕੀ ਹੋਣ ਲੱਗ ਪਈ।

ਹੋਇਆ ਵੀ ਸੱਚ ਕਿ ਨੇਤਾਜਨ ਚੁਣੇ ਜਾਣ ਬਾਅਦ ਆਪਣੇ ਆਪ ਦੇ ਹੋਣੇ ਸ਼ੁਰੂ ਹੋ ਗਏ ਅਤੇ ਆਪਣੇ ਨਜ਼ਦੀਕੀਆਂ ਵਿੱਚ ਘਿਰੇ ਜਾਣ ਲੱਗ ਪਏ। ਲੋਕਾਂ ਤੋਂ ਬੇਮੁੱਖ ਹੋਏ ਅਜਿਹੇ ਨੇਤਾ ਉਨ੍ਹਾਂ ਦੀਆਂ ਆਸਾਂ 'ਤੇ ਖਰੇ ਉੱਤਰਨੇ ਬੰਦ ਹੋ ਗਏ, ਜਿਸ ਨਾਲ ਲੋਕਤੰਤਰ ਨੂੰ ਸੱਟਾਂ ਵੱਜਣ ਲੱਗ ਪਈਆਂ। ਲੋਕਾਂ ਦੇ ਕੰਮ ਨਾ ਹੁੰਦੇ ਤਾਂ ਉਹ ਤਣਾਅ ਵਿੱਚ ਰਹਿਣ ਲੱਗੇ ਅਤੇ ਇਹ ਏਨਾ ਵਧ ਗਿਆ ਕਿ ਨੇਤਾ ਪਰਾਏ ਜਿਹੇ ਹੋ ਗਏ।

ਨੇਤਾ ਨੇਤਾਗਿਰੀ ਦੇ ਰਾਹ ਅਜਿਹੇ ਪਏ ਕਿ ਹਰ ਵਾਰ ਚੋਣਾਂ ਵਿੱਚ ਕੁੱਦਣ ਵਾਸਤੇ ਤਿਆਰ-ਬਰ-ਤਿਆਰ ਰਹਿਣ ਲੱਗੇ। ਪਾਰਟੀ ਵੱਲੋਂ ਹਰੀ ਝੰਡੀ ਨਾ ਮਿਲਣ ਕਾਰਨ ਤਣਾਅ ਦਾ ਸ਼ਿਕਾਰ ਹੋ ਜਾਂਦੇ, ਜਿਸ ਕਾਰਨ ਕਈ ਵਾਰ ਪਾਰਟੀ ਬਦਲ ਲੈਂਦੇ। ਕੇਵਲ ਆਪ ਹੀ ਨਹੀਂ, ਉਨ੍ਹਾਂ ਦੇ ਚੇਲੇ-ਚਾਟੜੇ ਵੀ ਤਣਾਅ ਦਾ ਸ਼ਿਕਾਰ ਹੋ ਜਾਂਦੇ। ਤਣਾਅ ਨੂੰ ਜਰਬ ਆਉਂਦੀ ਰਹਿੰਦੀ, ਜਿਸ ਕਾਰਨ ਲੜਾਈ-ਝਗੜੇ ਵੀ ਹੋ ਜਾਂਦੇ, ਜਿਹੜੇ ਲੋਕਤੰਤਰ ਨੂੰ ਬਦਨਾਮ ਕਰਨ ਦਾ ਕੰਮ ਹੀ ਕਰਦੇ।

ਚੋਣਾਂ ਵਿੱਚ ਇੱਕ ਦੂਜੇ ਉਮੀਦਵਾਰ ਦੀ ਵਿਰੋਧਤਾ ਤਾਂ ਸਹਿਜ ਜਿਹੀ ਕਿਰਿਆ ਹੈ, ਪਰ ਚੋਣ ਲੜਨ ਦੀ ਪ੍ਰਕਿਰਿਆ ਵਿੱਚ ਇੱਕ-ਦੂਜੇ ਦੇ ਦੁਸ਼ਮਣ ਬਣ ਜਾਂਦੇ, ਜੋ ਲੋਕਤੰਤਰ ਦੀ ਭਾਵਨਾ ਹੀ ਨਹੀਂ ਹੁੰਦੀ। ਚੋਣਾਂ ਲਾਲਚ ਦੇ ਕੇ ਜਿੱਤਣੀਆਂ, ਵਾਅਦੇ ਅਤੇ ਲਾਰੇ ਟੰਗਣੇ, ਬੂਥਾਂ 'ਤੇ ਕਬਜ਼ੇ ਕਰਨੇ, ਮਸ਼ੀਨਾਂ ਵਿੱਚ ਹੇਰਾਫੇਰੀ ਕਰਨੀ ਅਜਿਹੀਆਂ ਗੱਲਾਂ ਹਨ, ਜਿਹੜੀਆਂ ਲੋਕਤੰਤਰ 'ਤੇ ਧੱਬੇ ਵੀ ਹਨ ਵੈਰੀ ਵੀ।

ਅਜਿਹਾ ਹੋਣ ਨਾਲ ਸਾਰਾ ਸਮਾਜ ਹੀ ਤਣਾਅ ਦੀ ਲੰਮੀ ਲਪੇਟ ਵਿੱਚ ਆ ਜਾਂਦਾ ਹੈ, ਜਿਸ ਤੋਂ ਸਹਿਜੇ ਕੀਤੇ ਪਿੱਛਾ ਨਹੀਂ ਛੁੱਟਦਾ। ਫਿਰ ਚੋਣ ਦੀ ਲੰਮੀ ਪ੍ਰਕਿਰਿਆ ਵੀ ਲੋਕਾਂ ਦੇ ਤਣਾਅ ਦਾ ਕਾਰਨ ਬਣਦੀ ਹੈ, ਕਿਉਂ ਜੋ ਕਈ ਦੇਰ ਤੱਕ ਨਤੀਜੇ ਹੀ ਨਹੀਂ ਆਉਂਦੇ। ਨਤੀਜੇ ਉਡੀਕਣੇ ਨੇਤਾਵਾਂ ਲਈ ਵੀ ਆਸਾਨ ਨਹੀਂ ਹੁੰਦੇ। ਕਈ ਇੱਕ ਨੂੰ ਨੀਂਦ ਨਹੀਂ ਆਉਂਦੀ, ਕਈ ਕਿਸੇ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਕਿਸੇ ਨੂੰ ਭਿਆਨਕ ਹਮਲੇ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ।

ਕਈ ਦਿਨ ਐਗਜ਼ਿਟ ਪੋਲ ਨਤੀਜੇ ਸੁਣਾਏ ਜਾਂਦੇ ਹਨ, ਜਿਹੜੇ ਅਨੁਮਾਨ ਦੇ ਆਧਾਰ 'ਤੇ ਬਹੁਤੇ ਸਹੀ ਤਾਂ ਨਹੀਂ ਹੁੰਦੇ, ਪਰ ਰੌਚਿਕ ਹੋਣ ਕਾਰਨ ਸਾਰਿਆਂ ਦੀ ਉਤਸੁਕਤਾ ਤੋਂ ਦੂਰ ਹੋਣ ਦਾ ਨਾਂਅ ਨਹੀਂ ਲੈਂਦੇ। ਹੁਣ ਪਿਛਲੇ ਕਈ ਦਿਨਾਂ ਤੋਂ ਭਾਰਤ ਦੇ ਲੋਕ ਟੈਲੀਵੀਜ਼ਨਾਂ ਅੱਗੇ ਬੈਠੇ ਘੜੀ-ਘੜੀ ਦੀ ਖ਼ਬਰ ਲੈਣ ਤੋਂ ਨਹੀਂ ਉੱਕਦੇ। ਇਹ ਪੂਰੇ ਦੇਸ਼ ਦੇ ਲੋਕਾਂ ਦਾ ਸਮਾਂ ਜ਼ਾਇਆ ਹੁੰਦਾ ਹੈ, ਜੋ ਮੁਲਕ ਦੇ ਭਲੇ ਵਿੱਚ ਨਹੀਂ।

ਨਤੀਜੇ ਤੋਂ ਪਹਿਲਾਂ ਸੁਣਾਏ ਜਾਂਦੇ ਅਨੁਮਾਨ-ਨਤੀਜੇ ਹਕੂਮਤ ਵੱਲੋਂ ਪੈਸੇ ਦੇ ਜ਼ੋਰ ਨਾਲ ਵੀ ਸੁਣਾਏ ਜਾਂਦੇ ਹਨ, ਜਿਸ ਦਾ ਸਾਥ ਸਾਰੇ ਚੈਨਲ ਅਤੇ ਮੀਡੀਆ ਦੇ ਹੋਰ ਸਾਧਨ ਵੀ ਬੜੇ ਜ਼ੋਰ-ਸ਼ੋਰ ਨਾਲ ਦਿੰਦੇ ਹਨ, ਜੋ ਠੀਕ ਨਹੀਂ। ਅਨੁਮਾਨ-ਨਤੀਜੇ ਬੰਦ ਹੋਣੇ ਚਾਹੀਦੇ ਹਨ ਤਾਂ ਜੋ ਨੇਤਾਜਨ ਅਤੇ ਦੇਸ਼ ਦੇ ਲੋਕ ਤਣਾਅ ਤੋਂ ਬਚੇ ਰਹਿਣ, ਜਿਹੜਾ ਖਾਹਮਖਾਹ ਹੀ ਉਨ੍ਹਾਂ ਨੂੰ ਭੁਗਤਣਾ ਪੈ ਜਾਂਦਾ। ਜਦ ਪੱਕੇ ਨਤੀਜੇ ਨੇ ਆਉਣਾ ਹੀ ਹੁੰਦਾ ਹੈ, ਫਿਰ ਅਨੁਮਾਨ ਨਤੀਜੇ ਸੁਣਾਏ ਜਾਣ ਦਾ ਕੋਈ ਫਾਇਦਾ ਨਹੀਂ।

ਹਕੂਮਤ ਨੇ ਲੋਕਾਂ ਨੂੰ ਰਾਹਤ ਦੇਣੀ ਹੁੰਦੀ ਹੈ, ਤਣਾਅ-ਮੁਕਤ ਕਰਨਾ ਹੁੰਦਾ ਹੈ ਪਰ ਇੱਥੇ ਤਣਾਅ ਵਿੱਚ ਪਾ ਕੇ ਇਸ ਦਾ ਘੇਰਾ ਵੱਡਾ ਕਰ ਦਿੱਤਾ ਜਾਂਦਾ ਹੈ ਤਾਂ ਜੋ ਜਨਤਾ ਇਸ ਦੀਆਂ ਘੁੰਮਣਘੇਰੀਆਂ ਵਿੱਚ ਫਸੀ ਰਹੇ। ਤਣਾਅ ਦਾ ਘੇਰਾ ਦੇਸ਼ ਵਾਸੀਆਂ ਦੀ ਸਿਹਤ ਖ਼ਰਾਬ ਕਰਦਾ ਹੈ, ਜਿਸ ਤੋਂ ਬਚਾਏ ਜਾਣ ਲਈ ਕਦਮ ਉਠਾਉਣੇ ਹੀ ਚੰਗਾ ਰਹੇਗਾ।

ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਸਰਵੇ, ਅਨੁਮਾਨਾਂ ਅਤੇ ਪੇਡ ਖ਼ਬਰਾਂ ਉੱਤੇ ਸਦਾ-ਸਦਾ ਲਈ ਸਖ਼ਤੀ ਨਾਲ ਪਾਬੰਦੀ ਲਾਵੇ ਤਾਂ ਜੋ ਸਰਕਾਰਾਂ ਵੀ ਇਸ 'ਚ ਤਬਦੀਲੀ ਕਰਨ ਦਾ ਹੌਸਲਾ ਨਾ ਕਰ ਸਕਣ। ਅਜਿਹਾ ਹੋਣ ਨਾਲ ਦੇਸ਼ ਵਿੱਚ ਚੋਣਾਂ ਨਿਰਪੱਖ ਅਤੇ ਸਾਫ਼-ਸੁਥਰੇ ਢੰਗ ਨਾਲ ਹੋ ਸਕਣਗੀਆਂ। ਨਿਰਪੱਖਤਾ ਅਤੇ ਇਮਾਨਦਾਰੀ ਨਾਲ ਚੋਣਾਂ ਹੋਣ ਨਾਲ ਲੋਕਤੰਤਰ ਵਿੱਚ ਮੁੜ ਜਾਨ ਪੈ ਸਕਦੀ ਹੈ, ਜਿਸ ਨੂੰ ਕੱਢਣ ਵਾਲਿਆਂ ਨੂੰ ਢੁਕਵਾਂ ਸਬਕ ਮਿਲ ਸਕੇਗਾ।

ਦੇਸ਼ ਅਤੇ ਲੋਕਾਂ ਨੂੰ ਰਾਹਤ ਦੀ ਥਾਂ ਤਣਾਅ ਦੇ ਘੇਰੇ ਵਿੱਚ ਰਹਿਣ ਲਈ ਮਜਬੂਰ ਹੋਣਾ ਪਵੇ ਇਹ ਸਮਾਜ ਦੀ ਤਰੱਕੀ ਦੇ ਰਾਹ ਵਿੱਚ ਵੱਡਾ ਰੋੜਾ ਹੈ, ਜੋ ਨਹੀਂ ਹੋਣਾ ਚਾਹੀਦਾ। ਆਪੋ-ਆਪਣੀ ਆਵਾਜ਼ ਉਠਾ ਕੇ ਆਪਣੇ-ਆਪ ਨੂੰ ਵੀ ਬੁਲੰਦ ਕਰੀਏ ਤਾਂ ਜੋ ਸਰਕਾਰਾਂ ਮਨਮਾਨੀ ਕਰਨ ਤੋਂ ਬਾਜ਼ ਆਉਣ।

### ਕੋਈ ਜਿੱਤੇ ਕੋਈ ਹਾਰੇ

ਵਕਤ ਅਜਿਹਾ ਆ ਗਿਆ, ਜਿੱਥੇ ਏਹੀ ਕਹਿਣਾ ਪਵੇਗਾ ਕਿ ਕੋਈ ਜਿੱਤੇ ਕੋਈ ਹਾਰੇ, ਪਰ ਆਪਣੇ ਹੀ ਸਾਰੇ। ਇਸ ਲਈ ਕਿ ਉਹ ਸਾਡੇ ਦੇਸ਼ ਵਾਸੀਆਂ ਦੇ ਨੁਮਾਇੰਦੇ ਹੀ ਹਨ, ਪਰਵਾਸੀ ਨਹੀਂ। ਚੰਗਾ ਹੋਵੇ ਜੇ ਚੁਣੇ ਹੋਏ ਨੁਮਾਇੰਦੇ ਉਹ ਕੰਮ ਸੁਹਿਰਦ ਹੋ ਕੇ ਇਮਾਨਦਾਰੀ ਨਾਲ ਕਰਨ, ਜਿਸ ਲਈ ਉਨ੍ਹਾਂ ਨੂੰ ਹਮਾਇਤ ਵੀ ਦਿੱਤੀ ਗਈ ਅਤੇ ਜਿਤਾਇਆ ਵੀ ਗਿਆ। ਅੱਜ ਤੋਂ ਹੀ ਉਨ੍ਹਾਂ ਨੂੰ ਤਹੱਈਆ ਕਰਨਾ ਚਾਹੀਦਾ ਹੈ ਕਿ ਉਹ ਦੇਸ਼ ਦੇ ਚਿਹਰੇ-ਮੋਹਰੇ ਨੂੰ ਨਿਖਾਰਨ-ਸੰਵਾਰਨ ਲਈ ਕਾਰਜ ਕਰਨਗੇ ਅਤੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਢੁਕਵੇਂ ਕਦਮ ਉਠਾਉਣਗੇ। ਜਿਹੜੇ ਵਾਅਦੇ ਲੋਕਾਂ ਨਾਲ ਰੈਲੀਆਂ, ਕਾਨਫ਼ਰੰਸਾਂ ਵਿੱਚ ਕੀਤੇ, ਉਹ ਤਨਦੇਹੀ ਨਾਲ ਪੂਰੇ ਕਰਨ ਵਾਸਤੇ ਤਾਣ ਲਾਉਣ।

ਹਾਰਨ ਵਾਲਿਆਂ ਨੂੰ ਘਬਰਾਉਣਾ ਨਹੀਂ ਚਾਹੀਦਾ, ਦਿਲ ਥੋੜ੍ਹਾ ਨਹੀਂ ਕਰਨਾ ਚਾਹੀਦਾ। ਅਗਲੀਆਂ ਚੋਣਾਂ ਲਈ ਤਿਆਰੀ ਕਰਨੀ ਚਾਹੀਦੀ ਹੈ ਤਾਂ ਜੋ ਚੰਗੇ ਨਤੀਜੇ ਨਿਕਲਣ। ਉਨ੍ਹਾਂ ਨੂੰ ਲੋਕਾਂ ਨਾਲ ਸੰਪਰਕ ਪਹਿਲਾਂ ਨਾਲੋਂ ਜ਼ਿਆਦਾ ਵਧਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਦਿਲ ਜਿੱਤੇ ਜਾ ਸਕਣ। ਜਿਹੜੇ ਨੁਕਸ ਇਸ ਵਾਰ ਰਹਿ ਗਏ, ਉਹ ਅਗਲੀ ਵਾਰ ਲਈ ਦੂਰ ਕਰ ਲਏ ਜਾਣ ਤਾਂ ਜੋ ਲੋਕਾਂ ਦਾ ਭਰੋਸਾ ਹਾਸਲ ਕਰ ਸਕਣ।

ਜਿੱਤੇ ਹੋਇਆਂ ਨੂੰ ਵਾਅਦੇ ਪੂਰੇ ਕਰਨੇ ਚਾਹੀਦੇ ਹਨ ਤਾਂ ਜੋ ਲੋਕਾਂ ਦਾ ਨੇਤਾਵਾਂ ਵਿੱਚ ਵੀ ਭਰੋਸਾ ਬਣਿਆ ਰਹੇ ਅਤੇ ਦੇਸ਼ ਦੇ ਲੋਕਤੰਤਰ ਵਿੱਚ ਵੀ। ਜਿੱਤਣ ਬਾਅਦ ਉਹ ਕੇਵਲ ਆਪਣੀ ਪਾਰਟੀ, ਆਪਣੇ ਧੜੇ ਦੇ ਨੇਤਾ ਨਹੀਂ, ਸਗੋਂ ਪੂਰੇ ਹਲਕੇ ਦੀ ਅਗਵਾਈ ਕਰਨ ਵਾਲੇ ਹਨ, ਜੋ ਹਲਕੇ ਨੂੰ ਸਵਰਗ ਬਣਾਉਣ ਲਈ ਕੰਮ ਕਰਨ।

### ਲਤੀਫ਼ੇ ਦਾ ਚਿਹਰਾ ਮੋਹਰਾ

ਅੰਗਰੇਜ਼ੀ ਵਿਚ ਕਈ ਅੱਖਰ ਖਾਮੋਸ਼ ਰਹਿੰਦੇ
ਹਨ ਜਿਨ੍ਹਾਂ ਨੂੰ ਸਾਈਲੈਂਟ ਕਿਹਾ ਜਾਂਦੈ ਪਰ
ਪੰਜਾਬੀ ਵੀ ਪਿੱਛੇ ਨਹੀਂ ਜ਼ਰਾ ਧਿਆਨ ਦਿਓ
ਜਦ ਕੋਈ ਦੁਕਾਨਦਾਰ ਕਹਿੰਦਾ ਹੈ ਕਿ
ਤੁਹਾਨੂੰ 'ਜ਼ਿਆਦਾ ਨਹੀਂ ਲਗਾਉਂਦੇ'
ਇਸ ਵਿੱਚ 'ਚੂਨਾ' ਵਿਚਾਰਾ ਚੁੱਪ ਹੈ।
ਵਿਆਹ ਦੇ ਸਮੇਂ ਕਿਹਾ ਜਾਂਦਾ ਹੈ ਕਿ
ਲੜਕੀ 'ਨਿਰੀ ਗਾਂ ਹੈ ਨਿਰੀ ਗਾਂ'
ਇਸ ਵਿੱਚ 'ਸਿੰਗਾਂ ਵਾਲੀ' ਸਾਈਲੈਂਟ ਹੈ।
ਇਸੇ ਤਰ੍ਹਾਂ ਜਦ 'ਵਿਦਾਈ' ਸਮੇਂ ਲਾੜੇ
ਨੂੰ ਕਿਹਾ ਜਾਂਦਾ 'ਕਿ ਖ਼ਿਆਲ ਰੱਖਣਾ'
ਤਾਂ 'ਇਸ ਤੋਂ ਆਪਣਾ' ਚੁੱਪ ਰਹਿੰਦਾ ਹੈ।

# ਇੱਕ ਦਿਨ ਬਿਕ ਜਾਏਗਾ ਮਾਟੀ ਕੇ ਮੋਲ, ਜੱਗ ਮੇਂ ਰਹਿ ਜਾਏਂਗੇ ਪਿਆਰੇ ਤੇਰੇ ਬੋਲ



ਪ੍ਰਿੰਸੀਪਲ ਪ੍ਰੇਮਲਤਾ
98143-41746

ਮਈ 2019, ਭਾਰਤ ਵਿੱਚ ਕਲਾ ਜਗਤ ਲਈ ਇੱਕ ਬਹੁਤ ਹੀ ਬੁਰੀ ਖ਼ਬਰ ਲੈ ਕੇ ਆਇਆ ਹੈ। ਮਹਾਨ ਅਦਾਕਾਰ ਅਤੇ ਨਿਰਦੇਸ਼ਕ ਰਾਜ ਕਪੂਰ ਵੱਲੋਂ ਮੁੰਬਈ ਦੇ ਚੈਂਬੂਰ ਵਿਖੇ 1948 'ਚ ਸਥਾਪਿਤ ਕੀਤਾ ਆਰ.ਕੇ ਸਟੂਡੀਓ ਨੂੰ ਉਨ੍ਹਾਂ ਦੇ ਪਰਿਵਾਰਿਕ ਵਾਰਸਾਂ ਨੇ ਇੱਕ ਨਿੱਜੀ ਫਰਮ "ਗੌਦਰੇਜ਼ ਪ੍ਰਾਪਰਟੀਜ਼" ਨੂੰ ਵੇਚ ਦਿੱਤਾ। ਇਹ ਖ਼ਬਰ ਐਨੀ ਵੱਡੀ ਸੀ, ਪਰ ਦੇਸ਼ ਵਿੱਚ ਚੱਲ ਰਹੀਆਂ ਕੇਂਦਰੀ ਸਰਕਾਰ ਦੀਆਂ ਚੋਣਾਂ ਕਾਰਨ ਦਬੀ-ਦਬੀ ਜਿਹੀ ਰਹਿ ਗਈ। ਇਸ ਸਟੂਡੀਓ ਨੂੰ ਵੇਚਣ ਦੀਆਂ ਗੱਲਾਂ ਪਿਛਲੇ ਕੁਝ ਸਾਲਾਂ ਤੋਂ ਹੋ ਰਹੀਆਂ ਸਨ, ਹੋ ਸਕਦਾ ਹੈ ਵੇਚਣ ਅਤੇ ਖਰੀਦਣ ਵਾਲੀਆਂ ਦੋਵੇਂ ਧਿਰਾਂ ਨੇ ਚੋਣਾਂ ਦੇ ਮਾਹੌਲ ਨੂੰ, ਇਸ ਪ੍ਰਕ੍ਰਿਆ ਨੂੰ ਪੂਰਾ ਕਰਨ ਲਈ ਢੁਕਵਾਂ ਸਮਝਿਆ ਹੋਵੇ। ਕੀ ਮਹਾਤਮਾ ਗਾਂਧੀ ਦੇ ਵਾਰਿਸ "ਸਾਬਰਮਤੀ ਆਸ਼ਰਮ" ਨੂੰ ਵੇਚ ਸਕਦੇ ਹਨ, ਜਾਂ ਦੇਸ਼ ਉਨ੍ਹਾਂ ਨੂੰ ਵੇਚਣ ਦੇ ਸਕਦਾ ਹੈ? ਬਸ ਇੱਥੇ ਹੀ ਗਲਤੀ ਹੋਈ ਹੈ, ਦੇਸ਼, ਆਰ.ਕੇ. ਸਟੂਡੀਓ ਨੂੰ "ਸਾਬਰਮਤੀ ਆਸ਼ਰਮ" ਵਾਂਗ ਪਵਿੱਤਰ ਨਹੀਂ ਸਮਝ ਸਕਿਆ: ਇਸਨੂੰ ਕੇਵਲ ਇੱਕ ਨਿੱਜੀ ਜਾਇਦਾਦ ਅਤੇ ਦੁਕਾਨਦਾਰੀ ਸਮਝ ਲਿਆ।

ਆਰ.ਕੇ.ਸਟੂਡੀਓ 'ਚ ਬਣੀਆਂ ਫਿਲਮਾਂ ਬਾਰੇ ਜਾਣਕਾਰੀ ਤੋਂ ਹੀ ਇਸ ਦੇ ਗੌਰਵਮਈ ਸੁਨਹਿਰੀ ਇਤਿਹਾਸ ਬਾਰੇ ਪਤਾ ਚੱਲਦਾ ਹੈ। ਇਹ ਵੀ ਇੱਕ ਸੰਜੋਗ ਹੀ ਕਿਹਾ ਜਾਵੇਗਾ ਕਿ ਆਰ.ਕੇ.ਸਟੂਡੀਓ ਦੀ ਸ਼ੁਰੂਆਤ ਦਾ ਖਿਆਲ "ਆਗ" ਫ਼ਿਲਮ ਦੀ ਸ਼ੂਟਿੰਗ ਸਮੇਂ ਆਇਆ ਸੀ ਅਤੇ ਇਸਦੇ ਅੰਤ ਦੀ ਕਹਾਣੀ ਵੀ ਇਸਨੂੰ ਅੱਗ ਲੱਗਣ ਦੀ ਘਟਨਾ ਨਾ਼ਲ ਜੁੜਦੀ ਹੈ। ਸੰਨ 1947 ਵਿੱਚ ਜਦੋਂ ਰਾਜ ਕਪੂਰ ਬਤੌਰ ਨਿਰਮਾਤਾ-ਨਿਰਦੇਸ਼ਕ "ਆਗ" ਫ਼ਿਲਮ ਬਣਾ ਰਹੇ ਸਨ, ਉਦੋਂ ਹੀ ਉਨ੍ਹਾਂ ਨੇ ਇਰਾਦਾਧਾਰ ਲਿਆ ਕਿ ਫਿਲਮ-ਇੰਡਸਟਰੀ 'ਚ ਲੰਮੀ ਪਾਰੀ ਖੇਡਣ ਲਈ ਆਪਣਾ ਸਟੂਡੀਓ ਹੋਣਾ ਚਾਹੀਦਾ ਹੈ। ਇਸ ਮਕਸਦ ਲਈ ਉਨ੍ਹਾਂ ਨੇ ਮੁੰਬਈ ਦੇ ਇੱਕ ਉੱਪ-ਨਗਰ ਚੈਂਬੂਰ 'ਚ ਦੋ ਏਕੜ੍ਹ ਦਾ ਪਲਾਟ ਲੈ ਲਿਆ। ਸੰਨ 1948 ਵਿੱਚ ਇਹ ਸਟੂਡੀਓ ਹੋਂਦ ਵਿੱਚ ਆ ਗਿਆ। ਇਸੇ ਸਟੂਡੀਓ ਵਿੱਚ ਸਭ ਤੋਂ ਪਹਿਲੀ ਫਿਲਮ "ਬਰਸਾਤ" ਬਣਕੇ ਤਿਆਰ ਹੋਈ,ਜਿਸਨੂੰ ਰਾਜ ਕਪੂਰ ਨੇ ਨਿਰਦੇਸ਼ਨ ਦਿੱਤਾ ਅਤੇ ਅਦਾਕਾਰੀ ਵਿੱਚ ਮੁੱਖ ਭੂਮਿਕਾ ਵੀ ਰਾਜ ਕਪੂਰ ਅਤੇ ਨਰਗਿਸ ਨੇ ਨਿਭਾਈ ਸੀ। ਇਸਤੋਂ ਬਾਅਦ ਬਹੁਤ ਸਾਰੀਆਂ ਕਲਾਤਮਕ ਅਤੇ ਯਾਦਗਾਰੀ ਫਿਲਮਾਂ ਜਿਨ੍ਹਾਂ 'ਚ ਮੁੱਖ ਅਦਾਕਾਰ ਦੀ ਭੂਮਿਕਾ ਅਤੇ ਬਹੁਤ ਸਾਰੀਆਂ 'ਚ ਨਿਰਦੇਸ਼ਕ ਦੀ ਭੂਮਿਕਾ, ਰਾਜ ਕਪੂਰ ਵੱਲੋਂ ਨਿਭਾਈ ਗਈ। ਸੰਨ 1951 ਵਿੱਚ ਆਈ ਫਿਲਮ "ਆਵਾਰਾ", ਜਿਸ ਵਿੱਚ ਰਾਜ ਕਪੂਰ ਉੱਪਰ ਫ਼ਿਲਮਾਇਆ ਗੀਤ 'ਆਵਾਰਾ ਹੂੰ.......' ਅੱਜ ਵੀ ਕੰਨਾਂ 'ਚ ਗੂੰਜਦਾ ਹੈ। ਸੰਨ 1954 ਵਿੱਚ ਬਣੀ ਫਿਲਮ "ਬੂਟ ਪਾਲਿਸ਼" ਜਿਸ ਵਿੱਚ ਮੁੱਖ ਅਦਾਕਾਰ ਰਾਜ ਕਪੂਰ ਅਤੇ ਨਿ-ਰਦੇਸ਼ਕ ਪ੍ਰਕਾਸ਼ ਅਰੌੜਾ ਸਨ। ਡੈਵਿਡ ਉੱਪਰ ਫਿਲਮਾਇਆ ਗੀਤ "ਨੰਨੇ ਮੁੰਨੇ ਬੱਚੇ ਤੇਰੀ ਮੁੱਠੀ ਮੇਂ ਕਿਆ ਹੈ......" ਬੱਚਿਆਂ ਲਈ ਇੱਕ ਉਤਸ਼ਾਹ ਭਰਪੂਰ ਗੀਤ ਹੈ। ਮੰਨਾ ਡੇ ਦੀ ਆਵਾਜ਼ ਵਿੱਚ ਡੈਵਿਡ ਉੱਪਰ ਹੀ ਫਿਲਮਾਇਆ ਗੀਤ,'ਲਪਕ-ਝਪਕ ਤੂੰ ਆ ਰੇ ਬਦਰਵਾ.....' ਇੱਕ ਕਲਾਤਮਕ ਗੀਤ ਹੈ। 1955 ਵਿੱਚ ਬਣੀ ਫ਼ਿਲਮ "ਸ਼੍ਰੀ 420" ਵਿੱਚ ਰਾਜ ਕਪੂਰ ਅਤੇ ਨਰਗਿਸ ਉੱਪਰ ਫਿਲਮਾਇਆ ਗੀਤ 'ਪਿਆਰ ਹੂਆ ਇਕਰਾਰ ਹੂਆ......' ਦਾ ਛੱਤਰੀ ਵਾਲਾ ਦ੍ਰਿਸ਼ ਅੱਜ ਵੀ ਲੋਕ ਮਨਾਂ 'ਚ ਜਿਉਂਦਾ ਜਾਗਦਾ ਹੈ। 1956 ਵਿੱਚ ਬਣੀ ਫ਼ਿਲਮ " ਚੋਰੀ-ਚੋਰੀ" ਵਿੱਚ ਰਾਜ ਕਪੂਰ ਅਤੇ ਨਰਗਿਸ ਉੱਪਰ ਫਿਲਮਾਇਆ ਗੀਤ 'ਆਜਾ ਸਨਮ ਮਧੁਰ ਚਾਂਦਨੀ ....' ਜਿਸਨੂੰ ਲਤਾ ਮੰਗੇਸ਼ਕਰ ਅਤੇ ਮੰਨਾ ਡੇ ਨੇ ਆਵਾਜ਼ ਦਿੱਤੀ, ਅੱਜ ਵੀ ਕੰਨ੍ਹਾਂ ਵਿੱਚ ਗੂੰਜਦਾ ਹੈ। 1959 ਵਿੱਚ ਆਈ ਫਿਲਮ "ਅਨਾੜੀ" ਵਿੱਚ ਰਾਜ ਕਪੂਰ ਅਤੇ ਨੂਤਨ ਦੇ ਨਾ਼ਲ ਸਹਾਇਕ ਅਦਾਕਾਰਾ ਵੱਲੋਂ "ਸਭ ਕੁਛ ਸੀਖਾ ਹਮ ਨੇ......." ਗੀਤ ਉੱਪਰ ਕੀਤਾ ਕਲਾਤਮਿਕ ਨ੍ਰਿਤ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸੇ ਫਿਲਮ ਵਿੱਚ ਰਾਜ ਕਪੂਰ ਅਤੇ ਨੂਤਨ ਉੱਪਰ ਫਿਲਮਾਇਆ ਇੱਕ ਖ਼ੂਬਸੂਰਤ ਗੀਤ "ਵੋਹ ਚਾਂਦ ਖਿਲਾ ਵੋਹ ਤਾਰੇ ਖਿਲੇ......" ਲੋਕ ਮਨਾਂ ਵਿੱਚੋਂ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ।

1960 ਵਿੱਚ ਆਈ ਫ਼ਿਲਮ 'ਜਿਸ ਦੇਸ਼ ਮੇਂ ਗੰਗਾ ਬਰਤੀ ਹੈ' ਵਿੱਚ ਮੁੱਖ ਅਦਾਕਾਰ ਦੀ ਭੂਮਿਕਾ ਰਾਜ ਕਪੂਰ ਅਤੇ ਨਿਰਦੇਸ਼ਕ ਦੀ ਭੂਮਿਕਾ ਰਾਧੂ ਕਰਮਾਕਰ ਨੇ ਨਿਭਾਈ। 1964 ਵਿੱਚ ਆਈ ਫ਼ਿਲਮ "ਸੰਗਮ" ਵਿੱਚ ਰਾਜ ਕਪੂਰ, ਰਾਜਿੰਦਰ ਕੁਮਾਰ ਅਤੇ ਵਜਿਯੰਤੀ ਮਾਲਾ ਦੀ ਅਦਾਕਾਰੀ ਅਤੇ ਗਾਣੇ ਅੱਜ ਵੀ ਲੋਕ ਮਨਾਂ ਤੇ ਛਾਏ ਹੋਏ ਹਨ। ਇਸ ਫਿਲਮ ਦੇ ਨਿਰਦੇਸ਼ਕ ਵੀ ਰਾਜ ਕਪੂਰ ਸਨ। 1970 ਵਿੱਚ ਆਈ ਫ਼ਿਲਮ "ਮੇਰਾ ਨਾਮ ਜੋਕਰ" ਨੇ ਰਾਜ ਕਪੂਰ ਨੂੰ ਵਿਸ਼ਵ ਅਭਿਨੇਤਾ ਬਣਾ ਦਿੱਤਾ। ਰਾਜ ਕਪੂਰ ਉੱਪਰ ਫਿਲਮਾਇਆ ਗੀਤ 'ਕਹਿਤਾ' ਹੈ ਜੋਕਰ ਸਾਰਾ ਜਮਾਨਾ...... ਇੱਕ ਕਲਾਕਾਰ ਦੀ ਜ਼ਿੰਦਗੀ ਦੀ ਸੱਚਾਈ ਨੂੰ ਪ੍ਰਗਟ ਕਰਦਾ ਹੈ। ਜਦੋਂ ਰਾਜ ਕਪੂਰ 'ਜੀਨਾ ਜਹਾਂ ਮਰਨਾ ਜਹਾਂ.......' ਗੀਤ ਵਿੱਚ ਮਾਂ...... ਮਾਂ ਪੁਕਾਰਦਾ ਹੈ ਤਾਂ ਇੰਝ ਲੱਗਦਾ ਹੈ, ਉਸਦੀ ਆਵਾਜ਼ ਸਿੱਧੀ ਸਵਰਗ ਵਿੱਚ ਉਸਦੀ ਮਾਂ ਤੱਕ ਪਹੁੰਚ ਰਹੀ ਹੁੰਦੀ ਹੈ।

1960 ਵਿੱਚ ਆਈ ਫ਼ਿਲਮ 'ਜਿਸ ਦੇਸ਼ ਮੇਂ ਗੰਗਾ ਬਰਤੀ ਹੈ' ਵਿੱਚ ਮੁੱਖ ਅਦਾਕਾਰ ਦੀ ਭੂਮਿਕਾ ਰਾਜ ਕਪੂਰ ਅਤੇ ਨਿਰਦੇਸ਼ਕ ਦੀ ਭੂਮਿਕਾ ਰਾਧੂ ਕਰਮਾਕਰ ਨੇ ਨਿਭਾਈ। 1964 ਵਿੱਚ ਆਈ ਫ਼ਿਲਮ "ਸੰਗਮ" ਵਿੱਚ ਰਾਜ ਕਪੂਰ, ਰਾਜਿੰਦਰ ਕੁਮਾਰ ਅਤੇ ਵਜਿਯੰਤੀ ਮਾਲਾ ਦੀ ਅਦਾਕਾਰੀ ਅਤੇ ਗਾਣੇ ਅੱਜ ਵੀ ਲੋਕ ਮਨਾਂ ਤੇ ਛਾਏ ਹੋਏ ਹਨ। ਇਸ ਫਿਲਮ ਦੇ ਨਿਰਦੇਸ਼ਕ ਵੀ ਰਾਜ ਕਪੂਰ ਸਨ। 1970 ਵਿੱਚ ਆਈ ਫ਼ਿਲਮ "ਮੇਰਾ ਨਾਮ ਜੋਕਰ" ਨੇ ਰਾਜ ਕਪੂਰ ਨੂੰ ਵਿਸ਼ਵ ਅਭਿਨੇਤਾ ਬਣਾ ਦਿੱਤਾ। ਰਾਜ ਕਪੂਰ ਉੱਪਰ ਫਿਲਮਾਇਆ ਗੀਤ 'ਕਹਿਤਾ' ਹੈ ਜੋਕਰ ਸਾਰਾ ਜਮਾਨਾ...... ਇੱਕ ਕਲਾਕਾਰ ਦੀ ਜ਼ਿੰਦਗੀ ਦੀ ਸੱਚਾਈ ਨੂੰ ਪ੍ਰਗਟ ਕਰਦਾ ਹੈ। ਜਦੋਂ ਰਾਜ ਕਪੂਰ 'ਜੀਨਾ ਜਹਾਂ ਮਰਨਾ ਜਹਾਂ.......' ਗੀਤ ਵਿੱਚ ਮਾਂ...... ਮਾਂ ਪੁਕਾਰਦਾ ਹੈ ਤਾਂ ਇੰਝ ਲੱਗਦਾ ਹੈ, ਉਸਦੀ ਆਵਾਜ਼ ਸਿੱਧੀ ਸਵਰਗ ਵਿੱਚ ਉਸਦੀ ਮਾਂ ਤੱਕ ਪਹੁੰਚ ਰਹੀ ਹੁੰਦੀ ਹੈ। 1973 ਵਿੱਚ ਰਾਜ ਕਪੂਰ ਦੁਆਰਾ ਨਿਰਦੇਸ਼ਿਤ ਫ਼ਿਲਮ "ਬੋਬੀ" ਨੇ ਬਾਕਸ ਆਫ਼ਿਸ ਉੱਪਰ ਸਾਰੇ ਰਿਕਾਰਡ ਤੋੜ ਦਿੱਤੇ ਸਨ। ਉਂਝ ਤਾਂ ਇਸ ਫ਼ਿਲਮ ਦੇ ਸਾਰੇ ਗੀਤ ਹਿੱਟ ਸਨ, ਪਰ ਰਿਸ਼ੀ ਕਪੂਰ, ਡਿੰਪਲ ਅਤੇ ਪ੍ਰੇਮ ਨਾਥ ਉੱਪਰ ਫਿਲਮਾਇਆ ਗੀਤ "ਨਾਂ ਮਾਂਗੂ ਸੋਨਾ ਚਾਂਦੀ........" ਨੇ ਸਾਹਿਤ ਜਗਤ ਦੀ ਆਤਮਾ ਨੂੰ ਛੂਹ ਲਿਆ ਹੈ। ਇਨ੍ਹਾਂ ਤੋਂ ਬਾਅਦ ਰਾਜ ਕਪੂਰ ਦੁਆਰਾ ਨਿਰਦੇਸ਼ਿਤ ਫਿਲਮਾਂ "ਸੱਤਿਅਮ ਸ਼ਿਵਮ ਸੁੰਦਰਮ (1978)" ਅਤੇ "ਰਾਮ ਤੇਰੀ ਗੰਗਾ ਮੈਲੀ(1985)" ਬਾਕਸ ਆਫਿਸ ਉੱਪਰ ਧੁੰਮਾਂ ਪਾ ਚੁੱਕੀਆਂ ਹਨ। 1975 ਵਿੱਚ ਆਈ ਫ਼ਿਲਮ "ਧਰਮ ਕਰਮ" ਵਿੱਚ ਰਾਜ ਕਪੂਰ ਉੱਪਰ ਫਿਲਮਾਇਆ ਗੀਤ "ਇੱਕ ਦਿਨ ਬਿਕ ਜਾਏਗਾ ਮਾਟੀ ਕੇ ਮੋਲ....." ਰਾਜ ਕਪੂਰ ਦੀ ਆਪਣੀ ਦਾਸਤਾਨ ਉੱਪਰ ਸਹੀ ਬੈਠ ਗਿਆ।

ਰਾਜ ਕਪੂਰ ਵੱਲੋਂ ਨਿਰਦੇਸ਼ਿਤ ਜਾਂ ਉਹ ਫ਼ਿਲਮਾਂ ਜਿਨ੍ਹਾਂ ਵਿੱਚ ਰਾਜ ਕਪੂਰ ਨੇ ਅਦਾਕਾਰ ਤੇ ਤੌਰ 'ਤੇ ਮੁੱਖ ਭੂਮਿਕਾ ਨਿਭਾਈ ਹੈ, ਬਹੁਤ ਜਿਆਦਾ ਹਨ, ਜਿਨ੍ਹਾਂ ਨੂੰ ਸਾਹਿਤ ਜਗਤ ਅਤੇ ਫ਼ਿਲਮੀ ਜਗਤ ਵਿੱਚ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਰਾਜ ਕਪੂਰ ਸਾਹਿਬ ਨੂੰ ਫ਼ਿਲਮੀ ਜਗਤ ਨਾ਼ਲ ਸਬੰਧਤ ਬਹੁਤ ਸਾਰੇ ਮਾਨ ਸਨਮਾਨ ਮਿਲ ਚੁੱਕੇ ਹਨ। 2 ਫ਼ਿਲਮ ਫੇਅਰ ਅਵਾਰਡ, ਸ੍ਰੇਸ਼ਠ ਫਿਲਮਾਂ ਲਈ, 2 ਫਿਲਮ ਫੇਅਰ ਅਵਾਰਡ ਸ੍ਰੇਸ਼ਠ ਅਦ-ਾਕਾਰੀ ਵਿੱਚ, 4 ਫਿਲਮ ਫੇਅਰ ਅਵਾਰਡ ਸ੍ਰੇਸ਼ਠ ਨਿਰਦੇਸ਼ਨ ਲਈ, 2 ਰਾਸ਼ਟਰੀ ਫ਼ਿਲਮ ਅਵਾਰਡ, ਫ਼ਿਲਮ ਫੇਅਰ ਅਵਾਰਡ ਸ੍ਰੇਸ਼ਠ ਐਡੀਟਿੰਗ ਲਈ, 1971 ਵਿੱਚ ਪਦਮ ਵਿਭੂਸ਼ਨ ਅਤੇ 1987 ਵਿੱਚ "ਦਾਦਾ ਸਾਹਿਬ ਫਾਲਕੇ" ਅਵਾਰਡ ਮਿਲ ਚੁੱਕੇ ਹਨ।

ਕਿਸੇ ਦੇਸ਼ ਦੀ ਪਹਿਚਾਨ ਉਸ ਦੇਸ਼ ਵਿੱਚ ਵਿਕਸਤ ਹੋਈ ਕਲਾ ਅਤੇ ਸਾਹਿਤ ਤੋਂ ਹੀ ਹੁੰਦੀ ਹੈ। ਮਹਾਰਾਜਾ ਵਿਕਰਮਾ ਦਿਤਯ ਦੇ ਕਾਲ ਨੂੰ ਭਾਰਤ ਦਾ ਸੁਨਹਿਰੀ ਕਾਲ ਕਿਹਾ ਜਾਂਦਾ ਹੈ, ਇਸ ਗੱਲ ਦੇ ਹੱਕ ਵਿੱਚ ਸਭ ਤੋਂ ਵੱਡਾ ਤਰਕ ਇਹ ਹੈ ਕਿ ਉਸਦੇ ਰਾਜ ਵਿੱਚ ਉੱਚ ਕੋਟੀ ਦੇ ਸਾਹਿਤਕਾਰ ਅਤੇ ਵਿਗਿਆਨੀ ਹੋਏ ਹਨ। ਉਸ ਕਾਲ ਨੇ ਭਾਰਤ ਵਿੱਚ ਨਾਟਕ ਕਲਾ ਨੂੰ ਜਨਮ ਦਿੱਤਾ। ਉਸ ਕਾਲ ਦੇ ਮਹਾਂਕਵੀ ਕਾਲੀਦਾਸ ਵੱਲੋਂ ਰਚਿਤ ਨਾਟਕ : ਸ਼ਕੁੰਤਲਾ, ਰਘੂਵੰਸ਼, ਵਿਕਰਮੋਉਰਵਸ਼ੀ, ਮਾਲਾ ਵਿਕਾਂਗਨੀ ਮਿਤ੍ਰਾਮ ਵਿਸ਼ਵ ਪ੍ਰਸਿੱਧ ਹਨ। ਸ਼ੁਦਰਕ ਵੱਲੋਂ ਲਿਖਿਆ ਗਿਆ ਨਾਟਕ 'ਮਿਰਛ ਕਟਿਕਾ' (ਮਿੱਟੀ ਦਾ ਛੋਟਾ ਗੱਡਾ) ਬਸੰਤ ਸੇਨਾ ਅਤੇ ਚਾਰੂਦੱਤਾ ਦੇ ਪਿਆਰ ਨੂੰ ਦਰਸਾਉਂਦਾ ਨਾਟਕ ਹੈ। ਉਹ ਦੇਸ਼ ਜਿਸਦੀ ਸੰਸਕ੍ਰਿਤੀ ਦੀ ਬੁਨਿਆਦ ਹੀ ਕਲਾ, ਸੰਗੀਤ ਅਤੇ ਅਭਿੰਨੇ ਹੋਵੇ, ਜਿਸਦੇ ਗਰਭ ਵਿੱਚ ਮਹਾਨ ਸਾਹਿਤਕਾਰਾਂ, ਕਲਾਕਾਰਾਂ ਦਾ ਲੰਮਾ ਇਤਿਹਾਸ ਹੋਵੇ, ਜਿਸਦਾ ਇੱਕ ਧਾਰਮਿਕ ਗ੍ਰੰਥ ਹੀ ਕਲਾ ਨੂੰ ਸਮਰਪਿਤ ਹੋਵੇ, ਅਜਿਹੇ ਦੇਸ਼ ਵਿੱਚ ਆਰ.ਕੇ. ਸਟੂਡੀਓ ਦੀ ਜੜ ਪੁੱਟੇ ਜਾਣ ਤੇ ਕੋਈ ਪ੍ਰਤੀਕਰਮ ਨਾ ਹੋਣਾ। ਇਹ ਦਰਸਾਉਂਦਾ ਹੈ ਕਿ ਅੱਜ ਦੇਸ਼ ਦਾ ਵਾਤਾਵਰਣ ਕਲਾ ਵਹੀਨ, ਖੁਦਗਰਜ, ਦੌਲਤਪ੍ਰਸਤ ਹੁੰਦਾ ਜਾ ਰਿਹਾ ਹੈ। ਅੱਜ ਜੇਕਰ ਕੋਈ ਪੜ੍ਹਿਆ ਲਿਖਿਆ ਇਨਸਾਨ ਲੰਡਨ ਜਾਂਦਾ ਹੈ, ਤਾਂ ਉਹ ਸੋਲਵੀਂ ਸਦੀ ਵਿੱਚ ਸਟ੍ਰੈਟਫੋਰਡ ਵਿੱਚ ਬਣੇ ਸ਼ੈਕਸ਼ਪੀਅਰ ਦੇ ਘਰ ਨੂੰ ਜਰੂਰ ਦੇਖਣ ਜਾਂਦਾ ਹੈ, ਜਿਸ ਵਿੱਚ ਇੰਗਲੈਂਡ ਦੀ ਸਰਕਾਰ ਨੇ ਸ਼ੈਕਸਪੀਅਰ ਨੂੰ ਸਮਰਪਿਤ ਇੱਕ ਮਿਊਜਿਅਮ ਸਥਾਪਿਤ ਕੀਤਾ ਹੋਇਆ ਹੈ। ਸ਼ੈਕਸ਼ਪੀਅਰ ਦਾ ਇਹ ਘਰ ਇੰਗਲੈਂਡ ਦੇਸ਼ ਲਈ ਇੱਕ ਮਹੱਤਵਪੂਰਨ ਟੂਰਿਸਟ ਡੈਸਟੀਨੇਸ਼ਨ ਬਣ ਚੁੱਕਾ ਹੈ। ਆਰ.ਕੇ. ਸਟੂਡੀਓ ਵੀ ਸੈਕਸ਼ਪੀਅਰ ਦੇ ਘਰ ਵਾਂਗ ਕਲਾ ਅਤੇ ਸਾਹਿਤਕ ਤੌਰ ਤੇ ਪਵਿੱਤਰ ਅਤੇ ਮਹੱਤਵਪੂਰਨ ਹੈ। ਇਹ ਕਲਮ ਭਾਰਤ ਦੀ ਨਵੀਂ ਬਣੀ ਕੇਂਦਰੀ ਸਰਕਾਰ ਨੂੰ ਚੀਕ-ਚੀਕ ਕੇ ਕਹਿ ਰਹੀ ਹੈ ਕਿ ਭਾਰਤ ਦਾ ਸੰਸਕ੍ਰਿਤਕ ਮੰਤਰਾਲਿਆ, ਗੌਦਰੇਜ ਪ੍ਰਾਪਰਟੀਜ਼ ਨੂੰ ਪੂਰਾ ਭੁਗਤਾਨ ਕਰਕੇ "ਆਰ.ਕੇ.ਸਟੂਡੀਓ" ਨੂੰ ਵਾਪਿਸ ਆਪਣੇ ਕਬਜੇ ਵਿੱਚ ਲੈ ਲਵੇ ਅਤੇ ਉਸ ਵਿੱਚ ਭਾਰਤ ਦੇ ਫ਼ਿਲਮੀ ਸੁਨਹਿਰੀ ਇਤਿਹਾਸ ਨੂੰ ਦਰਸਾਉਂਦਾ ਇੱਕ ਆਲੀਸ਼ਾਨ ਮਿਊਜ਼ੀਅਮ ਬਣਾਇਆ ਜਾਵੇ। ਇੱਕ ਗੱਲ ਦਾਵੇ ਨਾ਼ਲ ਕਹੀ ਜਾ ਸਕਦੀ ਹੈ ਕਿ ਜਿੰਨਾ ਧਨ ਸਰਕਾਰ ਖਰਚ ਕਰੇਗੀ, ਉਸਤੋਂ ਕਈ ਗੁਣਾ ਵੱਧ ਧਨ ਮਿਊਜ਼ੀਅਮ ਤੋਂ ਪੈਦਾ ਟੂਰਿਜ਼ਮ ਤੋਂ ਮਿਲੇਗਾ, ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਮਿਲਦਾ ਰਹੇਗਾ।

# ਦੇਸ਼ ਵਿੱਚ ਲੋਕਤੰਤਰ ਪ੍ਰਤੀ ਨ-ਪਸੰਦਗੀ ਚਿੰਤਾਜਨਕ ਵਰਤਾਰਾ



ਗੁਰਮੀਤ ਪਲਾਹੀ
91-98158-02070

**ਦੇਸ਼ ਦੇ ਸਾਹਮਣੇ ਵੱਡੀ ਸਮੱਸਿਆ ਰੁਜ਼ਗਾਰ ਸਿਰਜਣ ਦੀ ਹੈ, ਦੇਸ਼ ਵਿੱਚ ਖੇਤੀ ਸੰਕਟ ਬਹੁਤ ਹੀ ਵੱਡਾ ਹੈ। ਪਿਛਲੀ ਮੋਦੀ ਸਰਕਾਰ ਵਲੋਂ ਚਾਲੂ ਕੀਤੀਆਂ 134 ਯੋਜਨਾਵਾਂ ਵਿੱਚੋਂ ਬਹੁਤੀਆਂ ਅਸਫ਼ਲ ਸਾਬਤ ਹੋਈਆਂ। ਨੋਟ ਬੰਦੀ ਅਤੇ ਜੀ ਐਸ ਟੀ ਨੇ ਆਮ ਲੋਕਾਂ ਨੂੰ ਅਸੁਵਿਧਾ ਵਿੱਚ ਪਾਇਆ ਅਤੇ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਵੀ ਹੋਏ, ਪਰ ਜਿਸ ਢੰਗ ਨਾਲ ਰੋਸ ਅਤੇ ਅਸੰਤੋਸ਼ ਦੀ ਕੜਵਾਹਟ 1977 ਵਿੱਚ ਵਿਰੋਧੀ ਦਲਾਂ ਨੇ 'ਇੰਦਰਾ ਹਟਾਓ' ਲਹਿਰ ਨਾਲ ਪੈਦਾ ਕੀਤੀ ਸੀ, ਹੁਣ ਦੀ ਵਿਰੋਧੀ ਧਿਰ ਲੋਕਾਂ ਨੂੰ ਲਾਮ ਬੰਦ ਨਾ ਕਰ ਸਕੀ।**

16ਵੀਂ ਲੋਕ ਸਭਾ ਭੰਗ ਹੋ ਗਈ ਹੈ। 17 ਵੀਂ ਲੋਕ ਸਭਾ ਲਈ 542 ਸਾਂਸਦ ਚੁਣੇ ਗਏ ਹਨ। ਲੋਕ ਸਭਾ ਵਿੱਚ ਚੁਣੇ ਜਾਣ ਵਾਲੇ ਸਾਂਸਦਾਂ ਵਿੱਚ 300 ਮੈਂਬਰ ਪਹਿਲੀ ਵੇਰ ਚੁਣੇ ਗਏ ਹਨ, 197 ਦੁਬਾਰਾ ਚੁਣੇ ਗਏ ਹਨ, ਜਦ ਕਿ 45 ਪਹਿਲਾਂ ਹੀ ਰਹਿ ਚੁਕੇ ਸਾਂਸਦ ਚੋਣ ਜਿੱਤੇ ਹਨ। ਪਹਿਲੀ ਵੇਰ ਦੇਸ਼ ਦੀ ਲੋਕ ਸਭਾ ਵਿੱਚ 78 ਔਰਤਾਂ ਚੁਣੀਆਂ ਗਈਆਂ ਹਨ। ਦੇਸ਼ ਦੀ ਲੋਕ ਸਭਾ ਵਿੱਚ 12 ਫੀਸਦੀ ਮੈਂਬਰ 40 ਤੋਂ ਘੱਟ ਉਮਰ ਦੇ ਹਨ ਜਦ ਕਿ 6 ਫੀਸਦੀ ਮੈਂਬਰ 70 ਸਾਲ ਦੀ ਉਮਰ ਤੋਂ ਵੱਧ ਦੇ ਹਨ। ਇਹ ਲੋਕ ਸਭਾ ਚੋਣਾਂ, ਲੋਕਤੰਤਰ ਦਾ ਮਹਾਂਉਤਸਵ ਗਰਦਾਨੀਆਂ ਹਨ, ਜਿਸ ਵਿੱਚ 2000 ਤੋਂ ਵੱਧ ਸਿਆਸੀ ਪਾਰਟੀਆਂ ਨੇ ਹਿੱਸਾ ਲਿਆ।

ਦੇਸ਼ ਵਿੱਚ ਐਨ.ਡੀ. ਏ. ਨੇ 542 ਸੀਟਾਂ ਵਿੱਚੋਂ 353 ਸੀਟਾਂ ਜਿੱਤੀਆਂ ਹਨ ਜਿਸ ਵਿੱਚ ਮੁੱਖ ਸਿਆਸੀ ਪਾਰਟੀ ਭਾਜਪਾ ਹੈ, ਜਿਸ ਦੇ ਹਿੱਸੇ 303 ਸੀਟਾਂ ਹਨ ਆਈਆਂ । ਯੂਪੀਏ ਦੇ ਹਿੱਸੇ 91 ਸੀਟਾਂ, ਜਿਸ ਵਿੱਚ ਕਾਂਗਰਸ ਦੀਆਂ 51 ਸੀਟਾਂ ਆਈਆਂ ਹਨ ਜਦ ਕਿ 98 ਸੀਟਾਂ ਹੋਰ ਦਲਾਂ ਦੇ ਖਾਤੇ ਵਿੱਚ ਆਈਆਂ ਹਨ। ਦੇਸ਼ ਵਿੱਚ ਚੋਣਾਂ ਸੱਤ ਪੜ੍ਹਾਵਾਂ ਵਿੱਚ ਹੋਈਆਂ ਜੋ ਕਿ ਦੇਸ਼ ਵਿੱਚ ਪਹਿਲਾਂ ਹੋਈਆਂ ਚੋਣਾਂ ਨਾਲੋਂ ਕਿਤੇ ਵੱਧ ਸਮੇਂ 'ਚ ਸੰਪਨ ਕੀਤੀਆਂ ਗਈਆਂ। ਦੇਸ਼ ਦੇ ਸਿਆਸੀ ਲੋਕ ਤਿੰਨ ਮਹੀਨੇ ਤੋਂ ਵੱਧ ਸਮਾਂ ਚੋਣ-ਮੋਡ ਵਿੱਚ ਰਹੇ। ਭਾਜਪਾ ਜਿਸਨੂੰ ਸ਼ਹਿਰੀ ਪਾਰਟੀ ਕਿਹਾ ਜਾਂਦਾ ਸੀ, ਇਸ ਵੇਰ 207 ਪੇਂਡੂ ਸੀਟਾਂ ਉਤੇ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਈ ਜਦ ਕਿ 108 ਸ਼ਹਿਰੀ ਸੀਟਾਂ ਵਿੱਚੋਂ ਉਸਨੂੰ 58 ਸੀਟਾਂ ਮਿਲਦੀਆਂ। ਮਹਾਂਨਗਰਾਂ ਦੀਆਂ 82 ਵਿੱਚੋਂ 40 ਸੀਟਾਂ ਉਤੇ ਭਾਜਪਾ ਨੇ ਕਬਜਾ ਕੀਤਾ। ਇੰਜ ਭਾਜਪਾ ਨੇ ਇਸ ਵੇਰ ਸ਼ਹਿਰੀ ਪਾਰਟੀ ਕਹੇ ਜਾਣ ਦਾ ਭਰਮ ਤੋੜ ਕੇ ਪੇਂਡੂ ਖੇਤਰਾਂ ਤੱਕ ਆਪਣੀ ਧਾਕ ਜਮ੍ਹਾਂ ਲਈ। ਕਿਹਾ ਜਾ ਰਿਹਾ ਹੈ ਕਿ ਪੇਂਡੂ ਖੇਤਰਾਂ 'ਚ ਲੈਟਰੀਨਾਂ ਬਨਾਉਣਾ ਅਤੇ ਮੁਫ਼ਤ ਰਸੋਈ ਗੈਸ ਕੁਨੈਕਸ਼ਨ, ਪਿੰਡ-ਪਿੰਡ ਬਿਜਲੀ ਅਤੇ ਕਿਸਾਨਾਂ ਨੂੰ ਦਿੱਤੀ 2000 ਰੁਪਏ ਦੀ ਰਾਸ਼ੀ ਉਸਦੀ ਪਿੰਡਾਂ 'ਚ ਸਫਲਤਾ ਦਾ ਕਾਰਨ ਬਣੀ। 2009 ਤੇ 2014 ਦੇ ਮੁਕਾਬਲੇ ਭਾਜਪਾ ਦੀ ਗਰੀਬ ਵਰਗਾਂ ਅਤੇ ਐਸ ਸੀ ਐਸ ਟੀ ਵਰਗਾਂ ਤੱਕ ਪਹੁੰਚ ਵਧੀ। ਦੇਸ਼ ਦੇ ਲਗਭਗ 67 ਫੀਸਦੀ ਵੋਟਰਾਂ ਨੇ ਦੇਸ਼ ਦੇ ਵੱਖੋ-ਵੱਖਰੇ ਖਿੱਤਿਆਂ ਵਿੱਚ ਇਹ ਚੋਣਾਂ 'ਚ ਵੱਖੋ-ਵੱਖਰੀਆਂ ਪਾਰਟੀਆਂ ਨੂੰ ਵੋਟ ਦਿੱਤਾ। ਇਹਨਾ ਵੋਟਰਾਂ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਬਣੇ ਨਵੇਂ 10 ਕਰੋੜ ਵੋਟਰ ਵੀ ਸ਼ਾਮਲ ਸਨ, ਜਿਹਨਾ ਵਿੱਚ ਨੌਜਵਾਨਾਂ ਦੀ ਵੱਡੀ ਗਿਣਤੀ ਸੀ। ਪਰ ਇਹਨਾ ਚੋਣਾਂ ਵਿੱਚ ਹੈਰਾਨੀਜਨਕ ਗੱਲ ਇਹ ਵੀ ਰਹੀ ਕਿ 64 ਲੱਖ ਤੋਂ ਵੱਧ ਵੋਟਰਾਂ ਨੇ ਕਿਸੇ ਵੀ ਉਮੀਦਵਾਰ ਦੇ ਚੋਣ ਨਿਸ਼ਾਨ ਉਤੇ ਮੋਹਰ ਨਹੀਂ ਲਗਾਈ, ਉਸਦੇ ਨਾਮ ਦਾ ਬਟਨ ਨਹੀਂ ਦੱਬਿਆ, ਭਾਵ ਉਹਨਾ ਨੇ ਨੋਟਾ ਦੀ ਵਰਤੋਂ ਕੀਤੀ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਨੋਟਾ ਦਾ ਬਟਨ ਦਬਾਉਣ ਨੂੰ ਤਰਜੀਹ ਦੇਣ ਵਾਲੇ 8 ਲੱਖ ਤੋਂ ਵੱਧ ਲੋਕ ਬਿਹਾਰ ਦੇ ਹਨ, ਜਿਹੜੇ ਕਿ ਬੇਰੁਜ਼ਗਾਰੀ, ਭੁੱਖਮਰੀ ਅਤੇ ਭੈੜੇ ਵਾਤਾਵਰਨ ਜਿਹੀਆਂ ਮੁੱਖ ਸਮੱਸਿਆਵਾਂ ਨਾਲ ਦੇਸ਼ ਵਿੱਚ ਸਭ ਤੋਂ ਵੱਧ ਦੋ-ਚਾਰ ਹੋ ਰਹੇ ਹਨ।

ਦੇਸ਼ ਦੇ ਸਾਹਮਣੇ ਵੱਡੀ ਸਮੱਸਿਆ ਰੁਜ਼ਗਾਰ ਸਿਰਜਣ ਦੀ ਹੈ, ਦੇਸ਼ ਵਿੱਚ ਖੇਤੀ ਸੰਕਟ ਬਹੁਤ ਹੀ ਵੱਡਾ ਹੈ। ਪਿਛਲੀ ਮੋਦੀ ਸਰਕਾਰ ਵਲੋਂ ਚਾਲੂ ਕੀਤੀਆਂ 134 ਯੋਜਨਾਵਾਂ ਵਿੱਚੋਂ ਬਹੁਤੀਆਂ ਅਸਫ਼ਲ ਸਾਬਤ ਹੋਈਆਂ। ਨੋਟ ਬੰਦੀ ਅਤੇ ਜੀ ਐਸ ਟੀ ਨੇ ਆਮ ਲੋਕਾਂ ਨੂੰ ਅਸੁਵਿਧਾ ਵਿੱਚ ਪਾਇਆ ਅਤੇ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਵੀ ਹੋਏ, ਪਰ ਜਿਸ ਢੰਗ ਨਾਲ ਰੋਸ ਅਤੇ ਅਸੰਤੋਸ਼ ਦੀ ਕੜਵਾਹਟ 1977 ਵਿੱਚ ਵਿਰੋਧੀ ਦਲਾਂ ਨੇ 'ਇੰਦਰਾ ਹਟਾਓ' ਲਹਿਰ ਨਾਲ ਪੈਦਾ ਕੀਤੀ ਸੀ, ਹੁਣ ਦੀ ਵਿਰੋਧੀ ਧਿਰ ਲੋਕਾਂ ਨੂੰ ਲਾਮ ਬੰਦ ਨਾ ਕਰ ਸਕੀ। ਇਹ ਸਭ ਕੁਝ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਕਾਰਨ ਹੋਇਆ ਸੀ, ਜਿਸ ਲਈ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਉਹਨਾਂ ਦੇ ਸਪੁੱਤਰ ਸੰਜੈ ਗਾਂਧੀ ਨੂੰ ਜ਼ਿੰਮੇਵਾਰ ਮੰਨਿਆ ਗਿਆ ਸੀ। ਇਸ ਵੇਰ ਵੀ ਦੇਸ਼ ਦੇ ਕਈ ਨੇਤਾਵਾਂ ਨੇ ਮੋਦੀ ਹਟਾਓ ਦਾ ਨਾਹਰਾ ਲਾਇਆ ਪਰ ਇਸ ਨਾਹਰੇ ਨੂੰ ਜਿਆਦਾਤਰ ਵੋਟਰਾਂ ਨੇ ਨਾਕਾਰ ਦਿੱਤਾ। ਅਸਲ ਗੱਲ ਤਾਂ ਇਹ ਸੀ ਕਿ ਮੋਦੀ ਦੇ ਵੱਡੇ ਵੱਡੇ ਵਾਅਦਿਆਂ ਨੂੰ ਪੂਰਾ ਨਾ ਹੋਣ ਦੇ ਬਾਵਜੂਦ ਵੀ, ਦੇਸ਼ ਦੇ ਵਿਰੋਧੀ ਧਿਰ ਦੇ ਗੱਠਜੋੜ ਉਤੇ ਬੇ-ਭਰੋਸਗੀ ਕਰਕੇ, ਮੋਦੀ ਨੂੰ ਹੀ ਵੋਟ ਦਿੱਤੀ। ਉਸ ਉਤੇ ਭਰੋਸਾ ਪ੍ਰਗਟ ਕੀਤਾ ਅਤੇ ਉਸਨੂੰ ਇਕ ਹੋਰ ਮੌਕਾ ਦੇ ਦਿੱਤਾ ਹੈ। ਮੋਦੀ ਸਰਕਾਰ ਨੂੰ ਦਿੱਤਾ ਇਹ ਮੌਕਾ ਕੀ ਦੇਸ਼ ਦੀ ਹਾਲਾਤ ਸੁਆਰ ਸਕੇਗਾ?


ਦੇਸ਼ ਦੀ ਹਾਲਤ ਦਿਨ ਪ੍ਰਤੀ ਦਿਨ ਬਦਤਰ ਹੋ ਰਹੀ ਹੈ। ਵਧ ਰਹੀ ਜਨਸੰਖਿਆ ਲਈ ਭੋਜਨ ਦੀ ਵਿਵਸਥਾ ਦੇਸ਼ ਦੇ ਸਾਹਮਣੇ ਵੱਡਾ ਚੈਲਿੰਜ ਹੈ। ਭੁੱਖਮਰੀ, ਬੇਰੁਜ਼ਗਾਰੀ ਨੇ ਦੇਸ਼ ਦੇ ਲੋਕਾਂ ਲਈ ਜੀਵਨ ਜੀਊਣ 'ਚ ਅਸੁਵਿਧਾ ਪੈਦਾ ਕੀਤੀ ਹੋਈ ਹੈ। ਸਮਾਜ ਵਿੱਚ ਪਾਟੋ-ਧਾੜ ਵੱਧ ਰਹੀ ਹੈ, ਵਿਰੋਧੀ ਵਿਚਾਰਾਂ ਨੂੰ ਦਬਾਉਣ ਦੀ ਪ੍ਰਵਿਰਤੀ 'ਚ ਲਗਾਤਾਰ ਫੈਲਾ ਹੋ ਰਿਹਾ ਹੈ। ਕੱਟੜਤਾ, ਬਹੁ-ਸੰਖਿਆਵਾਦ ਨੇ ਘੱਟ ਗਿਣਤੀ ਲੋਕਾਂ 'ਚ ਵੱਧ ਰਿਹਾ ਸਹਿਮ ਉਹਨਾ ਨੂੰ ਉਪਰਾਮ ਕਰ ਰਿਹਾ ਹੈ। ਕਨੂੰਨ ਹੱਥ 'ਚ ਲੈਕੇ ਆਪੇ ਕਾਰਵਾਈ ਕਰਨਾ ਆਮ ਵਰਤਾਰਾ ਹੋ ਗਿਆ ਹੈ। ਹਿੰਦੂਤਵ ਦਾ ਪ੍ਰਚਾਰ ਵਧਿਆ ਹੈ। ਰਾਸ਼ਟਰਵਾਦ ਦੇ ਨਾਮ ਉਤੇ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਰੋਜ਼ਾਨਾ ਜ਼ਿੰਦਗੀ ਵਿੱਚ ਭ੍ਰਿਸ਼ਟਾਚਾਰ ਦਾ ਫੈਲਾਅ ਜਿਸ ਢੰਗ ਨਾਲ ਹੋ ਰਿਹਾ ਹੈ ਜਾਂ ਹੋ ਚੁੱਕਾ ਹੈ।, ਉਸ ਨਾਲ ਆਮ ਲੋਕਾਂ ਵਿੱਚ ਬੇਚੈਨੀ ਵਧੀ ਹੋਈ ਹੈ। ਮੋਦੀ ਸਰਕਾਰ ਨੇ ਸੀ.ਬੀ.ਆਈ., ਈ.ਡੀ., ਚੋਣ ਕਮਿਸ਼ਨ, ਰਿਜ਼ਰਵ ਬੈਂਕ ਜਿਹੀਆਂ ਖੁਦਮੁਖਤਿਆਰ ਸੰਸਥਾਵਾਂ ਉਤੇ ਆਪਣਾ ਗਲਬਾ ਵਧਾ ਦਿੱਤਾ ਹੈ। ਸੁਪਰੀਮ ਕੋਰਟ ਦੀ ਅਜ਼ਾਦਾਨਾ ਹਸਤੀ ਨੂੰ ਵੀ ਵੰਗਾਰਿਆ ਗਿਆ ਹੈ।

ਇਹੋ ਜਿਹੇ ਹਾਲਾਤ ਵਿੱਚ ਜਿਸ ਢੰਗ ਨਾਲ ਇਕ ਸਿਆਸੀ ਧਿਰ ਨੂੰ ਜੋ ਬਹੁਮਤ ਮਿਲਿਆ ਹੈ, ਉਹ ਉਹਨਾ ਹਾਲਤਾਂ ਵਿੱਚ ਦੇਸ਼ ਲਈ ਘਾਤਕ ਵੀ ਹੋ ਸਕਦਾ ਹੈ, ਜੇਕਰ ਉਹ ਆਪਣੇ ਚੋਣ ਅਜੰਡੇ ਨੂੰ ਲਾਗੂ ਕਰਦਿਆਂ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਅਤੇ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਅਤੇ 35-ਏ ਨੂੰ ਖ਼ਤਮ ਕਰਨ ਲਈ ਕਦਮ ਪੁੱਟਦਾ ਹੈ। ਇਸ ਨਾਲ ਦੇਸ਼ ਟੁੱਟਣ ਦਾ ਕੀ ਖ਼ਤਰਾ ਨਹੀਂ ਵਧੇਗਾ?

ਪਿਛਲੇ ਪੰਜ ਸਾਲ ਤਾਂ ਮੋਦੀ ਸਰਕਾਰ ਨੇ ਸਕੀਮਾਂ ਘੜਕੇ, ਲੋਕਾਂ ਨੂੰ ਪੁਚਕਾਰਕੇ, ਉਹਨਾ ਦੀ ਝੋਲੀ ਕੁਝ-ਕੁਝ ਪਾਕੇ ਆਪਣਾ ਸਮਾਂ ਬਿਤਾਇਆ ਹੈ, ਪਰ ਦੇਸ਼ ਦੀਆਂ ਮੁੱਖ ਸਮੱਸਿਆਵਾਂ ਨੂੰ ਹੱਲ ਕਰਨ ਦਾ ਕੋਈ ਵੱਡਾ ਉਪਰਾਲਾ ਨਹੀਂ ਕੀਤਾ। ਅੱਛੇ ਦਿਨ ਆਨੇ ਵਾਲੇ ਹੈ, ਸਭ ਕਾ ਸਾਥ ਸਭ ਕਾ ਵਿਕਾਸ ਸਿਰਫ਼ ਜੁਮਲੇ ਸਾਬਤ ਹੋਏ ਹਨ। ਪਰ ਇਹ ਸਭ ਕੁਝ ਕੀ ਬਹੁਤਾ ਸਮਾਂ ਚਲ ਸਕੇਗਾ?ਜੇਕਰ ਦੇਸ਼ ਦੇ ਹਾਲਾਤ ਸੁਧਾਰਨੇ ਹਨ ਤੇ ਇਥੇ ਲੋਕਤੰਤਰ ਕਾਇਮ ਰੱਖਣਾ ਹੈ ਤਾਂ ਅਗਲੇ ਪੰਜ ਸਾਲ ਜਿਥੇ ਸਰਕਾਰ ਨੂੰ ਸਖ਼ਤ ਮਿਹਨਤ ਕਰਨ ਦੀ ਲੋੜ ਪਵੇਗੀ ਉਥੇ ਦੇਸ਼ ਦੀ ਵਿਰੋਧੀ ਧਿਰ ਨੂੰ ਵੀ ਆਪਣੀ ਜ਼ੁੰਮੇਵਾਰੀ ਗੰਭੀਰਤਾ ਨਾਲ ਨਿਭਾਉਣੀ ਪਵੇਗੀ। ਦੇਸ਼ ਦੀ ਅਰਥ ਵਿਵਸਥਾ ਡਾਵਾਂਡੋਲ ਹੈ। ਦੇਸ਼ ਦੀ ਅਰਥ ਵਿਵਸਥਾ ਨੂੰ ਪਹਿਲਾਂ ਮੁਗਲਾਂ ਨੇ, ਫਿਰ ਅੰਗਰੇਜ਼ਾਂ ਨੇ ਕਮਜ਼ੋਰ ਕੀਤਾ ਹੈ ਅਤੇ ਹੁਣ ਪਿਛਲੇ 70 ਤੋਂ ਵੀ ਵੱਧ ਸਾਲਾਂ ਤੋਂ ਦੇਸ਼ ਦੇ ਨੇਤਾ, ਆਪਣੇ ਦੇਸ਼ ਦੀ ਧਨ ਦੌਲਤ ਨੂੰ ਹੀ ਨਹੀਂ ਲੋਕਾਂ ਨੂੰ ਵੀ ਠੱਗ ਰਹੇ ਹਨ, ਜਿਸ ਵਿੱਚ ਮੌਜੂਦਾ ਹਾਕਮ ਵੀ ਸ਼ਾਮਲ ਹਨ। ਲੋਕਾਂ ਨਾਲ ਇਹ ਠੱਗੀ ਆਰਥਿਕ ਵੀ ਹੈ, ਮਾਨਸਿਕ ਵੀ ਹੈ ਅਤੇ ਸਮਾਜਿਕ ਵੀ ਹੈ। ਜਿਸ ਨਾਲ ਲੋਕਾਂ ਦਾ ਦੇਸ਼ ਦੇ ਲੋਕਤੰਤਰ ਤੋਂ ਭਰੋਸਾ ਘੱਟ ਰਿਹਾ ਹੈ, ਉਹ ਆਪਣੀ ਰੋਟੀ-ਰੋਜ਼ੀ ਦੇ ਆਹਰ ਵਿੱਚ ਵੋਟਾਂ ਵਿੱਚ ਘੱਟ ਹਿੱਸਾ ਲੈਣ ਲੱਗੇ ਹਨ ਅਤੇ ਉਮੀਦਵਾਰਾਂ ਦੀ ਨ-ਪਸੰਦਗੀ ਉਤੇ ਵੀ ਮੋਹਰ ਲਗਾਉਣ ਲੱਗੇ ਹਨ।

ਧਰਮ ਨਿਰਪੱਖ ਕਹੇ ਜਾਂਦੇ ਦੇਸ਼ ਭਾਰਤ ਨੂੰ ਲੋੜ ਜਿਥੇ ਬੇਹਤਰ ਬੁਨਿਆਦੀ ਸੁਵਿਧਾਵਾਂ ਦੀ ਹੈ, ਉਥੇ ਲੋਕਾਂ ਲਈ ਸਿੱਖਿਆ, ਸਿਹਤ, ਸਹੂਲਤਾਂ ਅਤੇ ਸਮਾਜਿਕ ਸੁਰੱਖਿਆ ਦੀ ਤਾਂ ਹੈ ਹੀ, ਹਰ ਧਰਮ, ਹਰ ਵਰਗ, ਹਰ ਜਾਤ ਦੇ ਲੋਕਾਂ ਨੂੰ ਬਰਾਬਰ ਦੀਆਂ ਸਹੂਲਤਾਂ ਅਤੇ ਨਿਆਂ ਦੇਣ ਦੀ ਵੀ ਹੈ ਅਤੇ ਇਸਦੀ ਤਵੱਕੋ ਕੀ ਉਹੋ ਜਿਹੀ ਸਰਕਾਰ ਤੋਂ ਕੀਤੀ ਜਾ ਸਕਦੀ ਹੈ, ਜੋ ਇੱਕ ਧਿਰ ਦੇ ਆਸਰੇ ਵੱਡੇ-ਵੱਡੇ ਨਾਹਰਿਆਂ ਸਦਕਾ ਜਿੱਤੀ ਹੋਈ ਹੋਵੇ।

## ਪੁਸਤਕਾਂ ਜੋ ਮੈਂ ਪੜ੍ਹੀਆਂ




ਲੇਖਕ ਦਾ ਨਾਮ:
ਲੋਕ ਕਵੀ ਨਰਿੰਦਰ ਖੇਦੀ
ਪ੍ਰਕਾਸ਼ਕ:-
ਖੜਗ ਪ੍ਰਕਾਸ਼ਨ , ਲੁਧਿਆਣਾ
ਕੀਮਤ:- 100 ਰੁਪਏ
ਪ੍ਰਕਾਸ਼ਨ ਵਰ੍ਹਾ:-
ਦੂਜੀ ਵੇਰ 2019

ਨਰਿੰਦਰ ਖੇਦੀ ਲੋਕਾਂ ਦਾ ਕਵੀ ਹੈ। ਸਾਧਾਰਨ ਬੋਲੀ ਉਸਦੀ ਲੇਖਨੀ ਦਾ ਗਹਿਣਾ ਹੈ। ਉਸਦੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਨਾਲ ਉਤਪੋਤ ਹਨ। ਨਰਿੰਦਰ ਖੇਦੀ ਦੀਆਂ ਕਵਿਤਾਵਾਂ ਜਿਥੇ ਦੇਸ਼ ਭਾਰਤ ਦੇ ਲੋਕਾਂ ਦਾ ਹਾਲ ਵਰਨਣ ਕਰਦੀਆਂ ਹਨ, ਉਥੇ ਦੇਸ਼ ਨੂੰ ਮਿਲੀ ਆਜ਼ਾਦੀ, ਆਜ਼ਾਦੀ ਤੋਂ ਬਾਅਦ ਭਾਰਤ, ਦੇਸ਼ ਦੇ ਲੋਕਾਂ ਦੇ ਮੰਦੜੇ ਹਾਲ ਦਾ ਵਰਨਣ ਕਰਨ ਤੋਂ ਵੀ ਨਹੀਂ ਉਕੀਆਂ।

ਬੇਝਿਜਕ ਹੋ ਕੇ ਲਿਖਣ ਵਾਲਾ ਕਵੀ ਨਰਿੰਦਰ ਖੇਦੀ ਕਿਸੇ ਵਿਸ਼ੇਸ਼ ਮਜ਼ਹਬ, ਵਰਗ, ਜਾਤ ਦੀ ਗੱਲ ਨਹੀਂ ਕਰਦਾ, ਲੋਕਾਂ ਦੇ ਦੁਖੜੇ ਆਪਣੀਆਂ ਕਵਿਤਾਵਾਂ ਵਿੱਚ ਕਹਿੰਦਾ ਹੈ। ਲੋਕਾਂ ਦੇ ਮਾੜੇ ਹਾਲਾਤਾਂ ਦਾ ਵਰਨਣ ਕਰਦਿਆਂ ਉਹ ਜਿਥੇ ਦੇਸ਼ ਦੇ ਨੇਤਾਵਾਂ, ਸਮਾਜ ਦੇ ਠੇਕੇਦਾਰਾਂ ਉਤੇ ਤੋੜੇ ਕੱਸਦਾ ਹੈ, ਉਥੇ ਉਹ 'ਰੱਬ' ਤੇ ਵੀ ਨਹੋਰੇ ਸੁੱਟਦਾ ਹੈ। ਉਸਦੀਆਂ ਸਤਰਾਂ-

''ਬੇਸ਼ੱਕ ਕਰ ਲੈ ਗੁੱਸਾ,
ਪਰ ਸੱਚ ਮੈਂ ਕਹੂੰਗਾ,
ਦੁਨੀਆਂ ਇਹ ਤੈਨੂੰ ਬਣਾਉਣੀ, ਨਹੀਂ ਆਈ।''

ਉਸਦੀ ਇਸ ਕਿਸਮ ਦੀ ਕਵਿਤਾ ਦੀ ਤਰਜ਼ਮਾਨੀ ਕਰਦੀਆਂ ਹਨ, ਜਿਹੜੀ ਹਰੇਕ ਆਮ ਆਦਮੀ ਦੀ ਚੀਸ ਹੈ।

ਕਵੀ ਨਰਿੰਦਰ ਖੇਦੀ ਨੇ ਆਪਣੀਆਂ ਕਵਿਤਾਵਾਂ ਵਿੱਚ ਜਿਥੇ ਰੁੱਤਾਂ ਦੀ ਗੱਲ ਕੀਤੀ ਹੈ, ਉਥੇ ਵਾਤਾਵਰਨ 'ਚ ਵਧ ਰਹੇ ਵਿਗਾੜ ਦੀ ਗੱਲ ਨੂੰ ਵੀ ਛੋਹਿਆ ਹੈ। ਉਸਦੇ ਛੋਟੇ-ਛੋਟੇ ਲੈ-ਮਈ ਕਵਿਤਾ ਦੇ ਬੋਲ, ਰਵਾਨਗੀ ਨਾਲ ਅੱਗੇ ਤੁਰਦੇ, ਵਿਚਾਰਾਂ ਦੀਆਂ ਤੰਦਾਂ ਕੁਝ ਇਸ ਢੰਗ ਨਾਲ ਪਾਉਂਦੇ ਹਨ ਕਿ ਪਾਠਕ ਮੰਤਰ-ਮੁਗਧ ਹੋ ਕੇ ਕਵੀ ਦੀ ਉਂਗਲੀ ਫੜ ਅੱਗੋਂ ਤੁਰਦਾ ਜਾਂਦਾ ਹੈ।


ਲੋਕਾਂ ਲਈ ਲਿਖਣ ਵਾਲਾ ਕਵੀ ਨਰਿੰਦਰ ਖੇਦੀ ਸਾਰੀ ਉਮਰ ਲੋਕਾਂ ਦੀ ਵਾਹ-ਵਾਹ ਖੱਟਦਾ ਰਿਹਾ। ਲੋਕ ਮੁਸ਼ਾਹਰਿਆਂ ਵਿੱਚ ਕਵਿਤਾ ਪੜ੍ਹਦਾ ਰਿਹਾ। ਲੋਕਾਂ ਦੀਆਂ ਆਸਾਂ ਉਤੇ ਪੂਰਾ ਉੱਤਰਦਾ ਰਿਹਾ। ਲੋਕ ਨੂੰ ਸਮੁੱਚਾ ਜੀਵਨ ਅਰਪਣ ਕਰਨ ਵਾਲਾ ਕਵੀ, ਆਪਣੇ ਬੋਲਾਂ ਨਾਲ ਲੋਕਾਂ ਲਈ ਆਵਾਜ਼ ਉਠਾਉਂਦਾ ਰਿਹਾ ਅਤੇ ਜ਼ਿੰਦਗੀ ਭਰ ਕਿਸੇ ਵਾਦ ਦਾ ਹਿੱਸਾ ਨਹੀਂ ਬਣਿਆ।

ਕਵੀ ਦੇ ਆਪਣੇ ਸ਼ਬਦਾਂ ਵਿੱਚ ''ਮੈਂ ਨਾ ਅਗਾਂਹਵਧੂ ਤੇ ਨਾਂ ਪਿਛਾਂ ਖਿੱਚੂ ਕਵੀ ਹਾਂ। ਸਗੋਂ ਅਗਾਂ ਪਿਛਾਂ ਤੋਂ ਇਲਾਵਾ ਜਿੰਨੇ ਵੀ ਮੇਰੀ ਬੋਲੀ ਦੇ ਵਾਚਕ ਹਨ, ਸਭ ਨਾਲ ਸਰਬ ਸਾਂਝ ਰੱਖਣ ਵਾਲਾ ਕਵੀ ਹਾਂ...।''

ਮਾਨਸ ਕੀ ਜਾਤ ਸਭੇ ਏਕੋ ਪਹਿਚਾਨਬੋ ਦੇ ਮਤ ਉਤੇ 'ਖੇਦੀ' ਨੇ ਸਦਾ ਪਹਿਰਾ ਦਿੱਤਾ ਅਤੇ ਮਨੁੱਖਤਾ ਦਾ ਪਹਿਰੇਦਾਰ ਬਣ ਕੇ ਆਪਣੀ ਕਲਮ ਚਲਾਈ।

ਪੁਸਤਕ 'ਅੰਬਰ' ਨੂੰ ਮੁੜ ਪਾਠਕਾਂ ਸਾਹਮਣੇ ਲਿਆਉਣ ਲਈ ਉਸਦੇ ਹਮਦਰਦਾਂ, ਪ੍ਰਸੰਸਕਾਂ ਦੇ ਉੱਦਮ ਦੀ ਸਰਾਹੁਣਾ ਕਰਨੀ ਬਣਦੀ ਹੈ।

**ਪੁਸਤਕ ਦਾ ਨਾਮ**
**ਸੂਰਜ ਡੁੱਬਣ ਦਾ ਆਇਆ ਵੇਲਾ (ਕਾਵਿ-ਸੰਗ੍ਰਹਿ)**
ਲੇਖਕ ਦਾ ਨਾਮ:
ਸੁਰਿੰਦਰ ਕੌਰ ਧੰਨੋਆ
ਪ੍ਰਕਾਸ਼ਕ:-
ਖੜਗ ਪ੍ਰਕਾਸ਼ਨ ,ਲੁਧਿਆਣਾ
ਕੀਮਤ:- 100 ਰੁਪਏ
ਪ੍ਰਕਾਸ਼ਨ ਵਰ੍ਹਾ:-
ਪਹਿਲੀ ਵੇਰ 2019




ਪੰਜਾਬੀ ਕਵਿਤਰੀ ਸੁਰਿੰਦਰ ਕੌਰ ਧੰਨੋਆ ਨੇ ਸਮਾਜਕ ਸਰੋਕਾਰਾਂ ਨੂੰ ਆਪਣੀ ਲਿਖਤ ਦਾ ਹਿੱਸਾ ਬਣਾਇਆ ਹੈ। ਮਨੁੱਖੀ ਮਨੋਭਾਵ, ਮਨੁੱਖ ਦਾ ਸੁਭਾਅ, ਮਨੁੱਖ ਦੀਆਂ ਆਦਤਾਂ ਅਤੇ ਕਿਰਦਾਰ ਨੂੰ ਸੂਖਮਤਾ ਨਾਲ ਉਹਨਾਂ ਕਲਮਬੰਦ ਕੀਤਾ ਹੈ। ਮਨੁੱਖੀ ਦਰਦ, ਚੀਸਾਂ, ਬੋਲ ਉਸ ਦੀ ਲੇਖਣੀ ਦਾ ਸ਼ਿੰਗਾਰ ਹਨ। ਸਰਲ ਸਾਦੀ ਭਾਸ਼ਾ 'ਚ ਲਿਖੀਆਂ ਉਸਦੀਆਂ ਕਵਿਤਾਵਾਂ ਦਿਲ ਨੂੰ ਟੁੰਬਦੀਆਂ ਹਨ।

ਮਮਤਾ ਦੀ ਛਾਂ, ਸੁੱਤੀ ਜਾਗ ਮੁਟਿਆਰੇ, ਮਿਹਤਨ ਦਾ ਮੁੱਲ ਪਵੇ ਨਾ ਪੱਲੇ, ਮੇਰੇ ਅੰਦਰ ਦੀ ਆਵਾਜ਼ ਜਿਹੀਆਂ ਉਸਦੀਆਂ ਕਵਿਤਾਵਾਂ ਉਸ ਦੇ ਆਪਣੇ ਜੀਵਨ ਦਾ ਦਰਪਨ ਜਾਪਦੀਆਂ ਹਨ। ਸੁਰਿੰਦਰ ਕੌਰ ਧੰਨੋਆ ਦੀ ਪੁਸਤਕ 'ਸੂਰਜ ਡੁੱਬਣ ਦਾ ਆਇਆ ਵੇਲਾ' ਕਾਵਿ-ਸੰਗ੍ਰਿਹ ਇੱਕ ਪੜ੍ਹਨ ਯੋਗ ਪੁਸਤਕ ਹੈ।

**- ਗੁਰਮੀਤ ਪਲਾਹੀ**

# ਤ੍ਰਿਵੈਣੀ ਸਾਹਿਤ ਪ੍ਰੀਸ਼ਦ ਦੇ ਸਾਹਿਤਕ ਸਮਾਗਮ 'ਚ ਸਾਹਿਤਕਾਰਾਂ ਨੇ ਚੋਖਾ ਰੰਗ ਬੰਨ੍ਹਿਆ





**ਪਟਿਆਲਾ-** ਸਾਹਿਤ ਦੀ ਪ੍ਰਫੁੱਲਤਾ ਲਈ ਸਿਹਤਮੰਦ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਸਮ-ਾਜਿਕ ਸਰੋਕਾਰਾਂ ਅਧਾਰਿਤ ਸਾਹਿਤਕ ਸਿਰਜਣਾ ਦੀ ਅਤਿਅੰਤ ਲੋੜ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉਰਦੂ ਅਤੇ ਪੰਜਾਬੀ ਜੁਬਾਨ ਦੇ ਸਾਹਿਤਕਾਰ ਅੰਮ੍ਰਿਤਪਾਲ ਸਿੰਘ ਸ਼ੈਦਾ ਨੇ ਪੰਜਾਬ ਪੁਲਿਸ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਪਟਿਆਲਾ ਦੇ ਦਫਤਰ ਵਿਖੇ ਤ੍ਰਿਵੈਣੀ ਸਾਹਿਤ ਪ੍ਰੀਸ਼ਦ ਵੱਲੋਂ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਦੀ ਪ੍ਰਧਾਨਗੀ ਹੇਠ ਕਰਵਾਏ ਮਾਸਿਕ ਤ੍ਰੈਭਾਸ਼ੀ ਸਾਹਿਤਕ ਸਮਾਗਮ ਚ ਬੋਲਦਿਆਂ ਕੀਤਾ। ਇਸ ਸਾਹਿਤਕ ਸਮਾਰੋਹ ਚ ਪੰਜਾਬ ਤੋਂ ਇਲਾਵਾ ਚੰਡੀਗੜ੍ਹ ਤੋਂ ਵੀ ਸਾਹਿਤਕਾਰਾਂ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਚ ਪਰਮਜੀਤ ਸਿੰਘ ਵਿਰਕ ਐਸ ਐਸ ਪੀ, ਨਿਰਮਲਾ ਗਰਗ, ਨਵੀਨ ਕਮਲ ਭਾਰਤੀ, ਡਾ. ਜੈ ਸਿੰਘ ਮਠਾੜੂ, ਡਾ. ਗੁਰਵਿੰਦਰ ਅਮਨ ਸ਼ਾਮਿਲ ਹੋਏ।

ਪੰਜਾਬ ਪੁਲਿਸ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਚ ਗਾਇਕ ਮੰਗਤ ਖਾਨ ਨੇ ਆਪਣੀ ਸੁਰੀਲੀ ਅਤੇ ਸੋਹਜਮਈ ਆਵਾਜ਼ 'ਚ ਗੀਤ ਗਾਕੇ ਸਾਹਿਤਕ ਮਹਿਫਲ ਨੂੰ ਚਾਰ ਚੰਨ ਲਾਏ।ਗੀਤਕਾਰ ਦੀਦਾਰ ਖਾਨ ਧਬਲਾਨ ਨੇ ਆਪਣੇ ਇੱਕ ਗੀਤ ਗਾਕੇ ਹਾਜਰੀ ਲਗਵਾਈ।

ਹੋਰਨਾਂ ਤੋਂ ਇਲਾਵਾ ਹਰੀ ਸਿੰਘ ਚਮਕ,ਤੇਜਿੰਦਰ ਸਿੰਘ ਅਨਜਾਣਾ, ਸ਼ਰਨਜੀਤ ਕੌਰ ਪ੍ਰੀਤ, ਬਲਦੇਵ ਸਿੰਘ ਚੰਡੀਗੜ੍ਹ, ਰਾਮ ਸਿੰਘ ਬੰਗਾ, ਐਸ ਐਸ ਭੱਲਾ, ਪ੍ਰੋ. ਜੇ ਕੇ ਮਿਗਲਾਨੀ, ਬਲਵਿੰਦਰ ਭੱਟੀ, ਬਚਨ ਸਿੰਘ ਗੁਰਮ, ਸਤੀਸ਼ ਵਿਦਰੋਹੀ, ਜਗਮੋਹਨ ਸਿੰਘ, ਗੁਰਪ੍ਰੀਤ ਢਿੱਲੋਂ, ਜਗਜੀਤ ਸਿੰਘ ਸਾਹਨੀ, ਹਰਦੀਪ ਕੌਰ ਜੱਸੋਵਾਲ, ਰਵੀ ਪਟਿਆਲਾ, ਬਲਵਿੰਦਰ ਕੌਰ ਥਿੰਦ, ਦਲੀਪ ਸਿੰਘ ਨਿਰਮਾਣ, ਗੁਲਜ਼ਾਰ ਸਿੰਘ, ਕਸ਼ਮੀਰ ਸਿੰਘ, ਯੂ ਐਸ ਬਾਤਿਸ਼, ਸ਼ਾਮ ਸਿੰਘ ਪ੍ਰੇਮ, ਕੈਪਟਨ ਚਮਕੌਰ ਸਿੰਘ ਚਹਿਲ, ਸੰਜੇ ਦਰਦੀ, ਸੁਸ਼ਮਾ ਸੱਭਰਵਾਲ, ਸੇਵਾ ਸਿੰਘ ਆਦਿ ਸਾਹਿਤਕਾਰਾਂ ਨੇ ਮਹਿਫਲ ਚ ਚੋਖਾ ਸਾਹਿਤਕ ਰੰਗ ਬੰਨਿਆਂ।

**ਸਤਨਾਮ ਸਿੰਘ ਮੱਟੂ 9779708257**

# ਵਿਸ਼ਵ ਵਾਤਾਵਰਨ ਦਿਵਸ



ਵਿਸ਼ਵਜੀਤ ਸਿੰਘ
91-97809-66297

ਜੂਨ 1972 ਉਹ ਮਹੀਨਾ ਸੀ ਜਦੋਂ ਪਹਿਲੀ ਵਾਰ ਸੰਯੁਕਤ ਰਾਸ਼ਟਰ ਨੇ ਅੰਤਰਰਾਸ਼ਟਰੀ ਵਾਤਾਵਰਣ ਮੁੱਦਿਆਂ 'ਤੇ ਇਕ ਬਹੁਤ ਵੱਡੀ ਕਾਨਫਰੈਂਸ ਕਰਵਾਈ ਅਤੇ ਇਸ ਕਾਨਫਰੈਂਸ ਤੋਂ ਬਾਅਦ ਅੰਤਰਰਾਸ਼ਟਰੀ ਵਾਤਾਵਰਣ ਰਾਜਨੀਤੀ ਵਿਚ ਇਕ ਵੱਡਾ ਮੋੜ ਆਇਆ। ਇਸ ਇੰਟਰਨੈਸ਼ਨਲ ਕਾਨਫਰੈਂਸ ਦਾ ਨਾਮ ਸੀ 'ਯੂਨਾਈਟਿਡ ਨੇਸ਼ਨ ਕਾਨਫਰੈਂਸ ਆਨ ਹਿਊਮਨ ਇਨਵਾਇਰਮੈਂਟ' ਜੋਕਿ 5 ਜੂਨ ਟੋ 16 ਜੂਨ ਨੂੰ ਸਵੀਡਨ ਦੀ ਰਾਜਧਾਨੀ ਸਟੋਕਹੋਲਮ ਵਿਚ ਹੋਈ ਸੀ ਅਤੇ ਇਸ ਨੂੰ ਇਸ ਕਰਕੇ 'ਸਟੋਕਹੋਲਮ ਕਾਨਫਰੈਂਸ' ਦੇ ਨਾਮ ਨਾਲ ਨਾਲ ਵੀ ਜਾਣਿਆ ਜਾਂਦਾ ਹੈ । ਇਸ ਕਾਨਫਰੈਂਸ ਨਾਲ ਇਹ ਸਪਸ਼ਟ ਹੋ ਗਿਆ ਕਿ ਵਾਤਾਵਰਣ ਸਾਡੇ ਲਈ ਕਿੰਨਾ ਜ਼ਰੂਰੀ ਹੈ ਅਤੇ ਇਸ ਦੇ ਸਾਂਭ-ਸੰਭਾਲ ਲਈ ਅੰਤਰਰਾਸ਼ਟਰੀ ਪੱਧਰ 'ਤੇ ਮਾਪਦੰਡਾਂ ਨੂੰ ਨਿਰਧਾਰਿਤ ਕੀਤਾ ਜਾਵੇ। ਇਸ ਲਈ ਅਸੀਂ ਇਸ ਦਿਨ ਦੀ ਮਹੱਤਤਾ ਕਰਕੇ ਹਰ ਸਾਲ 5 ਜੂਨ ਨੂੰ "ਵਿਸ਼ਵ ਵਾਤਾਵਰਣ ਦਿਵਸ" ਵਜੋਂ ਮਨਾਉਂਦੇ ਹਾਂ।

ਵਾਤਾਵਰਣ ਸੰਬੰਧੀ ਇਹ ਸਾਲ ਦਾ ਸਭ ਤੋਂ ਅਹਿਮ ਦਿਨ ਹੁੰਦਾ ਹੈ ਅਤੇ ਇਸ ਸਾਲ ਇਹ ਚੀਨ ਵਿਚ ਮਨਾਇਆ ਜਾਵੇਗਾ। ਇਸ ਬਾਰ ਇਸ ਦਾ ਥੀਮ ਹੈ "ਹਵਾ ਦਾ ਪ੍ਰਦੂਸ਼ਣ"। ਇਸ ਸਮੇਂ ਲਗਭਗ ਸਾਰੇ ਦੇਸ਼ ਹੀ ਹਵਾ ਦੇ ਪ੍ਰਦੂਸ਼ਣ ਨਾਲ ਵੱਡੇ ਪੱਧਰ ਤੇ ਨਜਿੱਠਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਦੁਨੀਆ ਦੇ ਸਭ ਤੋਂ ਹਵਾ ਪ੍ਰਦੂਸ਼ਿਤ ਸ਼ਹਿਰ ਚੀਨ ਅਤੇ ਭਾਰਤ ਵਿਚ ਆਉਂਦੇ ਹਨ। ਸੋ ਇਹ ਇਸ ਬਾਰ ਬਹੁਤ ਮਹੱਤਵਪੂਰਨ ਵਿਸ਼ਾ ਹੈ ਕਿਉਂਕਿ ਹਾਲ ਵਿਚ ਹੀ ਭਾਰਤ ਨੇ ਵੀ 1 ਅਪ੍ਰੈਲ 2020 ਤੋਂ ਭਾਰਤ ਵਿਚ ਸਿਰਫ ਭਾਰਤ ਸਟੇਜ ੜੀ ਵਾਹਨ ਹੀ ਵਿਕ ਸਕਣਗੇ। ਇਹ ਭਾਰਤ ਸਟੇਜ ਅਸੀਂ ਯੂਰੋਪੀਨ ਨਿਯਮਾਂ ਦੇ ਆਧਾਰ ਤੇ ਲਾਗੂ ਕਰ ਰਹੇ ਹਾਂ ਅਤੇ ਇਸ ਨਾਲ ਡੀਜ਼ਲ ਗੱਡੀਆਂ ਵਿਚੋਂ ਜ਼ਹਿਰੀਲੀ ਗੈਸਾਂ ਦਾ ਰਿਸਾਵ ਘਟੇਗਾ ਅਤੇ ਇਹ ਸਾਡੇ ਹਵਾ ਪ੍ਰਦੂਸ਼ਣ ਘੱਟ ਕਰਨ ਦੇ ਉਦੇਸ਼ ਨਾਲ ਲਾਹੇਵੰਦ ਹੋਵੇਗਾ।

1972 ਦੀ ਕਾਨਫਰੈਂਸ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ 1987 ਵਿਚ ਇੱਕ 'ਵਰਲਡ ਕਮਿਸ਼ਨ ਆਨ ਇਨਵਾਇਰਮੈਂਟ ਐਂਡ ਡਿਵੈਲਪਮੈਂਟ' ਬਿਠਾਇਆ ਜਿਸ ਵਿਚੋਂ ਪ੍ਰਸਿੱਧ ਬਰੰਟਲੈਂਡ ਕਮਿਸ਼ਨ ਰਿਪੋਰਟ ਨਿਕਲੀ ਜਿਸ ਦਾ ਨਾਮ ਸੀ "ਸਾਡਾ ਸਾਂਝਾ ਭਵਿੱਖ"। ਇਸ ਕਮਿਸ਼ਨ 'ਚੋਂ 'ਸਸਟੇਨੇਬਲ ਵਿਕਾਸ' ਸ਼ਬਦ ਉਭਰ ਕੇ ਆਇਆ। ਇਸ ਰਿਪੋਰਟ ਮੁਤਾਬਿਕ ਸਸਟੇਨੇਬਲ ਵਿਕਾਸ ਉਹ ਵਿਕਾਸ ਹੈ ਜਿਸ ਵਿਚ ਅਸੀਂ ਆਪਣੀ ਹੁਣ ਦੀਆਂ ਲੋੜਾਂ (ਜਿਵੇਂ ਸਾਫ ਹਵਾ,ਪਾਣੀ, ਮਿੱਟੀ ਆਦਿ) ਦੀ ਇਸ ਤਰ੍ਹਾਂ ਪੂਰਤੀ ਕਰਾਂਗੇ ਕਿ ਭਵਿੱਖ ਵਿਚ ਸਾਡੀ ਪੀੜੀਆਂ ਨੂੰ ਉਨ੍ਹਾਂ ਦੀਆਂ ਲੋੜਾਂ ਪੂਰੀ ਕਰਨ ਵਿਚ ਕੋਈ ਸਮੱਸਿਆ ਨਾ ਆਵੇ। ਇਸ ਤੋਂ ਭਾਵ ਹੈ ਕਿ ਅਸੀਂ ਆਪਣੇ ਸਰੋਤ ਬੜੇ ਸਾਂਭ-ਸੰਭਾਲ ਕੇ ਵਰਤੀਏ ਤਾਂਕਿ ਸਾਡੀ ਆਉਣ ਵਾਲੀਆਂ ਪੀੜੀਆਂ ਵੀ ਇਨ੍ਹਾਂ ਨੂੰ ਵਰਤ ਸਕਣ। ਜੇ ਅਸੀਂ ਇਨ੍ਹਾਂ ਨੂੰ ਹੁਣ ਹੀ ਖਤਮ ਕਰ ਦਵਾਂਗੇ ਤਾਂ ਸਾਡੀਆਂ ਪੀੜੀਆਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ।

1992 ਵਿਚ ਹੋਈ ਰਿਓ ਸਮਿੱਟ ਵਿਚ ਰਿਓ ਡੇਕਲਾਰੇਸ਼ਨ ਅਪਣਾਈ ਗਈ ਅਤੇ ਸਸਟੇਨੇਬਲ ਡਿਵੈਲਪਮੈਂਟ ਦੇ ਸੰਬੰਧ ਵਿਚ ਏਜੰਡਾ 21 ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ 'ਤੇ "ਯੂਨਾਈਟਿਡ ਨੇਸ਼ਨਜ਼ ਫਰੇਮਵਰਕ ਕੰਵੈਂਸ਼ਨ ਆਨ ਕਲਾਈਮੇਟ ਚੇਂਜ" ਸੰਧੀ ਨੂੰ ਅਪਣਾਇਆ ਗਿਆ ਅਤੇ ਹੁਣ ਤੱਕ ਇਸ ਨੂੰ 197 ਦੇਸ਼ ਮਨਜ਼ੂਰ ਕਰ ਚੁਕੇ ਹੁਣ।

ਇਸ ਸੰਧੀ ਤੋਂ ਬਾਅਦ ਵਾਤਾਵਰਣ ਦਾ ਵਿਸ਼ਾ ਤਕਰੀਬਨ ਹਰ ਦੇਸ਼ ਲਈ ਜ਼ਰੂਰੀ ਹੋ ਗਿਆ। ਸਰਕਾਰਾਂ ਲਈ ਵਾਤਾਵਰਣ ਵੀ ਇਕ ਅਹਿਮ ਮੁੱਦਾ ਬਣ ਗਿਆ ਜਿਸ ਦੇ ਨਾਲ ਨਜਿੱਠਣਾ ਵੀ ਬਹੁਤ ਜ਼ਰੂਰੀ ਹੋ ਗਿਆ। ਅਠਾਰਵੀ ਸਦੀ ਦੇ ਮੱਧ ਵਿਚ ਯੂਰੋਪ ਅਤੇ ਉੱਤਰੀ ਅਮਰੀਕਾ ਵਿਚ ਆਈ ਉਦਯੋਗਿਕ ਕ੍ਰਾਂਤੀ ਨੇ ਇਤਿਹਾਸ ਦਾ ਰੁੱਖ ਬਦਲ ਕੇ ਰੱਖ ਦਿੱਤਾ। ਉਸ ਸਮੇਂ ਅਜੇ ਉਦਯੋਗਿਕ ਕ੍ਰਾਂਤੀ ਵਾਲੇ ਦੇਸ਼ ਆਉਣ ਵਾਲੇ ਵਾਤਾਵਰਣ ਸੰਬੰਧੀ ਖ਼ਤਰਿਆਂ ਤੋਂ ਜਾਣੂ ਨਹੀਂ ਸਨ। ਪਿਛਲੇ 50 ਸਾਲਾਂ ਵਿਚ ਕਾਫੀ ਮੁਲਕਾਂ ਵਿਚ ਜਮਹੂਰੀ ਰਾਜ ਸਥਾਪਿਤ ਹੋਏ ਅਤੇ ਉਦਯੋਗਿਕ ਵਿਕਾਸ ਦੀ ਸ਼ੁਰੂਆਤ ਹੋ ਗਈ। ਨਾਲ ਹੀ ਨਾਲ ਉਦਯੋਗਿਕ ਕ੍ਰਾਂਤੀ ਵੇਲੇ ਹੋਏ ਵਿਕਾਸ ਦੇ ਨਤੀਜਿਆਂ ਵਜੋਂ, ਵਾਤਾਵਰਣ 'ਤੇ ਦੁਸ਼੍ਪ੍ਰਭਾਵ ਸਾਹਮਣੇ ਆਉਣ ਲੱਗੇ। ਇਸ ਲਈ ਵਾਤਾਵਰਣ ਵਿਸ਼ਾ ਸਾਰੇ ਦੇਸ਼ਾਂ ਲਈ ਇਕ ਚੁਣੌਤੀ ਬਣ ਗਿਆ ਅਤੇ ਲਗਭਗ ਹਰ ਸਾਲ ਵਾਤਾਵਰਨ ਸਬੰਧੀ ਵਿਸ਼ੇ 'ਤੇ ਅੰਤਰ-ਰਾਸ਼ਟਰੀ ਕਾਨਫਰੰਸਾਂ ਸ਼ੁਰੂ ਹੋ ਗਈਆਂ। ਹਾਲ ਹੀ ਵਿਚ ਪਿਛਲੇ ਸਾਲ ਨਵੰਬਰ ਵਿਚ ਬੋਣ, ਜਰਮਨੀ ਵਿਖੇ ਸਾਲਾਨਾ ਵਾਤਾਵਰਨ ਕਾਨਫਰੰਸ ਹੋਈ ਅਤੇ ਇਸਦਾ ਮੁੱਖ ਮੁੱਦਾ ਸੀ "ਜਲਵਾਯੂ ਸਿਸਟਮ ਨਾਲ ਖ਼ਤਰਨਾਕ ਮਾਨਵ ਵਿਗਿਆਨਿਕ ਛੇੜਛਾੜ ਨੂੰ ਰੋਕਣਾ"। ਇਸ ਕਾਨਫਰੈਂਸ ਵਿਚ ਸੰਯੁਕਤ ਰਾਸ਼ਟਰ ਦੇ ਲਗਭਗ ਹਰ ਮੈਂਬਰ ਨੇ ਭਾਗ ਲਿਆ ਅਤੇ ਵਾਤਾਵਰਨ ਸਬੰਧੀ ਵੱਖ ਵੱਖ ਵਿਸ਼ਿਆਂ ਤੇ ਗੱਲਬਾਤ ਕੀਤੀ ਪਰ ਕੁਝ ਠੋਸ ਨਿਕਲ ਕੇ ਨਹੀਂ ਆਇਆ।

ਵਾਤਾਵਰਣ ਅਜੋਕੇ ਸਮੇਂ ਦਾ ਬਹੁਤ ਹੀ ਗੰਭੀਰ ਮੁੱਦਾ ਹੈ। ਭਾਰਤ ਵਰਗੇ ਦੇਸ਼ ਲਈ ਵੀ ਵਾਤਾਵਰਣ ਇਕ ਅਹਿਮ ਮੁੱਦਾ ਬਣ ਚੁੱਕਿਆ ਹੈ ਕਿਉਂਕਿ ਸਾਡੇ ਕੋਲ 1.3 ਬਿਲੀਅਨ ਦੀ ਵਸੋਂ ਹੈ ਅਤੇ ਦੁਨੀਆ ਦਾ 2.4 ਪ੍ਰਤੀਸ਼ਤ ਜ਼ਮੀਨ ਦਾ ਹਿੱਸਾ ਹੈ ਅਤੇ ਇੰਨੀ ਆਬਾਦੀ ਬਸ ਇੰਨੇ ਕੁ ਜ਼ਮੀਨ ਅਤੇ ਸਰੋਤਾਂ 'ਤੇ ਨਿਰਭਰ ਹੈ। ਭਾਰਤ ਵਿਚ 'ਵਾਤਾਵਰਣ, ਜੰਗਲ ਅਤੇ ਜਲਵਾਯੂ ਬਦਲਾਅ' ਮੰਤਰਾਲਾ 1985 ਵਿਚ ਹੋਂਦ ਵਿਚ ਆਇਆ ਜਿਸ ਦਾ ਕੰਮ ਵਾਤਾਵਰਣ ਦੇ ਖੇਤਰ ਲਈ ਕੰਮ ਕਰਨਾ ਸੀ। ਅੱਜ ਅਸੀਂ ਦੁਨੀਆ ਵਿਚ ਤੇਜੀ ਨਾਲ ਵਿਕਾਸ ਕਰ ਰਹੇ ਦੇਸ਼ ਵਜੋਂ ਜਾਣੇ ਜਾਂਦੇ ਹਾਂ। ਪਰ ਇਹ ਵਿਕਾਸ ਸਸਟੇਨੇਬਲ ਵਿਕਾਸ ਨਹੀਂ ਹੈ, ਇਸ ਨਾਲ ਸਾਡੇ ਪਰਿਆਵਰਣ ਅਤੇ ਵਾਤਾਵਰਣ ਨੂੰ ਲਗਾਤਾਰ ਨੁਕਸਾਨ ਪੁਹੰਚ ਰਿਹਾ ਹੈ। ਵਰਲਡ ਬੈਂਕ ਦੀ ਇਕ ਰਿਪੋਰਟ ਮੁਤਾਬਿਕ ਵਿਕਾਸ ਨਾਲ ਵਾਤਾਵਰਣ ਖਰਾਬ ਹੋਣ ਕਰਨ ਭਾਰਤ ਨੂੰ ਲਗਭਗ ਹਰ ਸਾਲ 80 ਬਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ।

ਇਸ ਸਮੇਂ ਵਾਤਾਵਰਣ ਦਾ ਸਭ ਤੋਂ ਵੱਡਾ ਮੁੱਦਾ ਜੈਵਿਕ ਬਾਲਨ ਦੇ ਬਲਣ ਤੋਂ ਹੋਣ ਵਾਲਾ ਧੂੰਆਂ ਹੈ। ਇਸ ਦੇ ਨਾਲ ਸਿਹਤ ਨੂੰ ਸਭ ਤੋਂ ਵੱਧ ਨੁਕਸਾਨ ਪੁਹੰਚ ਰਿਹਾ ਹੈ। ਆਰਥਿਕ ਵਿਕਾਸ ਦੇ ਨਾਲ-ਨਾਲ ਪ੍ਰਦੂਸ਼ਣ ਨੂੰ ਘਟਾਉਣ ਦੇ ਤਰੀਕੇ ਲੱਭੇ ਜਾਣੇ ਚਾਹੀਦੇ ਤਾਂਕਿ ਸਸਟੇਨੇਬਲ ਵਿਕਾਸ ਹੋ ਸਕੇ। ਬੋਸਟਨ ਵਿਚ ਜਾਰੀ ਹੋਈ 'ਸਟੇਟ ਆਫ ਦ ਗਲੋਬਲ ਏਅਰ' ਰਿਪੋਰਟ ਵਿਚ ਇਹ ਦਸਿਆ ਗਿਆ ਹੈ ਕਿ 2015 ਵਿਚ ਹਵਾ ਪ੍ਰਦੂਸ਼ਣ ਤੋਂ ਭਾਰਤ ਵਿਚ ਅੰਦਾਜਨ 11 ਲੱਖ ਲੋਕਾਂ ਦੀ ਜਾਨ ਗਈ। ਹਾਲ ਹੀ ਵਿਚ ਆਈ ਗ੍ਰੀਨਪੀਸ ਇੰਡੀਆ ਦੀ ਰਿਪੋਰਟ ਮੁਤਾਬਿਕ ਹਰ ਸਾਲ 12 ਲੱਖ ਲੋਕ ਹਵਾ ਪ੍ਰਦੂਸ਼ਣ ਨਾਲ ਮਰਦੇ ਹਨ ਅਤੇ ਪ੍ਰਦੂਸ਼ਿਤ ਹਵਾ ਵਿਚ ਦਿੱਲੀ ਸਭ ਤੋਂ ਮੋਹਰੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਬਾਹਰੀ ਹਵਾ ਦੇ ਪ੍ਰਦੂਸ਼ਣ ਸਦਕਾ ਹਰ ਸਾਲ 42 ਲੱਖ ਲੋਕ ਅਤੇ ਘਰੇਲੂ ਬਾਲਣ ਦੇ ਧੂਏਂ ਸਦਕਾ ਹਰ ਸਾਲ 38 ਲੱਖ ਲੋਕ ਮੌਤ ਦੀ ਸੂਲ਼ੀ ਚੜ੍ਹ ਜਾਂਦੇ ਹਨ। ਵਿਸ਼ਵ ਦੀ ਲਗਭਗ 91 ਫੀਸਦੀ ਆਬਾਦੀ ਉਨ੍ਹਾਂ ਸਥਾਨਾਂ ਤੇ ਰਹਿੰਦੀ ਹੈ ਜਿਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੁਆਰਾ ਦੱਸੀ ਹੱਦ ਤੋਂ ਉੱਪਰ ਹੈ। ਅਮਰੀਕਾ ਦੇ ਇਕ ਹੈਲਥ ਇੰਸਟੀਟਿਊਟ ਦੀ ਰਿਪੋਰਟ ਮੁਤਾਬਿਕ ਹੁਣ ਭਾਰਤ ਵਿਚਲਾ ਹਵਾ ਪ੍ਰਦੂਸ਼ਣ ਚੀਨ ਦੇ ਹਵਾ ਪ੍ਰਦੂਸ਼ਣ ਤੋਂ ਵੀ ਖਤਰਨਾਕ ਹੋ ਗਿਆ ਹੈ। ਸਰਕਾਰ ਵਲੋਂ ਹਵਾ ਦੀ ਗੁਣਵੱਤਾ ਸਬੰਧੀ ਇਕ ਇੰਡੈਕਸ ਜਾਰੀ ਕੀਤਾ ਗਿਆ ਹੈ ਜੋ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਲਗਾਤਾਰ ਹਵਾ ਦੀ ਗੁਣਵੱਤਾ ਸੰਬੰਧੀ ਜਾਣਕਾਰੀ ਦਿੰਦਾ ਰਹੇਗਾ ਤਾਂਕਿ ਜੇ ਹਵਾ ਖਰਾਬ ਹੁੰਦੀ ਹੈ ਤਾਂ ਸਮੇਂ ਸਿਰ ਰਹਿੰਦੇ ਇਸ ਤੇ ਕਾਬੂ ਪਾਇਆ ਜਾ ਸਕੇ।



ਹਾਲ ਹੀ 2018 ਵਿਚ ਵਿਸ਼ਵ ਸਿਹਤ ਸੰਗਠਨ ਦੀ ਹਵਾ ਦੀ ਗੁਣਵੱਤਾ ਸਬੰਧੀ ਰਿਪੋਰਟ ਸਾਹਮਣੇ ਆਈ ਜਿਸ ਵਿਚ ਲਗਭਗ 3000 ਸ਼ਹਿਰਾਂ ਉੱਤੇ ਅਧਿਅਨ ਕੀਤਾ ਗਿਆ ਜਿਸ ਵਿਚ ਇਹ ਸਾਹਮਣੇ ਆਇਆ ਕਿ ਇਨ੍ਹਾਂ 3000 ਸ਼ਹਿਰਾਂ ਚੋਂ 64 ਫੀਸਦੀ ਸ਼ਹਿਰਾਂ ਵਿਚ 2.5 ਦੀ ਮਾਤਰਾ ਵਿਸ਼ਵ ਸਿਹਤ ਸੰਗਠਨ ਵਲੋਂ ਮਾਪਦੰਡ ਦੀ ਹੱਦ ਤੋਂ ਵੱਧ ਪਾਈ ਗਈ ਅਤੇ ਦੱਖਣ ਏਸ਼ੀਆ ਵਿਚ ਲਗਭਗ 99 ਫੀਸਦੀ ਸ਼ਹਿਰਾਂ ਵਿਚ ਇਹ ਮਾਪਦੰਡ ਨਾਲੋਂ ਵੱਧ ਪਾਈ ਗਈ। ਦਸਣਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ ਵਲੋਂ ਇਹ 2.5 ਦੀ ਸੁਰੱਖਿਅਤ ਸੀਮਾ 10 ਮਾਈਕਰੋਗ੍ਰਾਮ/ ਕਿਊਬਿਕ ਮੀਟਰ ਸਾਲਾਨਾ ਰੱਖੀ ਗਈ ਹੈ ।ਫੰ 2.5 ਦੇ ਪ੍ਰਦੂਸ਼ਣ ਕਰਕੇ ਫੇਫੜੇ ਦੇ ਕੈਂਸਰ, ਸਟ੍ਰੋਕ, ਦਿਲ ਦੇ ਦੌਰੇ ਅਤੇ ਸਾਹ ਦੀਆਂ ਬਿਮਾਰੀਆਂ ਦੇ ਹੋਣ ਦੇ ਜੋਖ਼ਿਮ ਵੱਧ ਜਾਂਦੇ ਹਨ ਅਤੇ ਲਗਭਗ ਸਾਰੇ ਉਮਰ ਵਰਗਾਂ ਵਿਚ ਇਸ ਕਰਕੇ ਅਸਥਮਾ ਦੇ ਲੱਛਣ ਪੈਦਾ ਹੁੰਦੇ ਹਨ।

IQAirVisual ਅਤੇ Greenpeace ਵਲੋਂ ਜਾਰੀ ਕੀਤੀ 2018 ਦੀ ਹਵਾ ਸਬੰਧੀ ਰਿਪੋਰਟ ਵਿਚ ਦੁਨੀਆ ਦੇ 10 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਭਾਰਤ ਦੇ 7 ਸ਼ਹਿਰ ਸ਼ਾਮਲ ਸਨ ਜਦੋਂਕਿ ਇੱਕ ਸ਼ਹਿਰ ਚੀਨ ਵਿਚ ਹੈ ਅਤੇ ਦੋ ਪਾਕਿਸਤਾਨ ਵਿਚ ਹਨ। ਇਨ੍ਹਾਂ ਸੱਤ ਸ਼ਹਿਰਾਂ ਵਿਚੋਂ ਕ੍ਰਮਵਾਰ ਪਹਿਲੇ ਨੰਬਰ ਤੇ ਗੁਰੂਗਰਾਮ ਫੇਰ ਗ਼ਾਜ਼ਿਆਬਾਦ, ਫਰੀਦਾਬਾਦ, ਭਿਵਾਦੀ, ਨੋਇਡਾ, ਪਟਨਾ ਅਤੇ ਲਖਨਊ ਸ਼ਾਮਲ ਹਨ। ਹਵਾ ਦਾ ਪ੍ਰਦੂਸ਼ਣ ਘੱਟ ਕਰਨ ਲਈ ਕੁਝ ਅਹਿਮ ਤਰੀਕੇ ਹਨ ਜਿਵੇਂ ਕਿ ਜਨਤਕ ਟਰਾਂਸਪੋਰਟ ਨੂੰ ਸੁਧਾਰਨਾ, ਸੜਕ ਤੇ ਪ੍ਰਦੂਸ਼ਣ ਵਾਲੇ ਵਾਹਨਾਂ ਦੀ ਗਿਣਤੀ ਨੂੰ ਘੱਟ ਕਰਨਾ, ਘੱਟ ਪ੍ਰਦੂਸ਼ਣ ਵਾਲੇ ਬਾਲਣ (ਭਾਰਤ ਸਟੇਜ) ਨੂੰ ਲਾਗੂ ਕਰਨਾ, ਸਖ਼ਤ ਪ੍ਰਦੂਸ਼ਣ ਨਿਯਮਾਂ ਦੀ ਉਸਾਰੀ, ਥਰਮਲ ਪਾਵਰ ਪਲਾਂਟਾਂ ਅਤੇ ਉਦਯੋਗਾਂ ਦੀ ਕੁਸ਼ਲਤਾ 'ਚ ਸੁਧਾਰ ਲਿਆਉਣਾ, ਡੀਜ਼ਲ ਜਨਰੇਟਰਾਂ ਦੀ ਬਜਾਏ ਰੂਫਟੋਪ ਸੌਰ ਊਰਜਾ ਦੀ ਵਰਤੋਂ, ਸਾਫ਼ ਨਵੀਨੀਕਰਣਯੋਗ ਊਰਜਾ ਦੀ ਵਰਤੋਂ ਵਿਚ ਵਾਧਾ, ਬਿਜਲੀ ਵਾਹਨਾਂ ਦੀ ਵਰਤੋਂ, ਉਸਾਰੀ ਦੀਆਂ ਗਤੀਵਿਧੀਆਂ ਨੂੰ ਨਿਯਮਿਤ ਕਰਨਾ, ਸਟੱਬਲ ਬਰਨਿੰਗ ਨੂੰ ਰੋਕਣਾ, ਬਾਲਣ ਦੀ ਬਜਾਏ ਐਲਪੀਜੀ ਦੀ ਵਰਤੋਂ ਅਤੇ ਹੋਰ ਕਦਮ ਸ਼ਾਮਲ ਹਨ।

ਇਸੇ ਤਰ੍ਹਾਂ ਪਾਣੀ ਦੇ ਪ੍ਰਦੂਸ਼ਣ ਦਾ ਮੁੱਦਾ ਵੀ ਬਹੁਤ ਗੰਭੀਰ ਹੈ। ਹਾਲ ਵਿਚ ਹੀ ਉੱਤਰਾਖੰਡ ਹਾਈ ਕੋਰਟ ਨੇ ਗੰਗਾ ਨੂੰ ਜਿਉਂਦੇ ਇਨਸਾਨ ਦਾ ਦਰਜਾ ਦਿੱਤਾ ਅਤੇ ਉਸਦੇ ਮਾਪੇ ਵੀ ਨਿਰਧਾਰਿਤ ਕੀਤੇ ਹਨ। ਗੰਗਾ ਨਦੀ ਭਾਰਤ ਦੇਸ਼ ਲਈ ਬਹੁਤ ਅਹਿਮ ਨਦੀ ਹੈ ਅਤੇ ਇਸਦੇ ਸਾਫ ਸਫਾਈ ਲਈ ਚਲ ਰਿਹਾ 'ਨਾਮਾਮੀ ਗੰਗਾ ਪ੍ਰੋਗਰਾਮ' ਕੁਛ ਹੱਦ ਤੱਕ ਹੀ ਸਫਲ ਹੋ ਪਾਇਆ ਹੈ।

ਧਰਤੀ ਹੇਠਲਾ ਪਾਣੀ, ਖਾਸਕਰ ਪੰਜਾਬ 'ਚ ਬਹੁਤ ਗੰਭੀਰ ਸਥਿਤੀ ਵਿਚ ਹੈ। ਜੇ ਇਸ ਦਾ ਇਸੀ ਤਰ੍ਹਾਂ ਅੰਨ੍ਹੇਵਾਹ ਇਸਤੇਮਾਲ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦ ਹਰਿਆ-ਭਰਿਆ ਪੰਜਾਬ ਰੇਗਿਸਤਾਨ ਬਣ ਜਾਵੇਗਾ। ਇੰਨੀ ਡੂੰਘਾਈ ਤੋਂ ਪਾਣੀ ਕੱਢਣ ਕਰਕੇ ਕਈ ਰਸਾਇਣਿਕ ਤੱਤ ਜਿਵੇਂ ਆਰਸੇਨਿਕ, ਯੂਰੇਨੀਅਮ ਵਗੈਰਾ ਪਾਣੀ ਨਾਲ ਘੁਲ ਕੇ ਆ ਰਹੇ ਨੇ ਅਤੇ ਇਹ ਪ੍ਰਦੂਸ਼ਿਤ ਪਾਣੀ ਪੀਣ ਕਰਕੇ ਪੰਜਾਬ ਦੇ ਲੋਕ ਕੈਂਸਰ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਜ਼ਮੀਨ ਹੇਠਲੇ ਪਾਣੀ ਬਾਰੇ ਹਾਲ ਵਿਚ ਹੀ ਆਈ ਕੇਂਦਰੀ ਬੋਰਡ ਦੀ ਇਕ ਰਿਪੋਰਟ ਮੁਤਾਬਕ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਜੇਕਰ ਇਸੇ ਤਰ੍ਹਾਂ ਜਾਰੀ ਰਹੀ ਤਾਂ 25 ਵਰ੍ਹਿਆਂ ਦੇ ਵਿਚ ਹੀ ਸੂਬਾ ਮਾਰੂਥਲ ਵਿਚ ਤਬਦੀਲ ਹੋ ਜਾਵੇਗਾ ।ਇਸ ਰਿਪੋਰਟ ਵਿਚ ਕਿਹਾ ਗਿਆ ਕਿ ਜਿਸ ਰਫ਼ਤਾਰ ਨਾਲ ਹੁਣ ਪਾਣੀ ਕੱਢਿਆ ਜਾ ਰਿਹਾ ਹੈ, ਉਸ ਹਿਸਾਬ ਨਾਲ 300 ਮੀਟਰ ਦੀ ਡੂੰਘਾਈ ਤੱਕ ਮੌਜੂਦ ਪਾਣੀ ਦੇ ਸਾਰੇ ਸੋਮੇ 20-25 ਸਾਲਾਂ ਵਿਚ ਖ਼ਤਮ ਹੋ ਜਾਣਗੇ। ਖੇਤੀ ਅਰਥਚਾਰੇ ਦੇ ਉਘੇ ਮਾਹਰ ਡਾ. ਐਸ. ਐਸ. ਜੌਹਲ ਨੇ ਕਿਹਾ ਕਿ ਪਾਣੀ ਦਾ ਪੱਧਰ ਡਿਗਣ ਦਾ ਸਭ ਤੋਂ ਵੱਡਾ ਕਾਰਣ ਝੋਨੇ ਦੀ ਫ਼ਸਲ ਹੈ। ਕਿਸਾਨਾਂ ਨੂੰ ਮੁਫ਼ਤ ਪਾਣੀ ਮਿਲ ਰਿਹਾ ਹੈ ਤੇ ਬਹੁਤ ਅਜਾਈ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੁੱਲ ਤੈਅ ਕੀਤਾ ਜਾਣਾ ਚਾਹੀਦਾ ਹੈ।

ਸੈਂਟਰਲ ਗਰਾਊਂਡ ਵਾਟਰ ਬੋਰਡ ਮੁਤਾਬਿਕ ਪੰਜਾਬ ਦੇ 141 ਐਗਰੀਕਲਚਰਲ ਡਿਵੈਲਪਮੈਂਟ ਬਲਾਕਸ 'ਚੋਂ 102 ਇਸ ਵੇਲੇ ਡਾਰਕ ਜ਼ੋਨ 'ਚ ਹਨ ਜਿਥੇ ਪਾਣੀ 200 ਫੁੱਟ ਜਾਂ ਇਸ ਤੋਂ ਡੂੰਘਾਈ 'ਤੇ ਹੈ। ਵਾਤਾਵਰਣਵਾਦੀ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਮੁਤਾਬਕ ਧਰਤੀ ਹੇਠ ਪਾਣੀ ਨੂੰ ਨਾ ਕੱਢਣ 'ਤੇ ਕੋਈ ਨਿਯਮ ਕਾਨੂੰਨ ਨਾ ਹੋਣ ਕਰਕੇ ਇਸ ਦਾ ਦੁਰਉਪਯੋਗ ਹੋ ਰਿਹਾ ਹੈ।

ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਦੀ ਇੱਕ ਰਿਪੋਰਟ ਮੁਤਾਬਿਕ ਪੰਜਾਬ ਵਿਚ ਚਾਰ ਨਦੀਆਂ ਦਾ ਪਾਣੀ ਨਾ ਪੀਣਯੋਗ ਕਰਾਰ ਦਿੱਤਾ ਗਿਆ ਹੈ। ਸਮੇਂ ਰਹਿੰਦੇ ਅਸੀਂ ਪਾਣੀ ਦੇ ਮੁੱਲ ਨੂੰ ਨਾ ਸਮਝਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਪਿਆਸੀਆਂ ਮਰਨਗੀਆਂ ਅਤੇ ਸਾਨੂੰ ਦੋਸ਼ ਦੇਣਗੀਆਂ। ਪਾਣੀ ਖਰਾਬ ਹੋਣ ਕਰਕੇ ਇਸ ਵਿਚ ਰਹਿ ਰਹੇ ਜੀਵ-ਜੰਤੂਆਂ ਦੀ ਗਿਣਤੀ ਚਿੰਤਾਜਨਕ ਪੱਧਰ ਤੇ ਘੱਟ ਰਹੀ ਹੈ ਜਿਸ ਕਰਕੇ ਸਾਰਾ ਈਕੋਸਿਸਟਮ ਖਰਾਬ ਹੋ ਰਿਹਾ ਹੈ। ਅਜੇ ਕੁਝ ਸਮੇਂ ਪਹਿਲਾਂ ਹੈ ਬਿਆਸ ਦਰਿਆ ਵਿਚ ਵੱਡੇ ਪੱਧਰ ਤੇ ਮੱਛੀਆਂ ਅਤੇ ਹੋਰ ਸਮੁੰਦਰੀ ਜੀਵ ਮਾਰੇ ਪਾਏ ਗਏ ਸਨ ਜਿਸਦਾ ਕਾਰਣ ਕਾਰਖਾਨਿਆਂ ਵਲੋਂ ਛੱਡਿਆ ਜਾ ਰਿਹਾ ਦੂਸ਼ਿਤ ਪਾਣੀ ਸੀ ।ਹੁਣ ਜੇ ਇਹ ਮੱਛੀਆਂ ਇਨਸਾਨ ਖਾ ਲਵੇ ਤਾਂ ਉਸਨੂੰ ਪੱਕਾ ਕੋਈ ਨਾ ਕੋਈ ਰੋਗ ਲੱਗ ਜਾਏਗਾ। ਜਪਾਨ ਵਿਚ ਹੋਈ 'ਮਿਨਿਮਾਟਾ ਘਟਨਾ' ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ ਜਿਥੇ ਪਾਣੀ ਵਿਚ ਉਦਯੋਗਿਕ ਕਾਰਖਾਨਿਆਂ ਤੋਂ ਮਰਕਰੀ ਮਿਲਣ ਕਰਕੇ ਇਹ ਮੱਛੀਆਂ ਵਿਚ ਚਲੀ ਗਈ ਅਤੇ ਇਹ ਮੱਛੀਆਂ ਜਦੋਂ ਲੋਕਾਂ ਨੇ ਖਾਧੀਆਂ ਤਾਂ ਉਨ੍ਹਾਂ ਦੀ ਮੌਤ ਹੋਣੀ ਸ਼ੁਰੂ ਹੋ ਗਈ। ਸਾਨੂੰ ਅਜਿਹੀਆਂ ਘਟਨਾਵਾਂ ਤੋਂ ਸਬਕ ਲੈਣ ਦੀ ਲੋੜ ਹੈ।

ਮਿੱਟੀ ਪ੍ਰਦੂਸ਼ਣ ਵੀ ਇਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੋਲੀਥੀਨ ਦੇ ਲਿਫਾਫੇ, ਸੀਵਰੇਜ, ਖੇਤੀ ਵਿਚ ਪੈਸਟੀਸਾਈਡਸ ਦੀ ਵਰਤੋਂ, ਰੁੱਖ ਕੱਟਣਾ ਇਸਦੇ ਕੁਝ ਕਾਰਨ ਹਨ। ਮਿੱਟੀ ਦੇ ਪ੍ਰਦੂਸ਼ਣ ਕਰਕੇ ਉਪਜਾਊ ਮਿੱਟੀ ਖਤਮ ਹੋ ਰਹੀ ਹੈ ਅਤੇ ਫ਼ਸਲਾਂ ਦੀ ਪੈਦਾਵਾਰ ਘੱਟ ਰਹੀ ਹੈ। ਉਹ ਸਮਾਂ ਦੂਰ ਨਹੀਂ ਜਦ ਮਿੱਟੀ ਬੰਜਰ ਹੋ ਜਾਵੇਗੀ। ਇਸੇ ਤਰ੍ਹਾਂ ਆਵਾਜ਼ ਦਾ ਪ੍ਰਦੂਸ਼ਣ ਵੀ ਲਗਾਤਾਰ ਵੱਧ ਰਿਹਾ ਹੈ। ਹੌਰਨ ਸੱਭਿਆਚਾਰ ਨੇ ਇਨਸਾਨ ਦੀ ਮੱਤ ਮਾਰ ਦਿੱਤੀ ਹੈ ਖਾਸਕਰ ਭਾਰਤ ਵਰਗੇ ਮੁਲਕ ਵਿਚ ਜਿਥੇ ਹੌਰਨ ਮਾਰਨਾ ਬੇਜ਼ਤੀ ਨਾ ਸਮਝ ਲੋਕ ਆਪਣਾ ਅਧਿਕਾਰ ਸਮਝਦੇ ਹਨ । ਇਕ ਮਿੰਟ ਦਾ ਵੀ ਸਬਰ ਕਿਤੇ ਬਿਨ੍ਹਾਂ ਬਸ ਹੌਰਨ 'ਤੇ ਹੱਥ ਰੱਖ ਲੋਕ ਆਪਣੇ ਕਿਰਦਾਰ ਤੋਂ ਜਾਣੂ ਕਰਵਾਉਂਦੇ ਹਨ। ਟ੍ਰੈਫ਼ਿਕ, ਪਟਾਕਿਆਂ ਦਾ ਸ਼ੋਰ, ਉਦਯੋਗਿਕ ਕਾਰਖਾਨਿਆਂ ਵਗੈਰਾ ਵੀ ਆਵਾਜ਼ ਪ੍ਰਦੂਸ਼ਣ ਦਾ ਮੁੱਖ ਕਾਰਨ ਹਨ।

ਵਾਤਾਵਰਣ ਨੂੰ ਲੈ ਕੇ ਇਸ ਸਮੇਂ ਸਾਰੀ ਦੁਨੀਆ ਚਿੰਤਿਤ ਹੈ। ਦੁਨੀਆ ਵਿਚ ਕੁਝ ਸੰਸਥਾਵਾਂ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਜਿਵੇਂ ਕਿ 1961 ਵਿਚ ਬਣੀ "ਵਰਲਡ ਵਾਈਲਡ ਲਾਈਫ" ਫੰਡ ਜੋ ਕਿ ਸਵਿਟਜ਼ਰਲੈਂਡ ਸਥਿਤ ਹੈ ਅਤੇ ਪੂਰੀ ਦੁਨੀਆ ਵਿਚ ਵਾਤਾਵਰਣ ਦੀ ਸਾਂਭ-ਸੰਭਾਲ ਦੇ ਖੇਤਰ ਵਿਚ ਚੰਗਾ ਕੰਮ ਕਰ ਰਹੀ ਹੈ। ਇਹ ਸੰਸਥਾ ਸਾਰੀ ਦੁਨੀਆ ਵਿਚ ਆਪਣੇ ਮਸ਼ਹੂਰ ਲੋਗੋ ਪਾਂਡਾ ਨਾਲ ਜਾਣੀ ਜਾਂਦੀ ਹੈ। ਇਸੇ ਤਰ੍ਹਾਂ ਕਈ ਹੋਰ ਸੰਸਥਾਵਾਂ ਜਿਵੇਂ ਕਿ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ, ਸੰਯੁਕਤ ਰਾਸ਼ਟਰ ਵਾਤਾਵਰਣ ਸੁਰੱਖਿਆ ਏਜੰਸੀ, ਵਾਈਲਡ ਲਾਈਫ ਕੰਜ਼ਰਵੇਸ਼ਨ ਸੋਸਾਇਟੀ ਅਤੇ ਹੋਰ ਕਈ ਸੰਸਥਾਵਾਂ ਲਗਾਤਾਰ ਪੂਰੀ ਦੁਨੀਆ ਵਿਚ ਕੰਮ ਕਰ ਰਹੀਆਂ ਹਨ। ਭਾਰਤ ਵਿਚ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦਾ ਬਣਨਾ ਵੀ ਇਕ ਮਹੱਤਪੂਰਨ ਦਿਨ ਸੀ। ਇਸ ਨੂੰ ਸੰਸਦ ਦੇ ਇਕ ਐਕਟ ਨਾਲ ਬਣਾਇਆ ਗਿਆ ਹੈ। ਇਸ ਦਾ ਕੰਮ ਵਾਤਾਵਰਣ ਸੰਬੰਧੀ ਮੁੱਦਿਆਂ 'ਤੇ ਕੇਸਾਂ ਦਾ ਜਲਦ ਨਿਪਟਾਰਾ ਕਰਨਾ ਹੈ। 2010 ਵਿਚ ਬਣੇ ਇਸ ਟ੍ਰਿਬਿਊਨਲ ਨੇ ਕਈ ਅਹਿਮ ਮੁੱਦਿਆਂ 'ਤੇ ਸੁਣਵਾਈ ਕੀਤੀ ਹੈ ਜਿਵੇਂ ਕਿ ਯਮੁਨਾ ਕੰਜ਼ਰਵੇਸ਼ਨ ਜ਼ੋਨ ਬਣਾਉਣ ਦਾ ਫੈਸਲਾ ਅਤੇ ਛੱਤੀਸਗੜ੍ਹ ਵਿਚ ਕੋਲ ਬਲਾਕਸ ਰੱਦ ਕਰਨੇ।

ਸਾਨੂੰ ਆਪਣੇ ਪੱਧਰ 'ਤੇ ਵੀ ਕਈ ਪਹਿਲਕਦਮੀਆਂ ਕਰਨ ਦੀ ਲੋੜ ਹੈ ਕਿਉਂਕਿ ਅਸੀਂ ਵੀ ਇਸ ਧਰਤੀ ਦੇ ਵਾਸੀ ਹਾਂ। ਜੇ ਅਸੀਂ ਇਹ ਸੋਚੀ ਜਾਈਏ ਕਿ ਵਾਤਾਵਰਣ ਸੰਭਾਲਣਾ ਤਾਂ ਸੰਸਥਾਵਾਂ ਜਾਂ ਸਰਕਾਰਾਂ ਦਾ ਕੰਮ ਹੈ ਤਾਂ ਅਸੀਂ ਬਿਲਕੁਲ ਗਲਤ ਹਾਂ। ਆਪਣੇ ਤੋਂ ਸ਼ੁਰੂਆਤ ਕਰਕੇ ਹੀ ਅਸੀਂ ਆਪਣੇ ਪਰਿਆਵਰਣ ਨੂੰ ਸਾਂਭ ਸਕਦੇ ਹਾਂ। ਸਾਨੂੰ ਆਪਣੇ ਆਲੇ-ਦੁਆਲੇ ਸਫਾਈ ਰੱਖਣੀ ਚਾਹੀਦੀ ਹੈ ਅਤੇ ਜੇ ਘਰ ਵਿਚ ਹੋ ਸਕੇ ਤਾਂ ਨਸ਼ਟ ਹੋਣ ਯੋਗ ਅਤੇ ਨਾ ਨਸ਼ਟ ਹੋਣ ਯੋਗ ਕੂੜੇ ਨੂੰ ਅਲੱਗ-ਅਲੱਗ ਰੱਖਣਾ ਚਾਹੀਦਾ ਹੈ। ਇਸ ਸਾਲ ਦੇ ਮੁੱਖ ਵਿਸ਼ੇ "ਹਵਾ ਪ੍ਰਦੂਸ਼ਣ" ਨੂੰ ਮੁੱਖ ਰੱਖਦੇ ਹੋਏ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਵਾਤਾਵਰਨ ਨੂੰ ਸਾਫ਼ ਰੱਖਣ ਲਈ ਜੋ ਵੀ ਕੋਸ਼ਿਸ਼ ਕਰ ਸਕਦੇ ਹਾਂ ਉਹ ਅਸੀਂ ਕਰੀਏ। ਉਦਾਹਰਣ ਵਜੋਂ ਜੇ ਨਜ਼ਦੀਕ ਹੀ 1 ਤੋਂ 2 ਕਿਲੋਮੀਟਰ ਜਾਣਾ ਹੋਵੇ ਤਾਂ ਪੈਦਲ ਜਾਂ ਸਾਈਕਲ ਨੂੰ ਪਹਿਲ ਦੇਣੀ ਚਾਹੀਦੀ ਹੈ। ਕਾਰ ਪੂਲਿੰਗ ਦੀ ਵਰਤੋਂ ਹੋਣੀ ਚਾਹੀਦੀ ਹੈ ਤਾਂ ਕਿ ਅਸੀਂ ਆਪਣਾ ਕਾਰਬਨ ਫੁਟਪ੍ਰਿੰਟ ਘਟਾ ਸਕੀਏ। ਪਾਣੀ ਦੀ ਜਿੰਨੀ ਜ਼ਰੂਰਤ ਹੋਵੇ ਓਨੀ ਹੀ ਵਰਤੋਂ ਹੋਣੀ ਚਾਹੀਦੀ ਹੈ। ਸਾਨੂੰ ਹੌਲੀ-ਹੌਲੀ ਆਰਗੈਨਿਕ ਖੇਤੀ ਵੱਲ ਜਾਣਾ ਚਾਹੀਦਾ ਹੈ ਤਾਂ ਕਿ ਅਸੀਂ ਮਿੱਟੀ ਨੂੰ ਬੰਜਰ ਹੋਣ ਤੋਂ ਬਚਾ ਸਕੀਏ। ਸਾਨੂੰ ਵੱਧ ਤੋਂ ਵੱਧ ਦਰਖਤ ਲਾਉਣੇ ਚਾਹੀਦੇ ਹਨ ਤਾਂਕਿ ਅਸੀਂ ਸਾਫ ਹਵਾ ਦਾ ਆਨੰਦ ਮਾਣ ਸਕੀਏ। ਕੁਝ ਦਿਨ ਪਹਿਲਾਂ ਹੀ ਬੰਗਲੌਰ ਦਾ ਇੱਕ ਸਾਇੰਟਿਸਟ ਏ.ਆਰ. ਸ਼ਿਵਕੁਮਾਰ ਇਸ ਕਰਕੇ ਬਹੁਤ ਮਸ਼ਹੂਰ ਹੋਇਆ ਕਿ ਉਸ ਨੇ ਪਿਛਲੇ 22 ਸਾਲਾਂ ਤੋਂ ਪਾਣੀ ਦਾ ਬਿੱਲ ਨਹੀਂ ਦਿੱਤਾ ਬਲਕਿ ਪਾਣੀ ਦੀ ਸੰਭਾਲ ਦਾ ਇਕ ਬਿਹਤਰੀਨ ਨਮੂਨਾ ਪੇਸ਼ ਕੀਤਾ। ਮੀਂਹ ਦੇ ਪਾਣੀ ਦਾ ਸੰਰਕਸ਼ਨ ਕਰਕੇ ਉਸ ਨੂੰ ਵਰਤੋਂ ਵਿਚ ਲਿਆਂਦਾ ਅਤੇ ਘਰ ਦੇ ਪਾਣੀ ਜਿਵੇਂ ਕਿ ਕੱਪੜੇ ਧੋਣ ਵਾਲਾ ਅਤੇ ਰਸੋਈ ਵਾਲੇ ਪਾਣੀ ਨੂੰ ਫਿਲਟਰ ਕਰ ਮੁੜ ਉਪਯੋਗ ਵਿਚ ਲਿਆਇਆ। ਸਾਨੂੰ ਅਜਿਹੇ ਇਨਸਾਨ ਤੋਂ ਸਿੱਖਣ ਦੀ ਲੋੜ ਹੈ। ਅਖੀਰ ਵਿਚ ਸਾਨੂੰ ਆਪਣੇ ਆਲੇ-ਦੁਆਲੇ ਕੁਦਰਤ ਨੂੰ ਮਾਣਨਾ ਚਾਹੀਦਾ ਹੈ ਅਤੇ ਇਸ ਦੇ ਸਾਂਭ-ਸੰਭਾਲ ਵਿਚ ਆਪਣਾ ਹੱਥ ਵਟਾਉਣਾ ਚਾਹੀਦਾ ਹੈ।

ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਵਿਸ਼ਵ ਵਾਤਾਵਰਣ ਦਿਵਸ ਬਾਰੇ ਮਨ ਕੀ ਬਾਤ ਵਿਚ ਗੱਲ ਕੀਤੀ ਸੀ ਅਤੇ ਲੋਕਾਂ ਨੂੰ ਮੁੜ ਕੁਦਰਤ ਨਾਲ ਜੁੜਣ ਦਾ ਸੁਨੇਹਾ ਦਿੱਤਾ। ਇਹ ਧਰਤੀ ਦੇ ਸਰੋਤਾਂ ਦੀ ਜਿੰਨੀ ਅੰਨ੍ਹੇਵਾਹ ਵਰਤੋਂ ਅਸੀਂ ਕਰ ਰਹੇ ਹਾਂ ਉਨ੍ਹਾਂ ਹੀ ਸਾਨੂੰ ਆਪਣੀ ਧਰਤੀ ਨੂੰ ਵਾਪਸ ਮੋੜਕੇ ਇਕ ਸੰਤੁਲਨ ਬਣਾਉਣ ਦੀ ਲੋੜ ਹੈ। ਆਓ ਅਸੀਂ ਸਭ ਮਿਲ ਕੇ ਆਪਣੇ ਯੋਗਦਾਨ ਨਾਲ ਆਪਣੀ ਧਰਤੀ ਮਾਂ ਨੂੰ ਬਚਾਈਏ। ਅੰਤ ਵਿਚ ਮੈਨੂੰ ਸ਼ਿਵ ਕੁਮਾਰ ਬਟਾਲਵੀ ਦੀਆਂ ਕੁਝ ਸਤਰਾਂ ਯਾਦ ਆਉਂਦੀਆਂ ਹਨ -

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ
ਕੁਝ ਰੁੱਖ ਲੱਗਦੇ ਮਾਵਾਂ।
ਕੁਝ ਰੁੱਖ ਨੂੰਹਾਂ-ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਊਣ ਰੁੱਖਾਂ ਦੀਆਂ ਛਾਵਾਂ।

# ਭਿਆਨਕ ਸਮੱਸਿਆ ਹੈ 'ਪਲਾਸਟਿਕ ਪ੍ਰਦੂਸ਼ਨ'



ਨਵਜੋਤ ਬਜਾਜ (ਗੱਗੂ)
91-98721-02614

ਵਾਤਵਰਣ ਤੋ ਭਾਵ ਸਾਡੇ ਆਲੇ ਦੁਆਲੇ ਦੀ ਹਰ ਉਹ ਵਸਤੂ ਜੋ ਜੀਵਾਂ ਜੰਤੂਆਂ ਦੇ ਵਾਧੇ ਵਿੱਚ ਸਹਾਈ ਹੁੰਦੀ ਹੈ ਜਿਵੇ ਹਵਾ, ਪਾਣੀ, ਮਿੱਟੀ, ਪੌਦੇ, ਜਾਨਵਰ ਅਤੇ ਸੂਖਮਜੀਵ ਆਦਿ। ਧਰਤੀ ਉੱਪਰ ਹਰੇਕ ਜੀਵ ਕੁਦਰਤ ਵੱਲੋ ਬਖਸ਼ੀਆਂ ਇਨ੍ਹਾਂ ਅਨਮੋਲ ਦਾਤਾਂ 'ਤੇ ਨਿਰਭਰ ਕਰਦਾ ਹੈ। ਆਧੂਨਿਕ ਖੇਤੀ ਦੀਆਂ ਤਕਨੀਕਾਂ ਨੂੰ ਅਪਣਾਉਦਿਆਂ ਸਿਫਾਰਸ਼ ਤੋ ਵਧੇਰੇ ਖਾਦਾਂ ਅਤੇ ਕੀਟਨਾਸ਼ਕ ਰਸਾਇਣਾਂ ਦੀ ਵਰਤੋ ਕਰਨ ਨਾਲ, ਕਾਰਖਾਨਿਆਂ ਦੁਆਰਾ ਦੂਸ਼ਤ ਪਾਣੀ ਨਹਿਰਾਂ ਅਤੇ ਦਰਿਆਵਾਂ ਵਿੱਚ ਸੁੱਟ ਕੇ ਪਾਣੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ।ਕਾਰਖਾਨਿਆਂ, ਮੋਟਰ ਗੱਡੀਆਂ, ਹਵਾਈ ਜਹਾਜ਼ਾਂ ਦੁਆਰਾ ਅਤੇ ਕਿਸਾਨਾਂ ਦੁਆਰਾ ਝੋਨੇ ਅਤੇ ਕਣਕ ਦੀ ਕਟਾਈ ਤੋ ਬਾਅਦ ਬਚਦੀ ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਹਵਾ ਇੰਨੀ ਪ੍ਰਦੂਸ਼ਿਤ ਹੋ ਚੁੱਕੀ ਹੈ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਵਾਤਾਵਰਣ ਪ੍ਰਦੂਸ਼ਿਤ ਹੋਣ ਕਾਰਨ ਵਧ ਰਹੀ ਆਲਮੀਤਪਸ਼ ਨਾਲ ਗਲੇਸ਼ੀਅਰਾਂ ਦੇ ਸੰਗੜਣ ਦੀ ਕਿਰਿਆ ਨੂੰ ਨੱਥ ਨਾ ਪਾਈ ਗਈ ਤਾਂ ਪਹਿਲਾਂ ਦਰਿਆਵਾਂ ਵਿੱਚ ਪਾਣੀ ਦੀ ਵਧੇਰੇ ਮਾਤਰਾ ਕਾਰਨ ਇਹ ਹੜ੍ਹਾਂ ਨੂੰ ਜਨਮ ਦੇਣਗੇ ਅਤੇ ਫਿਰ ਪਾਣੀ ਦੀ ਮਾਤਰਾ ਘਟ ਜਾਣ ਕਾਰਨ ਸੁੱਕ ਜਾਣਗੇ। ਜੇ ਅਸੀ ਏਦਾਂ ਹੀ ਕੁਦਰਤ ਤੋ ਦੂਰ ਹੁੰਦੇ ਗਏ ਤਾਂ ਕੁਦਰਤੀ ਆਫਤਾਂ ਤੋ ਬਚਣਾ ਅਸੰਭਵ ਹੈ ।ਖੇਤਾਂ ਵਿੱਚ ਫਸਲਾਂ ਦੀ ਰਹਿਦ ਖੂੰਹਦ ਨੂੰ ਸਾੜਣ ਅਤੇ ਦੇਸੀ ਰੂੜੀ ਦੀ ਅਣਹੋਂਦ ਕਾਰਨ ਮਿੱਟੀ ਵਿੱਚ ਮਿੱਤਰ ਸੂਖਮਜੀਵ ਖਤਮ ਹੋ ਰਹੇ ਹਨ ਜਿਸ ਕਾਰਨ ਮਿੱਟੀ ਮੁਰਦਾ ਹਾਲਤ ਵਿੱਚ ਹੋ ਰਹੀ ਹੈ।ਇਸ ਸਮੇ ਪੰਜਾਬ ਦੀ ਮਿੱਟੀ ਵਿੱਚ ਔਸਤਨ 0.02 ਪ੍ਰਤੀਸ਼ਤ ਤੋ 0.25 ਪ੍ਰਤੀਸ਼ਤ ਜੈਵਿਕ ਮਾਦਾ ਰਹਿ ਗਿਆ ਹੈ ਜਦ ਕਿ ਜੈਵਿਕ ਖਾਦ ਦੇ ਰਹੀ ਢੰਗ ਨਾਲ ਕੰਮ ਕਰਨ ਲਈ ਮਿੱਟੀ ਵਿੱਚ ਜੈਵਿਕ ਮਾਦਾ ਦੀ ਮਾਤਰਾ ਘੱਟੋ ਘੱਟ 0.45 ਪ੍ਰਤੀਸ਼ਤ ਹੋਣੀ ਜ਼ਰੂਰੀ ਹੈ।

ਵਾਤਾਵਰਣ ਦੀ ਮਹੱਤਤਾ ਨੂੰ ਮੁੱਖ ਰੱਖਦਿਆ ਯੂ ਐਨ ਓ ਵੱਲੋ '1972 ਵਿੱਚ ਹਰ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਉਣਾ ਸ਼ੁਰੂ ਕੀਤਾ ਸੀ ਜੋ ਹੁਣ ਹਰੇਕ ਦੇਸ਼ ਵਿੱਚ ਮਨਾਇਆ ਜਾ ਰਿਹਾ । ਸਾਲ 2018 ਦੌਰਾਨ ਵਿਸ਼ਵ ਵਾਤਾਵਰਣ ਭਾਰਤ ਸਰਕਾਰ ਵੱਲੋ ਮਨਾਇਆ ਜਾ ਰਿਹਾ ਹੈ।ਜਿਸ ਦਾ ਮੁੱਖ ਸਿਰਲੇਖ "ਕਰਾਂਗੇ ਸੰਗ, ਪਲਾਸਟਿਕ ਪ੍ਰਦੂਸ਼ਣ ਨਾਲ ਜੰਗ" ਰੱਖਿਆ ਗਿਆ।ਸਿਰਲੇਖ ਤੋ ਹੀ ਸਪੱਸ਼ਟ ਹੈ ਕਿ ਸਾਲ 2018 ਦੌਰਾਨ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਭਾਰਤ ਸਰਕਾਰ ਵੱਲੋ ਵੱਡੀ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਪਲਾਸਟਿਕ ਪ੍ਰਦੂਸ਼ਣ ਨਾਲ ਕੁਦਰਤੀ ਸਰੋਤਾਂ ਦੇ ਹੋ ਰਹੇ ਘਾਣ ਨੂੰ ਘੱਟ ਕੀਤਾ ਜਾ ਸਕੇ। ਵਿਸ਼ਵ ਪੱਧਰ 'ਤੇ ਹਰ ਸਾਲ 500 ਬਿਲਿਅਨ ਪਲਾਸਟਿਕ ਬੈਗਾਂ ਦੀ ਵਰਤੋ ਕੀਤੀ ਜਾਂਦੀ ਹੈ। ਹਰ ਸਾਲ ਤਕਰੀਬਨ 8 ਮਿਲੀਅਨ ਟਨ ਪਲਾਸਟਿਕ ਕਚਰਾ ਸਮੁੰਦਰ ਵਿੱਚ ਜਾ ਰਿਹਾ ਹੈ ਜੋ ਇੱਕ ਮਿੰਟ ਵਿੱਚ ਇੱਕ ਟਰੱਕ ਦੇ ਬਰਾਬਰ ਹੈ। ਪਿਛਲੀ ਇੱਕ ਸਦੀ ਵਿੱਚ ਪੈਦਾ ਹੋਈ ਪਲਾਸਟਿਕ ਤੋ ਵੱਧ ਪਿਛਲੇ ਇੱਕ ਦਹਾਕੇ ਵਿੱਚਹੀ ਪਲਾਸਟਿਕ ਪੈਦਾ ਹੋਈ ਹੈ, ਜਿਸ ਤੋ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਪਲਾਸਟਿਕ ਪ੍ਰਦੂਸ਼ਣ ਕਿੰਨੀ ਗਤੀ ਨਾਲ ਵਧ ਰਿਹਾ ਹੈ।ਇੱਕ ਅੰਦਾਜ਼ੇ ਮੁਤਾਬਕ ਅਸੀ ਹਰੇਕ ਇੱਕ ਮਿੰਟ ਵਿੱਚ ਇੱਕ ਮਿਲੀਅਨ ਪਲਾਸਟਿਕ ਬੋਤਲਾਂ ਦੀ ਖਰੀਦ ਕਰਦੇ ਹਾਂ। ਵਿਸ਼ਵ ਦੀ ਜਨਸੰਖਿਆ ਜਿਸ ਗਤੀ ਨਾਲ ਵਧ ਰਹੀ ਹੈ। ਉਸੇ ਗਤੀ ਨਾਲ ਪਲਾਸਟਿਕ ਦੀ ਵਰਤੋ ਵੀ ਵਧ ਰਹੀ ਹੈ।



ਜੀਵਨ ਸ਼ੈਲੀ 'ਚ ਆਏ ਬਦਲਾਅ ਕਾਰਨ ਡਿਸਪੋਜੇਬਲ ਚੀਜ਼ਾਂ ਦੀ ਮੰਗ ਵਧ ਰਹੀ ਹੈ। ਸਭ ਤੋ ਵੱਧ ਪਲਾਸਟਿਕ ਬੋਤਲਾਂ ਦੀ ਵਰਤੋ ਪੀਣ ਵਾਲੇ ਪਾਣੀ ਅਤੇ ਠੰਡੇ ਸੋਢੇ ਦੀ ਵੀ ਡੱਬਾ ਬੰਦੀ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਪਲੇਟਾਂ, ਕੱਪ ਗਲਾਸਾਂ ਲਈ ਥਰਮੋਕੋਲ ਦੀ ਵਰਤੋ ਕੀਤੀ ਜਾਦੀ ਹੈ।ਇਨ੍ਹਾਂ ਸਮਾਗਮਾਂ ਦੀ ਸਮਾਪਤੀ ਤੋ ਬਾਅਦ ਜੋ ਗੰਦ ਪਲਾਸਿਟਿਕ ਲਿਫਾਫਿਆਂ, ਪਲਾਸਟਿਕ ਅਤੇ ਥਰਮਕੋਲ ਦੀਆਂ ਪਲੇਟਾਂ ਅਤੇ ਗਲਾਸਾਂ ਨਾਲ ਪੈਦਾਂ ਉਸ ਨਾਲ ਚੌਗਿਰਦਾ ਬਹੁਤ ਪ੍ਰਭਾਵਤ ਹੁੰਦਾ ਹੈ।ਸ਼ਹਿਰਾਂ ਅਤੇ ਪਿੰਡਾਂ 'ਚ ਇਸ ਵਿਅਰਥ ਸਮਾਨ ਨਾਲ ਸੀਵਰੇਜ, ਨਾਲੀਆਂ ਬੰਦ ਹੋਣ ਨਾਲ ਬਰਸਾਤਾਂ ਵਿੱਚ ਕਈ ਵਾਰ ਆਮਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਦਾ ਹੈ। ਇਹ ਪਲਾਸਟਿਕ ਅਤੇ ਥਰਮੋਕੋਲ ਨਾ-ਗਲਣਯੋਗ ਪਦਾਰਥ ਹੋਣ ਕਾਰਨ ਦਰੱਖਤਾਂ, ਪਸ਼ੂਆਂ ਅਤੇ ਮਨੁੱਖਤਾ ਲਈ ਕਈ ਮੁਸ਼ਕਲਾਂ ਪੈਦਾ ਕਰਦਾ ਹੈ। ਸ਼ਹਿਰਾਂ ਵਿੱਚ ਪਲਾਸਟਿਕ ਲਿਫਾਫੇ ਅਵਾਰਾ ਪਸ਼ੂਆਂ ਦੀ ਮੌਤ ਦਾ ਕਾਰਨ ਬਣਦੇ ਹਨ।ਜੇਕਰ ਦੇਖਿਆ ਜਾਵੇ ਤਾਂ ਪਲਾਸਟਿਕ ਲਿਫਾਫੇ, ਥਰਮੋਕੋਲ ਅਤੇ ਪਲਾਸਟਿਕ ਦੇ ਡਿਸਪੋਜੇਬਲ ਪਦਾਰਥਾਂ ਨਾਲ ਸ਼ਹਿਰੀ ਵਸੋ ਇਲਾਕਿਆਂ ਵਿੱਚ ਜਿੰਨਾ ਪ੍ਰਦੂਸਣ ਵਧਦਾ ਹੈ, ਓਨਾਂ ਹੋਰ ਕਿਸੇ ਪਦਾਰਥ ਨਾਲ ਨਹੀ ਫੈਲਦਾ। ਪਲਾਸਟਿਕ ਦਾ ਪ੍ਰਦੂਸ਼ਣ ਜ਼ਮੀਨ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿੱਚ ਵੀ ਸਹਾਈ ਹੁੰਦਾ ਹੈ।

ਰਿਹਾਇਸ਼ੀ ਇਲਾਕਿਆਂ ਅਤੇ ਕੂੜਾ ਡੰਪ ਕਰਨ ਵਾਲੀ ਜਗ੍ਹਾਂ ਤੇ ਪਲਾਸਟਿਕ ਨੂੰ ਅੱਗ ਲਗਾ ਕੇ ਨਸ਼ਟ ਕੀਤਾ ਜਾਂਦਾ ਹੈ ਜਿਸ ਨਾਲ ਹਵਾ ਦਾ ਪ੍ਰਦੂਸਣ ਵਧਦਾ ਹੈ, ਜੋ ਮਨੁੱਖੀ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੁੰਦਾ ਹੈ। ਤੇਜ ਹਵਾਵਾਂ ਨਾਲ ਪਲਾਸਟਿਕ ਦੇ ਲਿਫਾਫੇ ਖੇਤਾਂ ਵਿੱਚ ਖਿਲਰ ਜਾਂਦੇ ਹਨ ਜੋ ਮਿੱਟੀ ਦਾ ਪ੍ਰਦੂਸ਼ਣ ਵਧਾਉਦੇਂ ਹਨ।ਹਵਾ ਨਾਲ ਉਡੋਂ ਲਿਫਾਫੇ ਕਈ ਵਾਰ ਖੰਭਿਆਂ, ਟ੍ਰੈਫਿਕ ਲਾਈਟਾਂ, ਦਰੱਖਤਾਂ, ਵਾੜਾਂ, ਟਾਵਰਾਂ ਆਦਿ ਵਿੱਚ ਫਸ ਜਾਦੇ ਹਨ ਜਿਸ ਨਾਲ ਹਾਦਸੇ ਵਾਪਰ ਜਾਂਦੇ ਹਨ ਅਤੇ ਕਈ ਮਨੁੱਖੀ ਅਤੇ ਪਸੂ ਦੀ ਮੌਤ ਦਾ ਕਾਰਨ ਬਣਦੇ ਹਨ। ਸਾਨੂੰ ਚਾਹੀਦਾ ਹੈ ਕਿ ਬਾਜ਼ਾਰ ਵਿੱਚੋ ਸਬਜ਼ੀ ਜਾਂ ਕੋਈ ਹੋਰ ਪਦਾਰਥ ਦੀ ਖਰੀਦ ਕਰਨੀ ਹੋਵੇ ਤਾਂ ਘਰੋ ਕੱਪੜੇ ਜਾਂ ਕਾਗਜ਼ ਦੇ ਬੈਗ ਨਾਲ ਲੈ ਕੇ ਜਾਈਏ ਤਾਂ ਜੋ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋ ਨੂੰ ਘੱਟ ਕਰਕੇ ਵਾਤਾਵਰਣ ਦੇ ਪ੍ਰਦੂਸ਼ਣ ਨੂੰ ਘੱਟ ਕੀਤਾ ਜਾ ਸਕੇ। ਪੀਣ ਵਾਲੇ ਪਾਣੀ ਲਈ ਇੱਕ ਵਾਰ ਵਰਤੋ ਵਾਲੀ ਬੋਤਲ ਦੀ ਬਜਾਏ ਜ਼ਿਆਦਾ ਵਰਤੋ ਵਾਲੀ ਬੋਤਲ ਦੀ ਵਰਤੋ ਕਰਨੀ ਚਾਹੀਦੀ ਹੈ।

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਲੰਗਰ ਲਈ ਪਲਾਸਟਿਕ ਦੀਆਂ ਪਲੇਟਾਂ ਅਤੇ ਗਲਾਸਾਂ ਦੀ ਵਰਤੋ ਦੀ ਬਜਾਏ, ਗਲਣਯੋਗ ਪਦਾਰਥਾਂ ਤੋ ਬਣੇ ਭਾਂਡੇ ਜਾਂ ਸਟੀਲ ਜਾਂ ਬਹੁਵਰਤੋ ਵਾਲੇ ਗਲਾਸਾਂ ਅਤੇ ਪਲੇਟਾਂ ਦੀ ਵਰਤੋ ਨੂੰ ਵਧਾਉਣਾ ਚਾਹੀਦਾ ਹੈ।ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਵੱਲੋ ਗੰਨਾ, ਆਲੂ ਅਤੇ ਕੋਲੇ ਦੇ ਛਿਲੜਾਂ ਤੋ ਬਣੇ ਲਿਫਾਫੇ, ਕੱਪ, ਪਲੇਟਾਂ ਅਤੇ ਗਲਾਸਾਂ ਦੀ ਵਰਤੋ ਸੁਰੂ ਕਰਕੇ ਚੰਗੀ ਸੁਰੂਆਤ ਕੀਤੀ ਗਈ ਹੈ। ਘਰਾਂ, ਹੋਟਲਾਂ, ਸਕੂਲਾਂ, ਹਸਪਤਾਲਾਂ ਵਿੱਚ ਕੂੜਾਂ ਕਰਕਣ ਲਈ ਵੱਖ ਵੱਖ ਬਰਤਨ ਰੱਖਣੇ ਚਾਹੀਦੇ ਹਨ। ਗਲਣਯੋਗ ਪਦਾਰਥ, ਪਲਾਸਟਿਕ ਅਤੇ ਕੱਚ ਆਦਿ ਪਦਾਰਥਾਂ ਨੂੰ ਵੱਖ ਵੱਖ ਬਰਤਨਾਂ ਵਿੱਚ ਰੱਖਣਾ ਚਾਹੀਦਾ ਹੈ। ਪਿੰਡਾਂ ਵਿੱਚ ਪਲਾਸਟਿਕ ਦੇ ਲਿਫਾਫਿਆਂ ਨੂੰ ਰੂੜੀ ਦੇ ਢੇਰਾਂ ਵਿੱਚ ਨਹੀ ਮਿਲਾਉਣਾ ਚਾਹੀਦਾ ਕਿਉਕਿ ਪਲਾਸਟਿਕ ਦੇ ਨਾ ਗਲਣਕਾਰਨ ਖੇਤਾਂ ਵਿੱਚ ਮਿੱਟੀ ਦਾ ਪ੍ਰਦੂਸਣ ਵਧਦਾ ਹੈ।ਸ਼ਹਿਰਾਂ ਦੇ ਆਲੇ ਦੁਆਲੇ ਵੱਧ ਤੋ ਵੱਧ ਦਰੱਖਤ ਲਗਾਏ ਜਾਣ ਚਾਹੀਦੇ ਹਨ। ਕਾਰਖਾਨਿਆਂ ਦੇ ਧੂੰਏ ਅਤੇ ਦੂਸ਼ਿਤਵਾਧੂ ਪਾਣੀ ਨੂੰ ਸੋਧ ਕੇ ਖਾਰਜ ਕੀਤਾ ਜਾਣਾ ਚਾਹੀਦਾ ।ਸਭ ਤੋ ਜਰੂਰੀ ਗੱਲ ਇਹ ਹੈ ਕਿ ਆਮ ਨਾਗਰਿਕਾਂ ਖਾਸ ਕਰਕੇ ਕਿਸਾਨਾਂ ਨੂੰ ਵਾਤਾਵਰਣ ਦੂਸ਼ਿਤ ਤੇ ਇਸ ਤੋ ਉਤਪੰਨ ਹੋਣ ਵਾਲੇ ਸੰਭਾਵਤ ਖਤਰਿਆਂ ਤੋ ਜਾਣੂ ਕਰਵਾਉਣ ਲਈ ਨਿਰੰਤਰ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਸਕੂਲਾਂ ਕਾਲਜਾਂ 'ਚ ਵਿਚਾਰ ਗੋਸ਼ਟੀਆਂ, ਪੇਂਟਿੰਗ ਮੁਕਾਬਲੇ ਕਰਵਾ ਕੇ ਬੱਚਿਆਂ ਨੂੰ ਜਾਗਰੂਕ ਕਰਨਾ ਚਾਹੀਦਾ। ਸਵੈ-ਸੇਵੀ ਸੰਸਥਾਵਾਂ, ਰੇਡੀਓ, ਟੀ.ਵੀ., ਇਟਰਨੈਟ ਸੋਸ਼ਲ ਸਾਈਟਸ, ਪ੍ਰਿੰਟ ਤੇ ਬਿਜਲਈ ਸਾਧਨਾਂ, ਰਸਾਲਿਆਂ ਰਾਹੀ ਵਾਤਾਵਰਣ ਦੀ ਸਵੱਸਥਾ ਦੀ ਮਹੱਤਤਾ ਅਤੇ ਪ੍ਰਦੂਸਣ ਨਾਲ ਹੋਣ ਵਾਲੇ ਖਤਰਿਆਂ ਬਾਰੇ ਲੋਕ ਚੇਤਨਾਂ ਪੈਦਾ ਕਰਨੀ ਚਾਹੀਦੀ ਹੈ। ਇਸ ਕੰਮ ਨੂੰ ਇੱਕ ਪਵਿੱਤਰ ਕੰਮ ਸਮਝ ਕੇ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ।

ਪਲਾਸਟਿਕ ਤੋ ਪੈਦਾ ਹੋਏ ਕਚਰੇ ਨੂੰ ਨਸ਼ਟ ਹੋਣ ਵਿੱਚ 500 ਤੋ 5000 ਸਾਲ ਤੱਕ ਲਗਦੇ ਹਨ। ਅਸੀ ਉਸ ਨੂੰ ਖ਼ਤਮਕਰਨ ਦੇ ਉਪਾਅ ਸੋਚਣ ਵਿੱਚ ਆਪਣੀ ਊਰਜਾ ਅਤੇ ਸੀਮਤ ਸਾਧਨਾਂ ਨੂੰ ਖਰਚ ਕਰਨ ਦੀ ਬਜਾਏ ਕਿਸੇ ਦੂਸਰੇ ਰੂਪ ਵਿੱਚ ਇਸ ਦੀ ਵਰਤੋ ਕਰਨ ਦੀ ਤਕਨੀਕ ਦਾ ਵਿਕਾਸ ਕਰਨ ਦੀ ਦਿਸ਼ਾ ਵਿੱਚ ਕੰਮ ਕਰੀਏ ਤਾਂ ਇਹ ਦੇਸ਼ ਦੀ ਆਰਥਿਕ ਉੱਨਤੀ ਦਾ ਆਧਾਰ ਬਣ ਸਕਦਾ ਹੈ। ਸਾਨੂੰ ਵਾਤਾਵਰਨ ਦੀ ਸੰਭਾਲ ਕਰਨ ਦੀ ਦਿਸ਼ਾ ਵਿੱਚ ਤੇਜੀ ਨਾਲ ਕੰਮ ਕਰਨਾਂ ਹੋਵੇਗਾ, ਇਸ ਤਰ੍ਹਾਂ ਹੀ ਵਿਗੜਦੇ ਹੋਏ ਵਾਤਾਵਰਨ ਨੂੰ ਸੰਤੁਲਿਤਕਰ ਸਕਾਂਗੇ।ਹਰ ਖੇਤਰ ਵਿੱਚ ਇੱਕ ਰੀਸਾਈਕਲ ਪਲਾਂਟ ਲਗਾਉਣਾ ਚਾਹੀਦਾ ਹੈ, ਜਿਥੇ ਪਲਾਸਟਿਕ ਦੇ ਕਚਰੇ ਨੂੰ ਇਕੱਠਾ ਕਰ ਉਸ ਨੂੰ ਦੁਬਰਾ ਵਰਤੋ ਵਿੱਚ ਲਿਆਉਣ ਦੇ ਕਾਬਲ ਬਣਾਇਆ ਜਾ ਸਕੇ। 'ਰੀਡਿਊਸ, ਰੀਯੂਜ, ਰੀਸਾਈਕਲ ਥਿਊਰੀ' ਨੂੰ ਜੇਕਰ ਅਸੀਂ ਆਪਣਾ ਲਈਏ ਤਾਂ ਭਵਿੱਖ ਵਿੱਚ ਪਲਾਸਟਿਕ ਪ੍ਰਦੂਸ਼ਣ ਦੀ ਸਮੱਸਿਆ ਦਾ ਨਿਪਟਾਰਾ ਹੌ ਸਕਦਾ ਹੈ ਅਤੇ ਹਰ ਸਾਲ ਸਮੁੰਦਰ ਵਿੱਚ ਰਹਿਣ ਵਾਲੇ ਲੱਖਾਂ ਹੀ ਜੀਵਾਂ ਨੂੰ ਮਰਨ ਤੋ ਬਚਾਇਆ ਜਾ ਸਕੇਗਾ।

ਸਾਡਾ ਵਾਤਾਵਰਨ, ਸਾਡੇ ਰਵੱਈਏ ਅਤੇ ਉਮੀਦਾਂ ਦਾ ਸ਼ੀਸ਼ਾ ਹੁੰਦਾ ਹੈ, ਜਿਸ ਦੀ ਦੇਖ ਭਾਲ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਇਹੀ ਵਾਤਾਵਰਨ ਦਿਵਸ ਮਨਾਉਣ ਦਾ ਉਦੇਸ਼ ਹੋਣਾ ਚਾਹੀਦਾ ਹੈ।






## ਗਿੱਧਾ

ਆ ਜਾ ਗਿੱਧੇ ਵਿਚ ਗਿੱਧਿਆਂ ਦੀ ਰਾਣੀ ਬਣਕੇ
ਆਪ ਨੱਚੀਂ ਤੇ ਨਚਾਈ ਮੇਰੀ ਬਾਂਹ ਫੜ ਕੇ।

ਉਹੋ ਸਾਉਣ ਦਾ ਮਹੀਨਾ ਪਾ ਦੇ ਗਿੱਧੇ 'ਚ ਧਮਾਲ
ਜਦੋਂ ਅੱਡੀ ਵਿਹੜੇ ਵੱਜੀ ਲੱਗੂ ਆ ਗਿਆ ਭੁਚਾਲ
ਪਿੰਡ ਸਿਫਤਾਂ ਕਰੂ ਸੱਚੀਂ ਕਰਦੇ ਕਮਾਲ
ਤੇਰੇ ਗਿੱਧੇ ਵਾਲੇ ਸੀਨ ਚੇਤੇ ਕਰ ਕਰਕੇ
ਆ ਜਾ ਗਿੱਧੇ ਵਿਚ ਗਿੱਧਿਆਂ ਦੀ ....

ਭਾਬੀ ਪੁੱਛਦੀ ਨਨਾਣੇ ਕਾਹਤੋਂ ਲਾਵੇਂ ਤੂੰ ਬਹਾਨੇ
ਵੀਰ ਮਿੰਨਤਾਂ ਕਰ ਤੇ ਲੋਕ ਮਾਰਦੇ ਨੇ ਤਾਅਨੇ
ਗਿੱਧਾ ਰੋਜ਼ ਨਹੀਂ ਪੈਣਾ ਗੱਲ ਸੁਣ ਤੂੰ ਰਕਾਨੇ
ਪਾ ਕੇ ਪੈਰਾਂ 'ਚ ਪੰਜੇਬ ਆ ਗਏ ਬਣ ਠਣ ਕੇ
ਆਜਾ ਗਿੱਧੇ ਵਿਚ ਗਿੱਧਿਆਂ ਦੀ ...

ਗਿੱਧਾ ਸਿੱਖਿਆ ਸਿਖਾਇਆ ਤੇਰੇ ਕਦੋਂ ਕੰਮ ਆਊ
ਜੀਹਨੇ ਤੱਕਿਆ ਤਕਾਇਆ ਉਹ ਵੀ ਤੇਰੇ ਗੁਣ ਗਾਊ
ਮੰਨ ਮਾਹੀ ਦਾ ਤੂੰ ਕਹਿਣਾ ਤੈਨੂੰ ਕਦੇ ਨਾ ਭੁਲਾਊ
ਵੇਖ ਬੈਠ ਕੇ ਬਨੇਰੇ ਉਤੇ ਅੜ ਅੜ ਕੇ
ਆਜਾ ਗਿੱਧੇ 'ਚ ਗਿੱਧਿਆਂ ਦੀ ....

ਰੂਪ ਸਾਣ ਉਤੇ ਲਾਇਆ ਪਾਈ ਸੁਰਮੇ ਦੀ ਧਾਰੀ
ਤੇਰੀ ਤੋਰ ਨੇ ਤਾਂ ਸੱਚੀ ਮੱਤ ਮਿਰਗਾਂ ਦੀ ਮਾਰੀ
ਹੁੰਦੀ ਚੜ੍ਹਦੀ ਜਵਾਨੀ ਸਦਾ ਜਾਨ ਤੋਂ ਪਿਆਰੀ
'ਦੇਵ ਘੋਲੀਏ' ਦਾ ਵੇਖ ਤੈਨੂੰ ਦਿਲ ਧੜਕੇ
ਆਜਾ ਗਿੱਧਿਆਂ 'ਚ ਗਿੱਧਿਆਂ ਦੀ ਰਾਣੀ ਬਣਕੇ
ਆਪ ਨੱਚੀ ਤੇ ਨਚਾਈ ਮੇਰੀ ਬਾਂਹ ਫੜਕੇ



**– ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

## ਗੀਤਕਾਰ ਦੇਵ ਘੋਲੀਏ ਦਾ ਲਿਖਿਆ ਗੀਤ 'ਦਿਲ ਤੇ ਜਾਨ' ਰਿਲੀਜ਼




ਫਰਿਜ਼ਨੋ ਤੋਂ ਮਿਲੀ ਫੈਕਸ ਅਨੁਸਾਰ ਦੇਵ ਘੋਲੀਏ ਦਾ ਲਿਖਿਆ ਗੀਤ 25 ਮਈ (ਵਾਈਟ ਰੋਜ਼ ਮਿਊਜ਼ਿਕ ਕੰਪਨੀ) ਵੱਲੋਂ ਦੀਪ ਰਣੀਏ ਦੀ ਮਾਣਮੱਤੀ ਪੇਸ਼ਕਸ਼ ਜੋ ਕਿ ਸਿੰਗਰ ਆਰਡੀ ਦਾ ਗਾਇਆ ਗੀਤ ਮਿਊਜ਼ਿਕ ਡਾਇਰੈਕਟਰ ਗੁਰਸੇਵਕ ਸਿੰਘ ਦੀ ਰਹਿਨੁਮਾਈ ਹੇਠ ਰਿਲੀਜ਼ ਕੀਤੀ ਗਈ, ਪਹਿਲਾਂ ਵੀ ਇਹ ਗੀਤ ਰਾਜ ਗਰੇਵਾਲ ਘੋਲੀਏ ਦੀ ਸਰਪ੍ਰਸਤੀ ਹੇਠ ਕਈ ਕਬੱਡੀ ਟੂਰਨਾਮੈਂਟਾਂ ਤੇ ਵੀ ਸੁਣਾਇਆ ਗਿਆ ਸੀ ਜੋ ਕਿ ਡੇਢ ਲੱਖ ਲੋਕਾਂ ਦੀ ਵਿਊ ਆ ਚੁੱਕੇ ਹਨ। ਪਹਿਲੇ ਦਿਨ ਹੀ ਪੰਜਾਹ ਹਜ਼ਾਰ ਤੋਂ ਵੀ ਵੱਧ ਲੋਕਾਂ ਨੇ ਇਸ ਗੀਤ ਵੀਡੀਓ ਦੇਖ ਕੇ ਆਨੰਦ ਮਾਣਿਆ। ਤੁਸੀਂ ਇਸ ਗੀਤ ਦੀ ਵੀਡੀਓ ਦਿਲ ਤੇ ਜਾਨ (ਸਿੰਗਰ ਆਰਡੀ) ਦੇ ਨਾਂ ਹੇਠ ਲਿੰਕ ਖੋਲ੍ਹ ਯੂ. ਟਿਊਬ ਤੇ ਵੇਖ ਸਕਦੇ ਹੋ। ਮੈਂ ਸਾਰੇ ਦੋਸਤਾਂ ਸਰੋਤਿਆਂ ਦਾ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਮੇਰੀ ਕਲਮ ਨੂੰ ਹੱਲਾਸ਼ੇਰੀ ਤੇ ਮਾਣ ਬਖਸ਼ਿਆ ਤੇ ਸਦਾ ਰਿਣੀ ਰਹਾਂਗਾ।

**– ਦੇਵ ਘੋਲੀਆ ਖੁਰਦ**
559-232-7764

## ਆਤਮ ਹੱਤਿਆ ਲਈ ਮਜਬੂਰ ਕਰਨ ਵਾਲੇ ਤਿੰਨੇ ਦੋਸ਼ੀ ਔਰਤ ਡਾਕਟਰ ਫਰਾਰ

**ਮੁੰਬਈ–** ਮਹਾਂਨਗਰ ਦੇ ਪ੍ਰਸਿੱਧ ਨਾਇਰ ਹਸਪਤਾਲ ਦੀ ਡਾਕਟਰ ਪਾਇਲ ਤੜਵੀ ਦੀ ਆਤਮ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਤਿੰਨੇ ਡਾਕਟਰ ਫਰਾਰ ਹਨ। ਇਹਨਾਂ ਡਾਕਟਰਾਂ 'ਤੇ ਦੋਸ਼ ਹੈ ਕਿ ਇਹਨਾਂ ਦੁਆਰਾ ਲਈ ਜਾ ਰਹੀ ਰੈਗਿੰਗ ਤੋਂ ਪ੍ਰੇਸ਼ਾਨ ਹੋ ਕੇ ਡਾ. ਤੜਵੀ ਨੇ ਆਤਮ ਹੱਤਿਆ ਕੀਤੀ। ਪੁਲਿਸ ਨੇ ਮਾਮਲੇ ਵਿਚ ਡਾ. ਹੇਮਾ ਅਹੂਜਾ, ਡਾ. ਭਕਤ ਮਹਿਰੇ ਅਤੇ ਡਾ. ਅੰਕਿਤਾ ਖੰਡੇਲਵਾਲ ਦੇ ਖਿਲਾਫ ਐਂਟ੍ਰੋਸਿਟੀ ਕਾਨੂੰਨ ਦੇ ਤਹਿਤ ਐਫ. ਆਈ. ਆਰ. ਦਰਜ ਕੀਤੀ ਹੈ। ਤਿੰਨੇ ਫਰਾਰ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿਚ ਮਹਾਂਰਾਸ਼ਟਰ ਐਸੋਸੀਏਸ਼ਨ ਆਫ ਰੈਜ਼ੀਡੈਂਟ ਡਾਕਟਰ (ਮਾਰਡ) ਨੇ ਵੀ ਦੋਸ਼ੀ ਡਾਕਟਰਾਂ ਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਹੈ।



ਦੋਸ਼ ਹੈ ਕਿ ਤਿੰਨੇ ਪ੍ਰਮੁੱਖ ਡਾਕਟਰਾਂ ਦੇ ਸ਼ੋਸ਼ਣ ਤੋਂ ਪ੍ਰੇਸ਼ਾਨ ਹੋ ਕੇ ਜਲਗਾਉਂ ਦੀ ਰਹਿਣ ਵਾਲੀ 23 ਸਾਲਾ ਤੜਵੀ ਨੇ ਫਾਂਸੀ ਲਗਾਈ। ਤੜਵੀ ਦੇ ਪਰਿਵਾਰ ਵਾਲਿਆਂ ਦੁਆਰਾ ਜਲਗਾਉਂ ਦੇ ਜ਼ਿਲ੍ਹਾ ਅਧਿਕਾਰੀ ਦਫਤਰ ਵਿਚ ਉਸਦੀ ਲਾਸ਼ ਰੱਖ ਕੇ ਦੋਸ਼ੀਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਇਸ 'ਤੇ ਪੁਲਿਸ ਨੇ ਤਿੰਨ ਔਰਤ ਡਾਕਟਰਾਂ ਦੇ ਖਿਲਾਫ ਐਫ. ਆਈ. ਆਰ. ਦਰਜ ਕੀਤੀ ਹੈ। ਤੜਵੀ ਦੀ ਮਾਂ ਅਬਿਦਾ ਨੇ ਮੀਡੀਆ ਨਾਲ ਗੱਲਬਾਤ ਵਿਚ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਬੇਟੀ ਨੂੰ ਮਿਲਣ ਆਈ ਸੀ ਤਾਂ ਉਸਨੂੰ ਤਿੰਨੇ ਡਾਕਟਰਾਂ ਨੇ ਮਿਲਣ ਨਹੀਂ ਦਿੱਤਾ। ਬੁੱਧਵਾਰ ਨੂੰ ਉਸਨੇ ਫੋਨ ਕਰਕੇ ਦੱਸਿਆ ਸੀ ਕਿ ਤਿੰਨੇ ਦੋਸ਼ੀ ਡਾਕਟਰ ਉਸਨੂੰ ਮਾਨਸਿਕ ਤੌਰ ਤੇ ਤੰਗ ਕਰ ਰਹੇ ਹਨ। ਪਰਿਵਾਰ ਵਾਲਿਆਂ ਨੇ ਤੜਵੀ ਦੇ ਵਟਸਐਪ ਗਰੁੱਪ ਚੈਟ ਨੂੰ ਸਬੂਤ ਦੇ ਤੌਰ ਤੇ ਪੁਲਿਸ ਨੂੰ ਸੌਂਪ ਦਿੱਤਾ।

### ਕਾਵਿ ਵਿਅੰਗ

## ਸੈਕੂਲਰ ਸੋਚ ਉਖਾੜੀ?

ਵੋਟਾਂ ਮੁੱਕੀਆਂ ਨਾਲੇ ਹੀ ਮੁੱਕ ਗਏ ਨੇ
ਹੁੰਦੇ ਯਾਰਾਂ 'ਚ ਜਾਭਾਂ ਦੇ ਭੇੜ ਮੀਆਂ।

ਆਈ ਖਬਰ ਨੂੰ ਬਿਨਾਂ ਹੀ ਪਰਖਣੇ ਤੋਂ
ਵੱਟਸ-ਐਪ 'ਤੇ ਦਿੰਦੇ ਸੀ ਰੇੜ੍ਹ ਮੀਆਂ।

ਪੀ. ਐਮ. ਅਹੁਦੇ ਦੀ ਝਾਕ ਵਿਚ ਲੜਨ ਵਾਲੇ
ਭਗਵੀਂ ਲਹਿਰ ਨੇ ਦਿੱਤੇ ਖਦੇੜ ਮੀਆਂ।

ਗਾਂਧੀ ਫੈਮਲੀ ਬੈਠ ਗਈ ਸਹਿਮ ਕੇ ਤੇ
ਦੇਖੋ ਸਮੇਂ ਦੇ ਕੈਸੇ ਨੇ ਗੇੜ ਮੀਆਂ।

ਰਹੇ ਬਾਲਦੇ ਨਫਰਤ ਦੀ ਅੱਗ ਪਹਿਲੋਂ
ਉਹੀ ਲਏ ਨੇ ਫੇਰ ਸਹੇੜ ਮੀਆਂ।

ਦੇਸ਼ ਵਾਸੀਆਂ ਆਪਣੇ ਆਪ ਦੇਖੋ
ਸੋਚ ਸੈਕੂਲਰ ਲਈ ਉਖੇੜ ਮੀਆਂ!



**ਤਰਲੋਚਨ ਸਿੰਘ ਦੁਪਾਲਪੁਰ**
001-408-915-1268

## ਅੱਜ ਮੈਂ ਉਦਾਸ ਹਾਂ

ਅੱਜ ਮੈਂ ਉਦਾਸ ਹਾਂ ਪਰ ਇਸ ਲਈ ਨਹੀਂ ਕਿ ਅਸੀਂ ਹਾਰ ਗਏ ਸਗੋਂ ਇਸ ਲਈ ਕਿ ਅੱਜ ਜਮਹੂਰੀਅਤ ਹਾਰ ਗਈ ਹੈ, ਲੋਕ ਹਾਰ ਗਏ, ਪੰਜਾਬ ਹਾਰ ਗਿਆ, ਜਜ਼ਬਾਤ ਹਾਰ ਗਏ ਲ ਮੁਤਸਵੀ ਤਾਕਤਾਂ ਦੀ ਬੁਣੀ ਵਿਉਂਤਬੰਦੀ ਇੰਨੀ ਮਜਬੂਤ ਅਤੇ ਗੁੰਝਲਦਾਰ ਹੈ ਕਿ ਸਭ ਜਾਣਦੇ ਹੋਏ ਵੀ ਕੋਈ ਰਾਜਨੀਤਕ ਦਲ ਖੁੱਲ ਕਿ ਨਹੀਂ ਆਖ ਸਕਦਾ ਕਿ ਅੱਜ ਸਰਕਾਰ ਲੋਕਾਂ ਨੇ ਨਹੀਂ ਸਗੋਂ ਈ.ਵੀ.ਐਮ ਨੇ ਚੁਣੀ ਹੈ। ਪੰਜਾਬ ਅੰਦਰ ਜੋ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਆਗੂਆਂ ਨਾਲ ਬੀਤੀ ਉਹ ਤੁਸੀਂ ਜਾਣਦੇ ਹੋ, ਪਰ ਇਸ ਦੇਸ਼ ਦੀਆਂ ਰਾਸ਼ਟਰੀ ਪਾਰਟੀਆਂ ਅਖਵਾਉਣ ਵਾਲੀਆਂ ਧਿਰਾਂ ਨੂੰ ਹਰਾਕੇ ਉਨਾਂ ਦੇ ਮੂੰਹ ਕਿਵੇਂ ਬੰਦ ਕੀਤੇ ਗਏ ਹਨ ਆਓ ਵੇਖਦੇ ਹਾਂ:- ਕਾਂਗਰਸ 53 ਸੀਟਾਂ ਤੋਂ ਜਿੱਤੀ ਹੈ ਪਰ ਕਾਂਗਰਸ ਦਾ ਪ੍ਰਧਾਨ ਰਾਹੁਲ ਗਾਂਧੀ ਹਾਰ ਗਿਆ।

ਦਿੱਲੀ ਵਿੱਚ ਬਹੁਮੱਤ ਨਾਲ ਸਰਕਾਰ ਚਲਾ ਰਹੀ ਆਪ ਬੁਰੀ ਤਰਾਂ ਹਰਾਈ ਗਈ ਪਰ ਪੰਜਾਬ ਵਿੱਚ ਭਗਵੰਤ ਮਾਨ ਜਿੱਤ ਗਿਆ।

CPI ਨੂੰ 2 ਸੀਟਾਂ ਮਿਲੀਆਂ ਨੇ ਪਰ CPI ਦਾ ਪ੍ਰਮੁੱਖ ਚਿਹਰਾ ਕਨ੍ਹੱਈਆ ਕੁਮਾਰ ਹਾਰ ਗਿਆ।

ਹੁਣ ਇਹ ਉਹ ਧਿਰਾਂ ਨੇ ਜਿਹੜੀਆਂ ਨਾਂ ਈ.ਵੀ.ਐਮ ਦੇ ਹੱਕ ਵਿੱਚ ਬੋਲ ਸਕਦੀਆਂ ਹਨ ਨਾਂ ਵਿਰੋਧ ਵਿੱਚ, ਇਨਾਂ ਨੂੰ ਅੱਧ ਜਿੱਤਿਆ ਕਰਕੇ ਮੂੰਹ ਨੂੰ ਜਿੰਦਰੇ ਮਾਰ ਦਿੱਤੇ ਗਏ ਹਨ ਇਹੀ ਹੈ ਹਿੰਦੂ ਰਾਸ਼ਟਰ ਦੀ ਵਿਉਂਤਬੰਦੀ ਜੋ ਸਾਡੇ ਅਵੇਸਲੇ ਸਮਾਜ ਨੂੰ ਸਮਝ ਨਹੀਂ ਆ ਰਹੀ।

ਰੱਬ ਖੈਰ ਕਰੇ ਕਾਲੇ ਦੌਰ ਦਾ ਆਗਾਜ਼ ਅੱਜ ਬੜੀ ਸ਼ਾਨੋ ਸ਼ੌਕਤ ਨਾਲ ਹੋਇਆ ਹੈ।

ਇਹ ਸ਼ਬਦ ਮੇਰੇ ਨਹੀ..ਪਰ ਇਕ ਸਵਾਲ ਆ ਕੀ ਸਚ ਮੁਚ ਜਮਹੂਰੀਅਤ ਹਾਰ ਗਈ।

**– ਕਿਰਨਪ੍ਰੀਤ ਕੌਰ**

### ਮਿੰਨੀ ਕਹਾਣੀ

## ਡੰਗ

ਝੋਨੇ ਨੂੰ ਪਾਣੀ ਲਗਾ ਰਹੇ ਗੁਰਜੀਤ ਸਿੰਘ ਦੇ ਜ਼ਹਿਰੀਲੇ ਸੱਪ ਨੇ ਡੰਗ ਮਾਰ ਦਿੱਤਾ। ਗੁਰਜੀਤ ਸਿੰਘ ਦਾ ਚੀਕ-ਚਿਹਾੜਾ ਸੁਣ ਕੇ ਲਾਗਲੇ ਖੇਤਾਂ ਵਾਲੇ ਗੁਰਜੀਤ ਸਿੰਘ ਨੂੰ ਚੁੱਕ ਕੇ ਹਸਪਤਾਲ ਲੈ ਗਏ। ਗੁਰਜੀਤ ਸਿੰਘ ਦੀ ਜਾਨ ਤਾਂ ਬੱਚ ਗਈ ਤੀਜੇ-ਚੋਥੇ ਦਿਨ ਉਸ ਨੂੰ ਹਸਪਤਾਲੋਂ ਛੁੱਟੀ ਵੀ ਮਿਲ ਗਈ, ਚੰਗੇ ਸੁਭਾਅ ਦਾ ਹੋਣ ਕਰਕੇ ਗੁਰਜੀਤ ਸਿੰਘ ਦੀ ਖਬਰਸਾਰ ਲੈਣ ਸਾਰਾ ਪਿੰਡ ਹੀ ਆਇਆ। ਬਹਾਨੇ ਨਾਲ ਗੁਰਜੀਤ ਸਿੰਘ ਦਾ ਸ਼ਰੀਕ ਨਰਿੰਦਰ ਸਿਉਂ ਵੀ ਆ ਧਮਕਿਆ। ਉਪਰੋਂ-ਉਪਰੋਂ ਗੁਰਜੀਤ ਸਿੰਘ ਦਾ ਹਾਲ-ਚਾਲ ਪੁੱਛਣ ਤੋਂ ਬਾਅਦ ਨਰਿੰਦਰ ਸਿਉਂ ਆਲਾ-ਦੁਆਲਾ ਦੇਖ ਕੇ ਹੌਲੀ ਜੇਹੇ ਬੋਲਿਆ, "ਗੁਰਜੀਤ ਸਿਆਂ, ਤੂੰ ਤਾਂ ਸਾਰਾ ਦਿਨ ਘਰੇ ਡੰਗਰਾਂ ਨਾਲ ਡੰਗਰ ਹੋਇਆ ਰਹਿਨਾਂ ਤੇ ਬਾਹਰ ਖੇਤਾਂ 'ਚ ਮਿੱਟੀ ਨਾਲ ਮਿੱਟੀ ਤੇ ਤੇਰਾ ਭਰਾ ਸੁਰਜੀਤ ਨਸ਼ਾ ਖਾ ਕੇ ਸਾਰਾ ਦਿਨ ਗਲੀਆਂ 'ਚ ਘੁੰਮਦਾ ਰਹਿੰਦਾ, ਛੱਡ ਪਰਾਂ ਤੂੰ ਵੀ ਕੰਮਾਂ ਨੂੰ ਤੇ ਲਾਣੇਦਾਰੀ ਨੂੰ, ਜਿੱਥੇ ਓਹਦਾ ਸਰਦਾ ਓਥੇ ਤੇਰਾ ਵੀ ਸਰਜੂ।" ਏਨਾ ਕਹਿ ਕੇ ਨਰਿੰਦਰ ਆਪਣੇ ਘਰ ਵੱਲ ਨੂੰ ਚਲਾ ਗਿਆ।



**ਤਸਵਿੰਦਰ ਸਿੰਘ ਬੜੈਚ**
91-98763-22677

## ਰੁਮਾਂਸ ਤੇ ਕਾਮੇਡੀ ਭਰਪੂਰ ਫ਼ਿਲਮ 'ਮੁੰਡਾ ਫ਼ਰੀਦਕੋਟੀਆ' ਨਾਲ ਮੁੜ ਸਰਗਰਮ ਹੈ ਰੌਸ਼ਨ ਪ੍ਰਿੰਸ

ਗਾਇਕੀ ਤੋਂ ਫ਼ਿਲਮਾਂ ਵੱਲ ਆਇਆ ਰੌਸ਼ਨ ਪ੍ਰਿੰਸ ਗਾਇਕੀ ਦੇ ਨਾਲ ਨਾਲ ਫ਼ਿਲਮਾਂ ਵੱਲ ਵੀ ਸਰਗਰਮ ਹੈ। ਉਸ ਦੀਆ ਮੁੱਢਲੀਆਂ ਫ਼ਿਲਮਾਂ ਨੇ ਉਸ ਨੂੰ ਪੰਜਾਬੀ ਸਿਨਮੇ ਨਾਲ ਪੱਕੇ ਪੈਰੀਂ ਜੋੜ ਦਿੱਤਾ। ਉਸ ਦੀਆਂ ਸਰਗਰਮੀਆਂ ਵੇਖਦਿਆਂ ਕਹਿ ਸਕਦੇ ਹਾਂ ਕਿ ਧੜਾਧੜ ਫ਼ਿਲਮਾਂ ਕਰਨ ਦੀ ਦੌੜ ਨੇ ਉਸਦੇ ਦਰਸ਼ਕਾਂ ਨੂੰ ਨਿਰਾਸ਼ ਵੀ ਕੀਤਾ ਹੈ। ਗਾਇਕੀ ਦੇ ਨਾਲ ਨਾਲ ਪ੍ਰਮਾਤਮਾ ਨੇ ਅਦਾਕਾਰੀ ਦੇ ਗੁਣ ਵੀ ਬਖ਼ਸ਼ੇ ਹਨ ਪਰ ਉਸ ਨੂੰ ਆਪਣੀਆਂ ਫ਼ਿਲਮਾਂ ਦੀ ਚੋਣ ਕਰਨ ਸਮੇਂ ਕਹਾਣੀ ਵੱਲ ਧਿਆਨ ਦੇਣ ਦੀ ਲੋੜ ਹੈ ਪਰ ਰੌਸ਼ਨ ਦੀ ਆ ਰਹੀ ਫ਼ਿਲਮ 'ਮੁੰਡਾ ਫ਼ਰੀਦਕੋਟੀਆ' ਹੁਣ ਦਰਸ਼ਕਾਂ ਨੂੰ ਨਾਰਾਜ਼ ਨਹੀਂ ਕਰੇਗੀ ਬੀਤੇ ਦਿਨੀਂ ਰਿਲੀਜ਼ ਟਰੇਲਰ ਤੋਂ ਇਹ ਗੱਲ ਸਾਫ਼ ਜ਼ਾਹਿਰ ਹੁੰਦੀ ਹੈ।






ਦਲਮੋਰਾ ਫ਼ਿਲਮਜ਼ ਦੇ ਬੈਨਰ ਹੇਠ 14 ਜੂਨ ਨੂੰ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਦੇ ਨਿਰਮਾਤਾ ਦਲਜੀਤ ਸਿੰਘ ਬਿੰਦ ਤੇ ਮੌਂਟੀ ਸਿੱਕਾ ਹਨ। ਇਸ ਫ਼ਿਲਮ ਦਾ ਨਿਰਦੇਸ਼ਨ ਮਨਦੀਪ ਸਿੰਘ ਚਾਹਲ ਕਰ ਰਹੇ ਹਨ। ਰੌਸ਼ਨ ਪ੍ਰਿੰਸ ਨੂੰ ਮੁੱਖ ਰੱਖ ਕੇ ਬਣਾਈ ਇਹ ਫ਼ਿਲਮ ਰੁਮਾਂਟਿਕ ਤੇ ਕਾਮੇਡੀ ਭਰਪੂਰ ਪਰਿਵਾਰਕ ਡਰਾਮਾ ਹੈ। ਫ਼ਿਲਮ ਦੀ ਕਹਾਣੀ ਮੌਜੂਦਾ ਸਿਨਮੇ ਤੋਂ ਬਹੁਤ ਹਟਕੇ ਹੈ ਜਿਸ ਵਿੱਚ ਪਿਆਰ ਮੁਹੱਬਤ ਦੇ ਰੰਗਾਂ ਦੇ ਨਾਲ ਨਾਲ ਭਾਰਤ ਪਾਕਿਸਤਾਨ ਦੇ ਰਿਸ਼ਤਿਆਂ ਨੂੰ ਵੀ ਪਰਦੇ 'ਤੇ ਵਿਖਾਇਆ ਜਾਵੇਗਾ। ਇਸ ਫ਼ਿਲਮ ਦੀ ਕਹਾਣੀ ਇੱਕ ਐਸੇ ਨੌਜਵਾਨ ਦੀ ਹੈ ਜੋ ਗਲਤੀ ਨਾਲ ਭਾਰਤ ਦੀ ਸੀਮਾ ਪਾਰ ਕਰਕੇ ਪਾਕਿਸਤਾਨ ਇਲਾਕੇ ਵਿੱਚ ਚਲਾ ਜਾਂਦਾ ਹੈ। ਉਸ ਨੂੰ ਵਾਪਸ ਆਪਣੇ ਇਲਾਕੇ ਵਿੱਚ ਆਉਣ ਲਈ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਉਹ ਆਪਣੇ ਮੁਲਕ ਦੀ ਧਰਤੀ 'ਤੇ ਵਾਪਸ ਆਉਂਦਾ ਹੈ? ਆਖਿਰ ਫਰੀਦਕੋਟੀਏ ਮੁੰਡੇ ਨਾਲ ਪਾਕਿਸਤਾਨ ਦੀ ਧਰਤੀ 'ਤੇ ਕੀ ਬੀਤਦੀ ਹੈ ਇਹ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ।

ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਅੰਜਲੀ ਖੁਰਾਨਾ ਨੇ ਲਿਖਿਆ ਹੈ ਤੇ ਡਾਇਲਾਗ ਰਵਿੰਦਰ ਮੰਡ, ਪ੍ਰਵੀਨ ਕੁਮਾਰ, ਜਗਦੀਪ ਜੈਦੀ ਤੇ ਅੰਜਲੀ ਖੁਰਾਨਾ ਨੇ ਲਿਖੇ ਹਨ। ਫ਼ਿਲਮ ਦੇ ਨਿਰਮਾਤਾ ਦਲਜੀਤ ਸਿੰਘ ਬਿੰਦ ਨੇ ਜਾਣਕਾਰੀ ਦਿੰਦੇ ਕਿਹਾ ਕਿ 'ਮੁੰਡਾ ਫਰੀਦਕੋਟੀਆ' ਅਗਾਮੀ 14 ਜੂਨ 2019 ਨੂੰ ਪੀਟੀਸੀ ਮੋਸ਼ਨ ਪਿਕਚਰਜ਼ ਅਤੇ ਗਲੋਬ ਮੂਵੀਜ਼ ਵੱਲੋਂ ਵਰਲਡ ਵਾਈਡ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ , ਸ਼ਰਨ ਕੌਰ, ਕਰਮਜੀਤ ਅਨਮੋਲ, ਬੀ ਐਨ ਸ਼ਰਮਾ, ਹੌਬੀ ਧਾਲੀਵਾਲ, ਮੁਕੁਲ ਦੇਵ, ਰੁਪਿੰਦਰ ਰੂਪੀ, ਨਵਦੀਪ ਬੰਗਾ, ਜਤਿੰਦਰ ਕੌਰ, ਰੋਜ਼ੀ ਕੌਰ, ਡੀ ਪੀ ਸਿੰਘ, ਸੁਮਿਤ ਗੁਲਾਟੀ, ਪੂਨਮ ਸੂਦ, ਅਮ੍ਰਿਤ ਕੌਰ, ਗੁਰਮੀਤ ਸਾਜਨ, ਇੰਦਰ ਬਾਜਵਾ, ਅਮਰਜੀਤ ਸਰਾਂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਫ਼ਿਲਮ ਦਾ ਸੰਗੀਤ ਜੈ ਦੇਵ ਕੁਮਾਰ ਤੇ ਗੁਰਮੀਤ ਸਿੰਘ ਵਲੋਂ ਤਿਆਰ ਕੀਤਾ ਗਿਆ ਹੈ। ਦਵਿੰਦਰ ਖੰਨੇ ਵਾਲਾ, ਜੱਗੀ ਸਿੰਘ ਰੌਸ਼ਨ ਪ੍ਰਿੰਸ ਤੇ ਅੰਜਲੀ ਖੁਰਾਨਾ ਦੇ ਲਿਖੇ ਗੀਤਾਂ ਨੂੰ ਰੌਸ਼ਨ ਪ੍ਰਿੰਸ, ਮੰਨਤ ਨੂਰ, ਸ਼ੌਕਤ ਅਲੀ ਮਾਟੀਓ ਤੇ ਸਰਦਾਰ ਅਲੀ ਨੇ ਗਾਇਆ ਹੈ। ਯਕੀਨਨ ਇਹ ਫ਼ਿਲਮ ਰੌਸ਼ਨ ਪ੍ਰਿੰਸ ਦਾ ਸਿਤਾਰਾ ਜ਼ਰੂਰ ਰੁਸ਼ਨਾਏਗੀ।

**– ਹਰਜਿੰਦਰ ਸਿੰਘ (91-94638 28000)**




DO YOU HAVE $3,000? If yes, we can help you buy your own home today using a down-payment assistance loan program.

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




4 Bedrooms, 2.5 Bathrooms, Sq Ft: 1596
Lot Size: 6,098,
Listing Price: 279,900
Sacramento, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




4 Bedrooms, 3.5 Bathrooms,
Sq Ft: 2,612, Lot Size: 8,425,
Listing Price: 619,000
Tracy, CA




Auto Repair & Lube Shop
Lot Size: 2000, Rent is ONLY
$1500/mo.
Listing Price: $139,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




5 Bedrooms, 2.5 Bathrooms,
Sq Ft: 2,504, Lot Size: 6,574,
Listing Price $399,000
Sacramento, CA




5 Bedrooms, 3 Bathrooms,
Sq Ft: 2.045, Lot Size: 5,284,
Listing Price $419,000
Elk Grove, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA




BERKSHIRE HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

OFFICE: 7412 ELSIE AVE., SACRAMENTO, CA 95828

DESI SWAG ENTERTAINMENT

# DESI SWAG ENTERTAINMENT

DESI SWAG ENTERTAINMENT

## PRESENTING

One more artist to surprise the show




# THE SWAG LIVE CONCERT

# SATURDAY JUNE 15, 2019




LUTHER BURBANK HIGH SCHOOL
3500 FLORIN RD.,
SACRMAENTO, CA 95823

DOORS OPEN AT 5:30 pm / SHOW STARTS AT 6 PM / TICKETS: $ 35, $ 65, $ 100, VIP & VVIP
TICKETS AVAILABLE AT WWW.SULEKHA.COM & AT THE WINDOW (CASH ONLY)







DOORS OPEN AT 5:30 pm / SHOW STARTS AT 6 PM / TICKETS: $ 35, $ 65, $ 100, VIP & VVIP
TICKETS AVAILABLE AT WWW.SULEKHA.COM & AT THE WINDOW (CASH ONLY)

- Dhira Nijjer 916-416-9527 (Camp Logistic)
- Harbhajan Aujla 530-312-2698 (West Truck & Trailer West Sac)
- Davinder 916-686-6713 (US Transport Inc.)
- Gurmukh Sandhu / Sodhi Dhindsa (Link Truck & Trailer) 916-685-0359
- Santokh S Judge 925-487-4679 Sansar Restaurant
- Harry Sangha (ABC Liquor)
- Ranveer Nijjer 916-869-0290 (NTL Logistic)
- Guri Kang (K2 International)
- Jessie Sangha (power Mart)
- Rajinder Sekhon (C&A logistics)
- Gakhai Brothers
- Harnek Singh 530-682-8094 (Star of India Yuba City)
- Northwest Freightway
- Sukhi Sekhon (Ron Truck Wash)
- Avatar Chatha (Mission Truck Modesto)
- Sukhchain Gill (Sunrise)

## ◆ DESI SWAG TEAM:



HARPINDER SAHOTA (916) 588-5766
MANINDER PAWAR (916) 388-4704
HARINDER SAHI (916) 595-5070
JATINDER GILL (916) 397-9942

(DESISWAGUSA@GMAIL.COM)